
ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

5-11 ਜੁਲਾਈ 2023

ਸਾਲ 14ਵਾਂ - ਅੰਕ 28
email : info@sadelok.com
Ph. : 510-706-1300
Fax : 925-373-1300

## ਦੁਨੀਆ ਦੇ ਮਹਾਨ ਕਬੱਡੀ ਖਿਡਾਰੀ ਹਾਸੁਸ ਸ਼ਾਵੇਜ਼ ਦੀ ਦਿਲ ਦੀ ਧੜਕਣ ਬੰਦ ਹੋਣ ਨਾਲ ਮੌਤ, ਕਬੱਡੀ ਜਗਤ 'ਚ ਹਾਹਾਕਾਰ



(ਦੇਖੋ ਸਫ਼ਾ 35 'ਤੇ)

## ਸ੍ਰ. ਬਲਬੀਰ ਸਿੰਘ ਰਾਗੀ ਦੀ ਨਵੀਂ ਕਿਤਾਬ The Unspoken Heart



(ਦੇਖੋ ਸਫ਼ਾ 27 'ਤੇ)

# ਪਾਕਿਸਤਾਨ 'ਚ ਬੇਖੌਫ ਕੱਟੜਵਾਦੀਆਂ ਨੇ ਗੁਰਦੁਆਰੇ 'ਚ ਕਰਵਾਇਆ ਕੀਰਤਨ ਬੰਦ

**ਪਾਠੀਆਂ ਅਤੇ ਰਾਗੀਆਂ ਨਾਲ ਦੁਰਵਿਹਾਰ, ਪੂਰੀ ਦੁਨੀਆ ਦੇ ਸਿੱਖਾਂ ਵਲੋਂ ਨਿੰਦਾ, ਦੋਸ਼ੀਆ ਖਿਲਾਫ ਕਾਰਵਾਈ ਦੀ ਮੰਗ**





(ਦੇਖੋ ਸਫ਼ਾ 32 'ਤੇ)

## SB-403 ਬਿੱਲ 11-0 ਨਾਲ ਪਾਸ

## ਅਸੀਂ ਹਰ ਹਾਲਤ 'ਚ ਵਿਦੇਸ਼ਾਂ 'ਚ ਜਾਤਪਾਤ ਦੀ ਕੈਂਸਰ ਨੂੰ ਰੋਕਣ ਦਾ ਯਤਨ ਕਰਾਂਗੇ : ਸ਼੍ਰੀ ਰਾਮ ਮੂਰਤੀ ਸਰੋਆ






ਫਰੀਮਾਂਟ/ਕੈਲੀਫੋਰਨੀਆ : ਅਮਰੀਕਾ ਦੇ ਉਘੇ ਸਿੱਖ ਆਗੂ ਚੇਅਰਮੈਨ ਡਾਕਟਰ ਅੰਬੇਦਕਰ ਐਜੂਕੇਸ਼ਨ ਏਡ ਸੁਸਾਇਟੀ ਸੀਨੀਅਰ ਸੁਪਰੀਮ ਕੌਂਸਲ ਮੈਂਬਰ ਸ਼੍ਰੀ ਗੁਰੂ ਰਵੀਦਾਸ ਸਭਾ ਅਮਰੀਕਾ ਅਤੇ ਸਾਬਕਾ ਚੇਅਰਮੈਨ ਸ਼੍ਰੀ ਗੁਰੂ ਰਵੀਦਾਸ ਸਭਾ ਬੇਏਰੀਆ ਕੈਲੀਫੋਰਨੀਆ ਨੇ 'ਸਾਡੇ ਲੋਕ' ਅਖਬਾਰ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਅਸੀਂ ਹਰ ਹਾਲਤ 'ਚ ਵਿਦੇਸ਼ਾ 'ਚ ਜਾਤਪਾਤ ਦੀ ਕੈਂਸਰ ਨੂੰ ਰੋਕਣ ਦਾ ਯਤਨ ਕਰਾਂਗੇ ਅਤੇ ਇਸ ਵਾਸਤੇ ਬਿੱਲ 403 ਦੀ ਹਮਾਇਤ ਕਰਨੀ ਅਤੀ ਜ਼ਰੂਰੀ ਹੈ ਉਨ੍ਹਾਂ ਕਿਹਾ ਜਿਨ੍ਹਾਂ-ਜਿਨ੍ਹਾਂ ਕਾਰਨਾਂ ਕਰਕੇ ਭਾਰਤ 'ਚ ਸਦੀਆਂ ਤੋਂ ਉਥੇ ਦੇ ਅਸਲੀ ਵਾਰਿਸਾਂ ਦਾ ਸੋਸ਼ਣ ਕੀਤਾ ਜਾ ਰਿਹਾ ਹੈ ਉਹੀ ਲੋਕ ਹੁਣ ਵਿਦੇਸ਼ਾਂ 'ਚ ਉਸ ਜਾਤੀ-ਪਾਤੀ ਵਰਣ ਵਿਵਸਥਾ ਨੂੰ ਅਮਰੀਕਾ

**SB-403 ਬਿੱਲ 11-0 ਨਾਲ ਪਾਸ ਹੋਣ 'ਤੇ ਲੱਖ-ਲੱਖ ਵਧਾਈਆਂ**

(ਦੇਖੋ ਸਫ਼ਾ 33 'ਤੇ)

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਹੋਏ ਹਮਲੇ ਦੀ ਯਾਦ 'ਚ ਸ਼੍ਰੋਮਣੀ ਕਮੇਟੀ ਵੱਲੋਂ ਕਰਵਾਇਆ ਸਮਾਗਮ

*ਸੰਗਤ ਨੂੰ ਘਟਨਾ ਦੇ ਇਤਿਹਾਸ ਬਾਰੇ ਦਿੱਤੀ ਜਾਣਕਾਰੀ*





(ਦੇਖੋ ਸਫ਼ਾ 18 'ਤੇ)

## ਭਾਰਤੀ ਦੂਤਘਰ ਸਨ ਫਰਾਂਸਿਸਕੋ ਕੈਲੀਫੋਰਨੀਆ ਨੂੰ ਅੱਧੀ ਰਾਤ ਵੇਲੇ ਅਣਪਛਾਤੇ ਲੋਕਾਂ ਨੇ ਲਾਈ ਅੱਗ

**ਅਮਰੀਕਾ ਸਟੇਟ ਡਿਪਾਰਟਮੈਂਟ ਵਲੋਂ ਹਮਲੇ ਦੀ ਸਖ਼ਤ ਨਿੰਦਾ, ਕਾਰਵਾਈ ਦਾ ਭਰੋਸਾ**





ਸਨਫਰਾਂਸਿਸਕੋ/ਕੈਲੀਫੋਰਨੀਆ : ਭਾਰਤੀ ਦੂਤਾਵਾਸ ਸਨ ਫਰਾਂਸਿਸਕੋ ਨੂੰ ਅੱਧੀ ਰਾਤ ਨੂੰ ਅਣਪਛਾਤੇ ਲੋਕਾਂ ਨੇ ਲਾਈ ਅੱਗ ਕਾਰਨ ਅੰਦਰ ਰਹਿ ਰਹੇ ਲੋਕ ਵਾਲ ਵਾਲ ਬਚੇ। ਇਸ ਪ੍ਰਤੀ ਅਮਰੀਕਾ ਸਟੇਟ ਡਿਪਾਰਟਮੈਂਟ ਵਲੋਂ ਇਸ ਕਾਰਵਾਈ ਦੀ ਸਖਤ ਨਿੰਦਾ ਕੀਤੀ ਹੈ ਅਤੇ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਹੈ।

ਅਮਰੀਕਾ ਦੇ ਸਨ ਫਰਾਂਸਿਸਕੋ ਸਥਿਤ ਭਾਰਤੀ ਦੂਤਘਰ ਵਿਚ ਭੰਨਤੋੜ ਅਤੇ ਅਗਜ਼ਨੀ ਦੀ ਕੋਸ਼ਿਸ਼ ਦੀ ਸਖ਼ਤ ਨਿਖੇਧੀ ਕਰਦਿਆਂ ਇਸ ਨੂੰ ਅਪਰਾਧਿਕ ਕਾਰਵਾਈ ਕਰਾਰ ਦਿੱਤਾ ਹੈ।

ਖਾਲਿਸਤਾਨ ਸਮਰਥਕਾਂ ਨੇ 2 ਜੁਲਾਈ, 2023 ਨੂੰ ਟਵਿੱਟਰ 'ਤੇ ਇੱਕ ਵੀਡੀਓ ਸਾਂਝਾ ਕੀਤਾ, ਜਿਸ ਵਿੱਚ ਉਹ ਸਨ ਫਰਾਂਸਿਸਕੋ ਵਿੱਚ ਭਾਰਤੀ ਕੌਂਸਲੇਟ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕਰਦੇ ਹੋਏ ਦੇਖੇ ਜਾ ਸਕਦੇ ਹਨ। ਵੀਡੀਓ ਵਿੱਚ 'ਹਿੰਸਾ ਨਾਲ ਹਿੰਸਾ ਦਾ ਜਨਮ ਹੁੰਦਾ ਹੈ' ਵਰਗੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਇਸ ਵਿੱਚ ਕੈਨੇਡਾ ਸਥਿਤ 'ਖਾਲਿਸਤਾਨ ਟਾਈਗਰ ਫੋਰਸ' (ਕੇਟੀਐਫ) ਦੇ ਮੁਖੀ ਹਰਦੀਪ ਸਿੰਘ ਨਿੱਝਰ ਦੀ ਮੌਤ ਨਾਲ ਸਬੰਧਤ ਖ਼ਬਰ ਵੀ ਦਿਖਾਈ ਗਈ। ਭਾਈ ਨਿੱਝਰ ਨੂੰ ਪਿਛਲੇ ਮਹੀਨੇ ਕੈਨੇਡਾ ਦੇ

(ਦੇਖੋ ਸਫ਼ਾ 32 'ਤੇ)

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਯੋਗ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes in :
- USA Immigration
- Citizenship
- Green Card
- Deportation Defense
- PoliticalAsylum
- Detentaion Cases
- Artists
- Singers P3 Visas
- Priest R1 Visas
- Investors EB 5 Visas
- L1 Business Visas
- Family Law
- Criminal Defense Cases
44808 S. Grimmer Blvd.# 208 Fremont, CA 94538 Tel : 510-657-6444
2951 W. Capitol Ave. W. Sacramento CA 95691
4491 West Shaw Ave.#131 Fresno, CA 93711 Tel : 559-271-5511
37-1873 Street Suite #401, Jackson Heights NY 11372 Tel : 718-533-844

Khalsa Affairs
ਖਾਲਸਾ ਅਫੇਅਰਜ਼ ਚੈਨਲ 'ਤੇ ਇਸ਼ਤਿਹਾਰ ਦੇਣ ਜਾਂ ਲਾਈਵ ਕਵਰੇਜ਼ ਲਈ ਸੰਪਰਕ ਕਰੋ
www.khalsaaffairs.com
info@khalsaaffairs.com
(925) 243-1300

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities (Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories
PERM
Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas
Other Immigrantion Services
- Citizenship
- e-Verify, 1-9 and
- Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
- ਪੌਲੀਟੀਕਲ ਅਸਾਈਲਮ • ਡਿਪੋਰਟੇਸ਼ਨ ਡਿਫੈਂਸ
- BIA ਅਪੀਲ • 9 Circuit ਅਪੀਲ
- ਸਿਟੀਜਨਸ਼ਿਪ • ਗਰੀਨਕਾਰਡ
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
ਸ. ਹਰਮਿੰਦਰ ਸਿੰਘ ਸਮਾਣਾ
ਆਫਿਸ ਮੈਨੇਜਰ 209-481-7750
Law office of Anthony Nwosu
239 West Yosemite Ave Manteca CA 95336 ਸਾਡਾ ਆਫ਼ਿਸ Oakland ਅਤੇ Sacramento ਵਿਚ ਵੀ ਹੈ
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
PH: 209-624-3919
Anthony Nwosu
Attorney at Law
510-788-4558

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਸੈਂਟਰਲ ਕੈਲੀਫੋਰਨੀਆ ਇਲਾਕਾ ਫਰਿਜ਼ਨੋ ਦੇ 14 ਗੁਰੂ ਘਰਾਂ ਵੱਲੋਂ ਸਿੱਖ ਏਕਤਾ ਲਈ ਇਤਿਹਾਸਕ ਪਹਿਲ





ਫਰਿਜਨੋ/ਕੈਲੀਫੋਰਨੀਆ (ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ) : ਸੈਂਟਰਲ ਕੈਲੀਫੋਰਨੀਆ ਇਲਾਕਾ ਫਰਿਜ਼ਨੋ ਦੀਆਂ ਸਾਧਾਰਨ ਸੰਗਤਾਂ ਵਲੋਂ ਸਮੁੱਚੇ ਸਿੱਖਾਂ ਦੀ ਏਕਤਾ ਦੇ ਮਿਸ਼ਨ ਇੱਕ ਪੰਥ ਇਕ ਸੋਚ ਲਈ ਪਿਛਲੇ 8 ਵਰ੍ਹੇ ਤੋਂ ਕੀਤੇ ਜਾ ਰਹੇ ਯਤਨਾਂ ਨੂੰ ਉਸ ਵੇਲੇ ਵੱਡਾ ਹੁੰਗਾਰਾ ਮਿਲਿਆ ਜਦੋਂ ਏਕੇ ਨੂੰ ਸਮਰਪਿਤ ਪ੍ਰੋਗਰਾਮ ਆਤਮਰਸ ਕੀਰਤਨ ਦਰਬਾਰ 24 ਜੂਨ ਦਿਨ ਸ਼ਨੀਵਾਰ ਸ਼ਾਮ 5:00 ਵਜੇ ਤੋਂ 9:00 ਵਜੇ ਵਿੱਚ ਵੱਖ-ਵੱਖ ਵਿਚਾਰਧਾਰਾ ਜਾਂ ਮਰਿਯਾਦਾ ਵਿੱਚ ਵੰਡੇ ਕਹੇ ਜਾਣ ਵਾਲੇ ਗੁਰੂਘਰਾਂ ਦੇ ਰਾਗੀ ਢਾਡੀ ਵੀਰਾਂ ਨੇ ਇੱਕ ਥਾਂ ਇਕੱਤਰ ਹੋ ਕੇ ਆਪ ਸਿੱਖ ਏਕਤਾ ਤੇ ਪਹਿਰਾ ਦੇਂਦੇ ਹੋਏ ਸੰਸਾਰ ਭਰ ਦੇ ਸਿੱਖਾਂ ਨੂੰ ਵੀ ਏਕਤਾ ਦੀ ਅਪੀਲ ਕੀਤੀ। ਸਾਧਾਰਨ ਸੰਗਤਾਂ ਵੱਲੋਂ ਚੁੱਕੇ ਇਸ ਬੀੜੇ ਦਾ ਜਿੱਥੇ ਇਲਾਕੇ ਦੇ ਸਾਰੇ ਹੀ 14 ਗੁਰੂਘਰਾਂ ਜਿਸ ਵਿੱਚ ਫਰਿਜਨੋ ਕਲੋਵਸ ਦੇ ਸਾਰੇ ਗੁਰੂ ਘਰ ਜਿਸ ਵਿੱਚ ਗੁਰਦਵਾਰਾ ਸਿੰਘ ਸਭਾ, ਗੁਰੂ ਨਾਨਕ ਪ੍ਰਕਾਸ਼, ਨਾਨਕਸਰ, ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਰੂ ਰਵਿਦਾਸ ਸਭਾ, ਗੁ.ਕਲੋਵਿਸ, ਸੈਲਮਾ ਕਲਗੀਧਰ, ਪੈਸੇਫਿਕ ਕੋਸਟ ਸਿਲਮਾ, ਸੈਲਮਾ ਗੁਰੂ ਰਵਿਦਾਸ, ਤੋਂ ਇਲਾਵਾ ਗੁ.ਸਾਹਿਬ ਕਰਦਰਜ, ਮੰਡੇਰਾ, ਕਰਮਨ, ਸਨਵਾਕੀਨ, ਪੋਰਟਰਵਿਲੈ ਆਦਿ ਗੁਰੂ ਘਰਾਂ ਨੇ ਜੱਥੇ ਭੇਜਕੇ ਜਿੱਥੇ ਆਪ ਏਕੇ ਦਾ ਸਬੂਤ ਦਿੱਤਾ, ਉੱਥੇ ਇਲਾਕੇ ਦੇ ਪੰਜਾਬੀ ਮੀਡਿਆ ਅਤੇ ਐਨਜੀਓ ਜਿਸ ਵਿੱਚ ਸਿੱਖ ਕੌਂਸਲ, ਸਿੱਖ ਵੂਮੈਨ ਆਰਗੇਨਾਈਜੇਸ਼ਨ ਆਫ਼ ਸੈਂਟਰਲ ਕੈਲੀਫੋਰਨੀਆ, ਜਕਾਰਾ ਮੂਵਮੈਂਟ, ਇੰਡੋ ਅਮੇਰੀਕਨ ਹੈਰੀਟੇਜ ਫੋਰਮ, ਜੀ.ਐਚ.ਜੀ ਅਕੈਡਮੀ, ਪੀ.ਏ.ਜੀ.ਜੀ, ਮੀਰੀ ਪੀਰੀ ਸੇਵਾ ਸੁਸਾਇਟੀ, ਪੰਜਾਬੀ ਰੇਡੀਓ ਕੇਬੀਆਈਐਫ 900 ਏਐਮ , ਇਲਾਕੇ ਦੇ ਮੀਡੀਆ ਪਰਸਨਜ਼, ਪੰਜਾਬੀ ਲੇਖਕ, ਮਾਤਾ ਗੁਜਰੀ ਅਤੇ ਸੁਖਮਨੀ ਸਾਹਿਬ ਗਰੁਪ ਵੱਲੋਂ ਇਸ ਦੀ ਸ਼ਲਾਘਾ ਕਰਦੇ ਹੋਏ ਭਰਵਾਂ ਹੁੰਗਾਰਾ ਮਿਲਿਆ ਅਤੇ ਕਿਹਾ ਕਿ ਅੱਜ ਪੂਰੇ ਸੰਸਾਰ ਦੇ ਸਿੱਖਾਂ ਨੂੰ ਸਰਬੱਤ ਦੇ ਭਲੇ ਲਈ ਇੱਕ ਹੋਣ ਦੀ ਸਖ਼ਤ ਲੋੜ ਹੈ। ਸਿੱਖ ਏਕੇ ਦੇ ਮਾਮਲੇ 'ਚ ਆਮ ਸੰਗਤਾਂ ਦਾ ਇਹ ਕਹਿਣਾ ਹੈ ਕਿ ਇਲਾਕੇ 'ਚ ਪਹਿਲੀ ਵਾਰ ਸਭ ਵੱਖ-ਵੱਖ ਵਿਚਾਰਧਾਰਾ ਨਾਲ ਸਬੰਧਿਤ ਗੁਰੂ ਘਰਾਂ ਦੇ ਜਥਿਆਂ, ਪ੍ਰਬੰਧਕਾਂ, ਪਤਵੰਤੇ ਸੱਜਣਾਂ, ਮੀਡੀਆ ਵੱਲੋਂ ਇਕੋ ਜਗ?ਹਾ ਬੈਠ ਕੇ ਪੂਰੇ ਸਿੱਖਾਂ ਦੇ ਏਕੇ ਲਈ ਅਰਦਾਸ ਬੇਨਤੀ ਕਰਨੀ ਆਪਣੇ ਆਪ 'ਚ ਇੱਕ ਇਤਿਹਾਸਿਕ ਘਟਨਾ ਹੈ। ਜੇ ਸਾਡੇ ਆਗੂ ਵੀ ਇਸ ਪਾਸੇ ਧਿਆਨ ਦੇਣ ਤਾਂ ਆਉਣ ਵਾਲੇ ਸਮੇਂ 'ਚ ਇੱਕ ਨਵਾਂ ਇਤਿਹਾਸ ਰਚਿਆ ਜਾ ਸਕਦਾ ਹੈ। ਇਲਾਕੇ ਦੀਆਂ ਸੰਗਤਾਂ ਦੀ ਬੇਨਤੀ ਮਨਜ਼ੂਰ ਕਰਦੇ ਹੋਏ ਹੁਣ ਸਿੱਖ ਏਕਤਾ ਦੀ ਇਹ ਜ਼ਿੰਮੇਵਾਰੀ ਪੰਥ ਦੇ ਵੱਡੇ ਪ੍ਰਚਾਰਕਾਂ, ਆਗੂਆਂ ਅਤੇ ਵਿਸ਼ੇਸ਼ ਕਰਕੇ ਪੰਥ ਦੇ ਜਥੇਦਾਰਾਂ ਨੂੰ ਬਿਨਾਂ ਦੇਰ ਲਗਾਏ ਚੁੱਕਣੀ ਚਾਹੀਦੀ ਹੈ।

## ਵ੍ਹਾਈਟ ਹਾਊਸ 'ਚ ਸੰਗੀਤ ਅਤੇ ਆਤਿਸ਼ਬਾਜ਼ੀ ਨਾਲ ਮਨਾਇਆ ਗਿਆ ਸੁਤੰਤਰਤਾ ਦਿਵਸ






ਵਾਸ਼ਿੰਗਟਨ : ਰਾਸ਼ਟਰਪਤੀ ਜੋਅ ਬਾਈਡੇਨ ਅਤੇ ਪਹਿਲੀ ਮਹਿਲਾ ਜਿਲ ਬਾਈਡੇਨ ਨੇ ਮੰਗਲਵਾਰ ਸ਼ਾਮ ਨੂੰ ਵਾਈਟ ਹਾਊਸ ਵਾਸ਼ਿੰਗਟਨ ਡੀ.ਸੀ ਵਿਖੇ ਫੌਜੀ ਪਰਿਵਾਰਾਂ ਦੀ ਮੇਜ਼ਬਾਨੀ ਕਰਕੇ ਰਾਜਧਾਨੀ ਵਾਸ਼ਿੰਗਟਨ ਡੀ.ਸੀ ਵਿਖੇ ਸੁਤੰਤਰਤਾ ਦਿਵਸ ਬੜੀ ਧੂਮ ਧਾਮ ਨਾਲ ਮਨਾਇਆ। ਇਸ ਵਿੱਚ ਲਾਈਵ ਸੰਗੀਤ ਦੇ ਨਾਲ-ਨਾਲ ਆਤਿਸ਼ਬਾਜ਼ੀ ਵੀ ਕੀਤੀ ਗਈ, ਜੋ ਇੱਕ ਸ਼ਾਨਦਾਰ ਦੇਖਣਯੋਗ ਪ੍ਰਦਰਸ਼ਨੀ ਸੀ। ਇਹ ਸਮਾਗਮ ਸ਼ਾਮ 5 ਵਜੇ ਦੇ ਕਰੀਬ ਸ਼ੁਰੂ ਹੋਇਆ। ਸਾਊਥ ਲਾਅਨ 'ਤੇ ਸਰਗਰਮ-ਡਿਊਟੀ 'ਤੇ ਤਾਇਨਾਤ ਨੈਸ਼ਨਲ ਗਾਰਡ ਫੌਜੀ ਪਰਿਵਾਰਾਂ ਦੇ ਨਾਲ ਵ੍ਹਾਈਟ ਹਾਊਸ ਵਿੱਚ ਮੌਜੂਦ ਸਨ। ਇਸ ਮੌਕੇ ਚੈਪਲੇਨ ਜੌਨ ਬਰਕੇਮੇਅਰ ਦੁਆਰਾ ਕੀਤੀ ਪ੍ਰਾਰਥਨਾ ਤੋਂ ਬਾਅਦ ਪਹਿਲ਼ੀ ਮਹਿਲਾ ਰਾਸਟਰਪਤੀ ਦੀ ਪਤਨੀ ਜਿਲ ਬਾਈਡੇਨ ਨੇ ਵ੍ਹਾਈਟ ਹਾਊਸ ਵਿੱਚ ਫੌਜੀ ਪਰਿਵਾਰਾਂ ਦਾ ਭਰਵਾਂ ਸਵਾਗਤ ਕੀਤਾ ਅਤੇ ਉਹਨਾਂ ਨੂੰ ਸੰਬੋਧਨ ਕੀਤਾ।

ਉਹਨਾਂ ਕਿਹਾ ਕਿ ਤੁਸੀਂ ਬਹਾਦਰ ਅਤੇ ਦਲੇਰ ਹੋ ਅਤੇ ਲਗਭਗ 1% ਅਮਰੀਕੀ ਜਿਨ੍ਹਾਂ ਨੇ ਸਾਨੂੰ ਸਾਰਿਆਂ ਨੂੰ ਸੁਰੱਖਿਅਤ ਰੱਖਣ ਦੀ ਚੋਣ ਕੀਤੀ ਹੈ 'ਅਸੀਂ ਤੁਹਾਡੇ ਦੁਆਰਾ ਕੀਤੇ ਗਏ ਦੇਸ਼ ਦੇ ਕੰਮਾਂ ਦੇ ਲਈ ਸਭ ਲਈ ਅਸੀ ਬਹੁਤ ਧੰਨਵਾਦੀ ਹਾਂ। ਸਾਡੇ ਵਿਚਾਰ ਵਿਦੇਸ਼ਾਂ 'ਚ ਸੇਵਾ ਕਰਨ ਵਾਲਿਆਂ ਦੇ ਨਾਲ ਹਨ। ਰਾਸ਼ਟਰਪਤੀ ਬਾਈਡੇਨ ਨੇ ਬੋਲਦਿਆਂ ਕਿਹਾ ਕਿ ਇਹ ਦਿਨ ਨੂੰ ਫੌਜੀ ਪਰਿਵਾਰਾਂ ਨਾਲ ਮਨਾਉਣਾ ਸਾਡੇ ਲਈ ਸਨਮਾਨ ਵਾਲੀ ਗੱਲ ਹੈ, ਜਿਹਨਾਂ ਨੂੰ ਉਹਨਾਂ ਨੇ ਰੀੜ੍ਹ ਦੀ ਹੱਡੀ ਦੱਸਿਆ। ਰਾਸ਼ਟਰਪਤੀ ਨੇ ਕਿਹਾ ਕਿ ਤੁਸੀਂ ਸਾਨੂੰ ਲੋਕਤੰਤਰ ਦੇ ਜਰੂਰੀ ਕੰਮਾਂ ਬਾਰੇ ਯਾਦ ਦਿਵਾਉਂਦੇ ਹੋ, ਇਸ ਨੂੰ ਕਾਇਮ ਰੱਖਣ ਲਈ ਸਾਡੀ ਹਰ ਪੀੜ੍ਹੀ ਨੂੰ ਲੜਨਾ ਚਾਹੀਦਾ ਹੈ। ਸਾਨੂੰ ਹਮੇਸ਼ਾ ਇਸ ਦੀ ਕਦਰ ਕਰਨੀ ਚਾਹੀਦੀ ਹੈ, ਇਸ ਦੀ ਰੱਖਿਆ ਕਰਨੀ ਚਾਹੀਦੀ ਹੈ ਅਤੇ ਇਸਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਅਸੀਂ ਸਾਰੇ ਆਪਣੇ ਲੋਕਤੰਤਰ ਦੇ ਜ਼ਰੂਰੀ ਕੰਮਾਂ ਲਈ ਆਪਣੇ ਆਪ ਨੂੰ ਸਮਰਪਿਤ ਕਰਾਂਗੇ, ਇੱਕ ਦੂਜੇ ਨੂੰ ਵਿਰੋਧੀਆਂ ਵਜੋਂ ਨਹੀਂ ਬਲਕਿ ਸਾਥੀ ਅਮਰੀਕੀਆਂ ਵਜੋਂ ਵੇਖਾਂਗੇ।

ਰਾਸ਼ਟਰਪਤੀ ਬਾਈਡੇਨ ਨੇ ਕਿਹਾ ਕਿ ਸੰਯੁਕਤ ਰਾਜ ਇਤਿਹਾਸ ਵਿੱਚ ਇੱਕ ਅਜਿਹਾ ਦੇਸ਼ ਹੈ ਜਿਸਦੀ ਸਥਾਪਨਾ ਇੱਕ ਵਿਚਾਰ 'ਤੇ ਕੀਤੀ ਗਈ ਸੀ ਜੋ ਸਾਰੇ ਧਰਮਾਂ ਅਤੇ ਲੋਕਾਂ ਨੂੰ ਬਰਾਬਰ ਮੰਨਦਾ ਹੈ। ਉਹਨਾਂ ਦੇ ਨਾਲ ਰੱਖਿਆ ਸਕੱਤਰ ਲੋਇਡ ਔਸਟਿਨ ਅਤੇ ਉਸਦੀ ਪਤਨੀ ਚਾਰਲੀਨ ਆਸਟਿਨ ਵੀ ਸਨ। ਇਸ ਮੌਕੇ ਸੰਗੀਤ ਵਿੱਚ ਯੂ.ਐੱਸ ਮਿਲਟਰੀ ਦੇ ਪ੍ਰੀਮੀਅਰ ਬੈਂਡਾਂ, ਗਾਇਕ-ਗੀਤਕਾਰ ਅਤੇ ਅਨੁਭਵੀ ਫੌਜ ਦੀ ਪਤਨੀ ਬੇਕਾ ਰਾਏ ਗ੍ਰੀਨ, ਡੀਜੇ ਡੀ-ਨਾਇਸ, ਗ੍ਰੈਮੀ ਅਵਾਰਡ ਜੇਤੂ ਕੰਟਰੀ ਸੰਗੀਤਕਾਰ ਬ੍ਰਦਰਜ਼ ਓਸਬੋਰਨ ਅਤੇ ਤਿੰਨ ਵਾਰ ਦੇ ਗ੍ਰੈਮੀ ਪੁਰਸਕਾਰ ਜੇਤੂ ਸੰਗੀਤਕਾਰ ਯੋ ਦੁਆਰਾ ਪੇਸ਼ਕਾਰੀ ਦਿੱਤੀ ਗਈ। ਇਸ ਤੋਂ ਬਾਅਦ ਆਤਿਸ਼ਬਾਜ਼ੀ ਦਾ ਪ੍ਰਦਰਸ਼ਨ ਕੀਤਾ ਗਿਆ, ਜਿਸ ਨੇ ਵਾਸ਼ਿੰਗਟਨ, ਡੀ.ਸੀ. ਦੇ ਆਸਮਾਨ ਨੂੰ ਰਾਤ 9 ਵਜੇ ਦੇ ਕਰੀਬ ਰੌਸ਼ਨ ਕੀਤਾ। ਹਜ਼ਾਰਾਂ ਲੋਕ ਦੱਖਣੀ ਲਾਅਨ ਵਿਚ ਬੈਠੇ ਸਨ ਜਿੱਥੇ ਡ੍ਰਿੰਕ, ਪੌਪਕੌਰਨ ਅਤੇ ਬੀਅਰ ਪਰੋਸੀ ਗਈ ਸੀ ਅਤੇ ਰਾਸ਼ਟਰਪਤੀ ਜੋ ਬਾਈਡੇਨ ਦੱਖਣੀ ਪੋਰਟੀਕੋ ਦੀ ਬਾਲਕੋਨੀ ਤੋਂ ਸਭ ਨੂੰ ਦੇਖ ਰਹੇ ਸਨ।



## ਅਮਰੀਕਾ ਵਿਚ ਇਕ ਛੋਟਾ ਜਹਾਜ਼ ਉਡਾਨ ਭਰਨ ਉਪਰੰਤ ਤਬਾਹ, ਪਾਇਲਟ ਸਣੇ 5 ਮੌਤਾਂ



ਅਮਰੀਕਾ ਦੇ ਮਿਰਟਲ ਬੀਚ ਸ਼ਹਿਰ ਵਿਚ ਜਹਾਜ਼ ਤਬਾਹ ਹੋਣ ਉਪਰੰਤ ਮੌਕੇ 'ਤੇ ਪੁੱਜੇ ਰਾਹਤ ਕਾਮੇ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਸਾਊਥ ਕੈਰੋਲੀਨਾ ਰਾਜ ਵਿਚ ਉੱਤਰੀ ਮਿਰਟਲ ਬੀਚ ਸ਼ਹਿਰ ਵਿਚ ਇਕ ਛੋਟਾ ਜਹਾਜ਼ ਹਾਦਸਾ ਗ੍ਰਸਤ ਹੋਣ ਦੀ ਖਬਰ ਹੈ । ਪ੍ਰਾਪਤ ਜਾਣਕਾਰੀ ਅਨੁਸਾਰ ਜਹਾਜ਼ ਵਿਚ ਸਵਾਰ ਸਾਰੇ 5 ਵਿਅਕਤੀਆਂ ਦੀ ਮੌਤ ਹੋ ਗਈ ਜਿਨਾਂ ਵਿਚ ਜਹਾਜ਼ ਦਾ ਪਾਇਲਟ ਵੀ ਸ਼ਾਮਿਲ ਹੈ। ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਅਨੁਸਾਰ ਪਾਈਪਰ ਪੀ ਏ-32 ਆਰ-300 ਜਹਾਜ਼ ਗਰੈਂਡ ਸਟਰੈਂਡ ਏਅਰਪੋਰਟ ਤੋਂ ਉਡਾਨ ਭਰਨ ਤੋਂ ਬਾਅਦ 2 ਮੀਲ ਦੂਰ ਜਾ ਕੇ ਤਬਾਹ ਹੋ ਗਿਆ। ਮ੍ਰਿਤਕਾਂ ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ। ਉੱਤਰੀ ਮਿਰਟਲ ਬੀਚ ਪੁਲਿਸ ਦੇ ਜਨਤਿਕ ਸੂਚਨਾ ਅਫਸਰ ਪੈਟ ਵਿਲਕਿਨਸਨ ਨੇ ਕਿਹਾ ਹੈ ਕਿ ਹੌਰੀ ਕਾਊਂਟੀ ਕੋਰਨਰ ਦਫਤਰ ਦੇ ਅਧਿਕਾਰੀ ਮ੍ਰਿਤਕਾਂ ਦੀ ਪਛਾਣ ਕਰ ਰਹੇ ਹਨ ਜਿਸ ਤੋਂ ਬਾਅਦ ਪੀੜਤ ਪਰਿਵਾਰਾਂ ਨੂੰ ਸੂਚਿਤ ਕੀਤਾ ਜਾਵੇਗਾ। ਹਾਦਸੇ ਪਿੱਛੇ ਕਾਰਨ ਦਾ ਪਤਾ ਲਾਉਣ ਲਈ ਫੈਡਰਲ ਐਵੀਏਸ਼ਨ ਪ੍ਰਸ਼ਾਸਨ ਤੇ ਐਨ ਟੀ ਐਸ ਬੀ ਦੇ ਅਧਿਕਾਰੀ ਜਾਂਚ ਕਰ ਰਹੇ ਹਨ।


ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium



Rakhra Tax & Immigration

3073 W Ashlan Ave <> Fresno, CA 93722

Ph. (559) 243-9200,

Fax (559) 549-6211

or visit

www.rakhrataxservice.com

or avtar06@gmail.com

# ਪਾਸਪੋਰਟ ਬਣਵਾਉਣ ਲਈ ਅਮਰੀਕਾ 'ਚ ਹਰ ਹਫ਼ਤੇ 5 ਲੱਖ ਅਰਜ਼ੀਆਂ, ਬਣ ਸਕਦੈ ਨਵਾਂ ਰਿਕਾਰਡ

ਨਿਊਯਾਰਕ : ਅਮਰੀਕਾ ਵਿਚ ਨਾਗਰਿਕਾਂ ਨੂੰ ਆਪਣਾ ਪਾਸਪੋਰਟ ਬਣਾਉਣ ਵਿਚ ਤਿੰਨ ਤੋਂ ਚਾਰ ਮਹੀਨੇ ਲੱਗ ਰਹੇ ਹਨ। ਇੱਥੇ ਹਰ ਹਫ਼ਤੇ 5 ਲੱਖ ਅਰਜ਼ੀਆਂ ਆ ਰਹੀਆਂ ਹਨ। ਇਸ ਨਾਲ ਪਿਛਲੇ ਸਾਲ 2.20 ਕਰੋੜ ਪਾਸਪੋਰਟ ਜਾਰੀ ਕਰਨ ਦਾ ਰਿਕਾਰਡ ਟੁੱਟ ਸਕਦਾ ਹੈ। ਇੰਤਜ਼ਾਰ ਦਾ ਲੰਬਾ ਸਮਾਂ ਅਤੇ ਹੌਲੀ ਪ੍ਰਕਿਰਿਆਵਾਂ ਕਾਰਨ ਹਜ਼ਾਰਾਂ ਨਾਗਰਿਕ ਆਪਣੇ ਘੁੰਮਣ ਜਾਣ ਅਤੇ ਵਿਦੇਸ਼ ਜਾ ਕੇ ਪਰਿਵਾਰ ਵਾਲਿਆਂ ਨੂੰ ਮਿਲਣ ਦੀਆਂ ਯੋਜਨਾਵਾਂ ਰੱਦ ਕਰ ਰਹੇ ਹਨ ਜਾਂ ਹਜ਼ਾਰਾਂ ਡਾਲਰ ਖਰਚ ਕਰਕੇ ਵਾਧੂ ਯਾਤਰਾ ਟਿਕਟਾਂ ਖਰੀਦ ਰਹੇ ਹਨ।

ਡਲਾਸ ਦੀ ਰਹਿਣ ਵਾਲੀ ਜਿੰਜਰ ਕੋਲੀਅਰ ਨੇ ਆਪਣੇ ਅਤੇ ਤਿੰਨ ਪਰਿਵਾਰਕ ਮੈਂਬਰਾਂ ਨਾਲ ਜੂਨ ਵਿੱਚ ਇਟਲੀ ਜਾਣਾ ਸੀ। ਜਦੋਂ ਉਸਨੇ ਮਾਰਚ ਵਿੱਚ ਪਾਸਪੋਰਟ ਲਈ ਅਪਲਾਈ ਕੀਤਾ ਤਾਂ ਅਧਿਕਾਰੀਆਂ ਨੇ ਉਸਨੂੰ 11 ਹਫ਼ਤਿਆਂ ਦਾ ਇੰਤਜ਼ਾਰ ਕਰਨ ਲਈ ਕਿਹਾ, ਪਰ ਬਾਅਦ ਵਿੱਚ ਉਡੀਕ ਦੀ ਮਿਆਦ ਵਧਾ ਕੇ 13 ਹਫ਼ਤੇ ਕਰ ਦਿੱਤੀ ਗਈ। ਆਖਰਕਾਰ ਡੱਲਾਸ ਦੇ ਪਾਸਪੋਰਟ ਦਫਤਰ ਵਿੱਚ ਸੱਤ ਘੰਟੇ ਸੰਘਰਸ਼ ਕਰਨ ਤੋਂ ਬਾਅਦ ਕੋਲੀਅਰ ਨੂੰ ਪਾਸਪੋਰਟ ਮਿਲੇ, ਉਹ ਵੀ ਉਹਨਾਂ ਦੀ ਯਾਤਰਾ ਤੋਂ ਚਾਰ ਦਿਨ ਪਹਿਲਾਂ। ਕੋਲੀਅਰ ਦੱਸਦੀ ਹੈ ਕਿ ਯਾਤਰਾ ਰੱਦ ਕਰਨ 'ਤੇ ਉਸ ਨੂੰ 4,000 ਡਾਲਰ ਦੇ ਨੁਕਸਾਨ ਦੇ ਨਾਲ ਆਪਣੇ ਪੁੱਤਰ ਨੂੰ ਮਿਲਣ ਦਾ ਮੌਕਾ ਵੀ ਗਵਾਉਣਾ ਪੈਂਦਾ।

**ਵਿਦੇਸ਼ ਮੰਤਰੀ ਨੇ ਸੰਸਦ 'ਚ ਦਿੱਤਾ ਸਪੱਸ਼ਟੀਕਰਨ**

ਇਸ ਸਥਿਤੀ ਲਈ ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੂੰ ਸੰਸਦ ਵਿੱਚ ਬਿਆਨ ਦੇਣਾ ਪਿਆ। ਉਨ੍ਹਾਂ ਕਾਰਨ ਦੱਸਿਆ ਕਿ ਕੋਵਿਡ ਦੌਰਾਨ ਲੋਕਾਂ ਦੀ ਯਾਤਰਾ ਘੱਟ ਗਈ ਸੀ। ਅਜਿਹੇ 'ਚ ਸਰਕਾਰ ਨੇ ਇਸ ਕੰਮ ਨਾਲ ਜੁੜੀਆਂ ਕੰਪਨੀਆਂ ਨਾਲ ਸਮਝੌਤੇ ਖ਼ਤਮ ਕਰ ਦਿੱਤੇ, ਵੱਡੀ ਗਿਣਤੀ



'ਚ ਸਟਾਫ ਨੂੰ ਹੋਰ ਕੰਮਾਂ 'ਚ ਤਾਇਨਾਤ ਕਰ ਦਿੱਤਾ। ਪਾਸਪੋਰਟ ਨਵਿਆਉਣ ਲਈ ਸਰਕਾਰ ਦੀ ਆਨਲਾਈਨ ਪ੍ਰਣਾਲੀ ਨੂੰ ਸੁਧਾਰਨ ਲਈ ਅਸਥਾਈ ਤੌਰ 'ਤੇ ਬੰਦ ਕਰ ਦਿੱਤਾ ਗਿਆ ਸੀ। ਬਲਿੰਕਨ ਅਨੁਸਾਰ, ਹੁਣ ਜਦੋਂ ਕਿ ਸੈਰ-ਸਪਾਟਾ ਅਤੇ ਯਾਤਰਾ ਮੁੜ ਤੋਂ ਵੱਧ ਰਹੀ ਹੈ, ਪਾਸਪੋਰਟ ਅਰਜ਼ੀਆਂ ਅਸਮਾਨੀ ਚੜ੍ਹ ਗਈਆਂ ਹਨ। ਸਥਿਤੀ ਨੂੰ ਸੁਧਾਰਨ ਲਈ ਮੁਲਾਜ਼ਮਾਂ ਦੀ ਭਰਤੀ ਕੀਤੀ ਜਾ ਰਹੀ ਹੈ।

**ਪਾਸਪੋਰਟ ਬਣਾਉਣ 'ਚ ਦੇਰੀ ਤੋਂ ਪਰੇਸ਼ਾਨ**

ਅਮਰੀਕੀ ਸੋਸ਼ਲ ਮੀਡੀਆ 'ਤੇ ਆਪਣਾ ਗੁੱਸਾ ਕੱਢ ਰਹੇ ਹਨ ਅਤੇ ਆਪਣੇ ਸੰਸਦ ਮੈਂਬਰਾਂ ਤੋਂ ਜਵਾਬ ਮੰਗ ਰਹੇ ਹਨ। ਸੈਨੇਟ ਅਤੇ ਪ੍ਰਤੀਨਿਧੀ ਸਭਾ ਦੇ ਕਈ ਮੈਂਬਰਾਂ ਨੂੰ ਇਸ ਸਾਲ ਸਭ ਤੋਂ ਵੱਧ ਸ਼ਿਕਾਇਤਾਂ ਸਮੇਂ ਸਿਰ ਪਾਸਪੋਰਟ ਨਾ ਬਣਾਏ ਜਾਣ ਦੀਆਂ ਪ੍ਰਾਪਤ ਹੋਈਆਂ ਹਨ।

**ਸਟਾਫ ਦੀ ਕਟੌਤੀ**

ਕਈ ਦੇਸ਼ਾਂ ਵਿਚ ਅਮਰੀਕੀ ਦੂਤਘਰਾਂ ਵਿਚ ਵੀਜ਼ਾ ਅਰਜ਼ੀ ਪ੍ਰਕਿਰਿਆ ਨੂੰ ਵੀ ਨੁਕਸਾਨ ਪਹੁੰਚਾ ਰਹੀ ਹੈ। ਜੂਨ ਵਿੱਚ ਦਿੱਲੀ ਵਿੱਚ ਲੋਕਾਂ ਨੂੰ ਵੀਜ਼ਾ ਇੰਟਰਵਿਊ ਲਈ 451 ਦਿਨ ਉਡੀਕ ਕਰਨ ਲਈ ਕਿਹਾ ਜਾ ਰਿਹਾ ਸੀ। ਇਹ ਸਮਾਂ ਸਾਓ ਪੌਲੋ ਵਿੱਚ 600 ਦਿਨ, ਮੈਕਸੀਕੋ ਸਿਟੀ ਵਿੱਚ 750 ਦਿਨ, ਬੋਗੋਟਾ, ਕੋਲੰਬੀਆ ਵਿੱਚ 801 ਦਿਨ ਰਿਹਾ ਹੈ। ਇਜ਼ਰਾਈਲ ਵਿੱਚ ਇਹ ਮਿਆਦ 8 ਜੂਨ ਨੂੰ 360 ਦਿਨ ਸੀ, ਜੋ 2 ਜੁਲਾਈ ਨੂੰ ਘਟ ਕੇ 90 ਦਿਨ ਰਹਿ ਗਈ।

# ਰਾਸ਼ਟਰਪਤੀ ਬਾਈਡੇਨ ਦੀ ਮਨਜ਼ੂਰੀ ਮਗਰੋਂ ਅਮਰੀਕਾ 'ਚ ਪ੍ਰਾਇਮਰੀ ਪੱਧਰ ਤੇ ਜਲਦ ਪੜ੍ਹਾਈ ਜਾਵੇਗੀ ਹਿੰਦੀ

ਵਾਸ਼ਿੰਗਟਨ : ਅਮਰੀਕਾ ਦੇ ਸਕੂਲਾਂ ਵਿੱਚ ਪ੍ਰਾਇਮਰੀ ਪੱਧਰ 'ਤੇ ਹਿੰਦੀ ਭਾਸ਼ਾ ਦੀ ਪੜ੍ਹਾਈ ਲਈ ਰਾਹ ਖੁੱਲ੍ਹ ਗਿਆ ਹੈ। ਸੱਤਾਧਾਰੀ ਡੈਮੋਕ੍ਰੇਟਿਕ ਪਾਰਟੀ ਸੰਗਠਨ ਏਸ਼ੀਆ ਸੋਸਾਇਟੀ (ਏ. ਐਸ.) ਅਤੇ ਇੰਡੀਅਨ ਅਮਰੀਕਨ ਇਮਪੈਕਟ (ਆਈ.ਏ.ਆਈ.) ਨਾਲ ਜੁੜੇ 100 ਤੋਂ ਜ਼ਿਆਦਾ ਜਨ ਪ੍ਰਤੀਨਿਧੀਆਂ ਨੇ ਰਾਸ਼ਟਰਪਤੀ ਜੋਅ ਬਾਈਡੇਨ ਨੂੰ ਇਸ ਸੰਬੰਧ 'ਚ ਪ੍ਰਸਤਾਵ ਸੌਂਪਿਆ ਹੈ। ਇਸ ਵਿੱਚ 816 ਕਰੋੜ ਰੁਪਏ ਦੇ ਫੰਡ ਨਾਲ 1 ਹਜ਼ਾਰ ਸਕੂਲਾਂ ਵਿੱਚ ਹਿੰਦੀ ਦੀ ਪੜ੍ਹਾਈ ਸ਼ੁਰੂ ਹੋਵੇਗੀ। ਸੰਭਾਵਨਾ ਹੈ ਕਿ ਭਾਰਤ ਪ੍ਰਤੀ ਬਾਈਡੇਨ ਦੇ ਸਕਾਰਾਤਮਕ ਰਵੱਈਏ ਅਤੇ ਅਗਲੇ ਸਾਲ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਦੇ ਮੱਦੇਨਜ਼ਰ ਇਸ ਪ੍ਰਸਤਾਵ ਨੂੰ ਮਨਜ਼ੂਰੀ ਦਿੱਤੀ ਜਾਵੇਗੀ। ਹਿੰਦੀ ਭਾਸ਼ਾ ਦੀ ਪੜ੍ਹਾਈ ਅਗਲੇ ਸਾਲ ਸਤੰਬਰ ਤੋਂ ਸ਼ੁਰੂ ਹੋ ਸਕਦੀ ਹੈ। ਏ.ਐੱਸ. ਅਤੇ ਆਈ.ਏ.ਆਈ. ਨੇ ਹਿੰਦੀ ਭਾਸ਼ਾ ਦੀ ਪੜ੍ਹਾਈ ਸ਼ੁਰੂ ਕਰਨ 'ਤੇ ਅਧਿਆਪਕਾਂ ਦੀ ਵਿਵਸਥਾ ਅਤੇ ਕੋਰਸ ਸ਼ੁਰੂ ਕਰਨ 'ਚ ਮਦਦ ਦਾ ਭਰੋਸਾ ਦਿੱਤਾ ਹੈ।

**ਦੂਜੀ ਭਾਸ਼ਾ ਵਜੋਂ ਚੁਣਨ ਦਾ ਵਿਕਲਪ :** ਪ੍ਰਾਇਮਰੀ ਜਮਾਤਾਂ ਤੋਂ ਸ਼ੁਰੂ ਹੋਣ ਵਾਲੀ ਹਿੰਦੀ ਦੀ ਪੜ੍ਹਾਈ ਵਿੱਚ ਅੰਗਰੇਜ਼ੀ ਤੋਂ ਬਾਅਦ ਹਿੰਦੀ ਨੂੰ ਦੂਜੀ ਭਾਸ਼ਾ ਵਜੋਂ ਚੁਣਨ ਦਾ ਵਿਕਲਪ ਹੋਵੇਗਾ। ਅਮਰੀਕਾ ਵਿੱਚ ਰਹਿਣ ਵਾਲੇ ਭਾਰਤੀ ਮੂਲ ਦੇ ਲਗਭਗ 45 ਲੱਖ ਲੋਕਾਂ ਵਿੱਚੋਂ 9 ਲੱਖ ਤੋਂ ਵੱਧ ਲੋਕਾਂ ਦੁਆਰਾ ਹਿੰਦੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਰਤੀ ਭਾਸ਼ਾ ਹੈ। ਇਸ ਸਮੇਂ ਅਮਰੀਕਾ ਵਿਚ ਹਾਈ ਸਕੂਲ ਪੱਧਰ 'ਤੇ ਹਿੰਦੀ ਦੇ ਕੋਰਸ ਚਲਾਏ ਜਾ ਰਹੇ ਹਨ। ਇਸ ਵਿੱਚ ਹਿੰਦੀ ਦਾ ਸਿਰਫ਼ ਮੁੱਢਲਾ ਅਧਿਐਨ ਹੀ ਪੜ੍ਹਾਇਆ ਜਾਂਦਾ ਹੈ। ਇੰਡੀਆ ਇਮਪੈਕਟ ਦੇ ਪ੍ਰਧਾਨ ਨੀਲ ਮਖੀਜਾ ਦਾ ਕਹਿਣਾ ਹੈ ਕਿ ਜਦੋਂ ਬੱਚਿਆਂ ਨੂੰ ਸ਼ੁਰੂਆਤੀ ਜਮਾਤਾਂ ਤੋਂ ਹਿੰਦੀ ਨਹੀਂ



ਸਿਖਾਈ ਜਾਂਦੀ ਅਤੇ ਜਦੋਂ ਅਚਾਨਕ ਹਾਈ ਸਕੂਲ ਪੱਧਰ 'ਤੇ ਹਿੰਦੀ ਭਾਸ਼ਾ ਦਾ ਵਿਕਲਪ ਆਉਂਦਾ ਹੈ ਤਾਂ ਬੱਚੇ ਇਸ ਭਾਸ਼ਾ ਨੂੰ ਬਿਲਕੁਲ ਨਹੀਂ ਸਮਝਦੇ। ਹੁਣ ਬੱਚੇ ਪ੍ਰਾਇਮਰੀ ਜਮਾਤਾਂ ਤੋਂ ਹਿੰਦੀ ਸ਼ੁਰੂ ਕਰਨ ਦਾ ਲਾਭ ਲੈ ਸਕਣਗੇ।

**ਫ਼ੈਸਲੇ ਦਾ ਕਾਰਨ: ਭਾਰਤ ਤੀਜੀ ਸਭ ਤੋਂ ਵੱਡੀ ਆਰਥਿਕ ਸ਼ਕਤੀ ਹੋਵੇਗਾ :** ਅਮਰੀਕਾ ਦੇ ਜ਼ਿਆਦਾਤਰ ਸਕੂਲਾਂ ਵਿੱਚ ਇਸ ਸਮੇਂ ਸਪੈਨਿਸ਼ ਨੂੰ ਦੂਜੀ ਭਾਸ਼ਾ ਵਜੋਂ ਪੜ੍ਹਾਇਆ ਜਾਂਦਾ ਹੈ। ਉੱਤਰੀ ਕੈਰੋਲੀਨਾ ਦੇ ਵ੍ਰਿਪ ਜੇ ਚੌਧਰੀ ਦਾ ਕਹਿਣਾ ਹੈ ਕਿ ਅਤੀਤ ਵਿੱਚ ਅਮਰੀਕਾ ਨੂੰ ਸਪੈਨਿਸ਼ ਬੋਲਣ ਵਾਲੇ ਦੇਸ਼ਾਂ ਵਿੱਚ ਆਰਥਿਕ ਹਿੱਤਾਂ ਲਈ ਸਪੈਨਿਸ਼ ਨੂੰ ਸਮਝਣ ਵਾਲੀ ਪੀੜ੍ਹੀ ਪੈਦਾ ਕਰਨੀ ਪਈ। ਪਰ ਹੁਣ ਚੀਜ਼ਾਂ ਬਦਲ ਰਹੀਆਂ ਹਨ। ਇਸ ਦਹਾਕੇ ਦੇ ਅੰਤ ਤੱਕ ਭਾਰਤ ਤੀਜੀ ਆਰਥਿਕ ਸ਼ਕਤੀ ਬਣ ਜਾਵੇਗਾ। ਅਜਿਹੇ 'ਚ ਅਮਰੀਕਾ ਦਾ ਟੀਚਾ ਹੋਣਾ ਚਾਹੀਦਾ ਹੈ ਕਿ ਅਜਿਹੀ ਪੀੜ੍ਹੀ ਹਿੰਦੀ ਪੜ੍ਹ ਕੇ ਸਕੂਲਾਂ 'ਚੋਂ ਨਿਕਲੇ, ਜਿਸ ਨੂੰ ਭਾਰਤ ਦੀ ਚੰਗੀ ਸਮਝ ਹੋਵੇ। ਸਪੈਨਿਸ਼ ਬੋਲਣ ਵਾਲੇ ਦੇਸ਼ ਹੁਣ ਆਰਥਿਕ ਤੌਰ 'ਤੇ ਸਫਲ ਨਹੀਂ ਰਹੇ ਹਨ। ਹਿੰਦੀ ਭਾਸ਼ਾ ਜਾਣਨ ਵਾਲੇ ਅਮਰੀਕੀ ਨੌਜਵਾਨਾਂ ਲਈ ਆਉਣ ਵਾਲੇ ਸਾਲਾਂ ਵਿੱਚ ਭਾਰਤ ਦੇ ਨਿਰਮਾਣ, ਖੇਤੀਬਾੜੀ ਅਤੇ ਆਈਟੀ ਖੇਤਰ ਵਿੱਚ ਸੰਭਾਵਨਾਵਾਂ ਵਧਣਗੀਆਂ।

**4 ਰਾਜਾਂ ਵਿੱਚ ਹਿੰਦੀ ਪੜ੍ਹਾਉਣ ਵਾਲੇ ਸਕੂਲ :** ਅਮਰੀਕਾ ਵਿੱਚ ਭਾਰਤੀ ਬਹੁਲਤਾ ਵਾਲੇ ਰਾਜਾਂ ਨਿਊਜਰਸੀ, ਟੈਕਸਾਸ, ਨਿਊਯਾਰਕ ਅਤੇ ਕੈਲੀਫੋਰਨੀਆ ਵਿੱਚ ਹਿੰਦੀ ਪੜ੍ਹਾਉਣ ਵਾਲੇ ਤਕਰੀਬਨ 10 ਸਕੂਲ ਹਨ। ਨਿਊਜਰਸੀ ਵਿੱਚ ਅਜਿਹਾ ਹੀ ਇੱਕ ਸਕੂਲ ਚਲਾਉਣ ਵਾਲੇ ਬਿਸ਼ਨ ਅਗਰਵਾਲ ਦਾ ਕਹਿਣਾ ਹੈ ਕਿ ਸ਼ਨੀਵਾਰ ਨੂੰ 5 ਤੋਂ 16 ਸਾਲ ਦੇ ਬੱਚਿਆਂ ਨੂੰ ਹਿੰਦੀ ਸਿਖਾਈ ਜਾਂਦੀ ਹੈ। ਕੋਰਸ ਦੇ ਤਿੰਨ ਪੜਾਅ ਤੈਅ ਕੀਤੇ ਗਏ ਹਨ - ਸ਼ੁਰੂਆਤੀ, ਸੈਕੰਡਰੀ ਅਤੇ ਉੱਚ ਪੱਧਰ। ਵੀਹ ਸਾਲ ਪਹਿਲਾਂ ਤੱਕ ਅਮਰੀਕਾ ਵਿੱਚ ਹਿੰਦੀ ਪੜ੍ਹਾਉਣ ਵਾਲਾ ਕੋਈ ਸਕੂਲ ਨਹੀਂ ਸੀ। ਹਿੰਦੀ ਸਕੂਲਾਂ ਵਿੱਚ ਬੱਚਿਆਂ ਦੇ ਦਾਖਲੇ ਵਿੱਚ ਵੀ ਵਾਧਾ ਹੋਇਆ ਹੈ।


American Freight Corp.

ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ

ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)

ਡਰਾਈਵਰ ਦਾ ਘੱਟੋ ਘੱਟ ਦੋ ਸਾਲ ਦਾ ਤਜਰਬਾ ਹੋਵੇ

ਡਰਾਈਵਰਾਂ ਦੀ ਜ਼ਰੂਰਤ ਹੈ

Need Team & Solo Driver

With 2 Year Experience




(209) 405-1544

127 Darcy Parkway, Lathrop, CA 95330

# BASRA
## Heating & Air Conditioning

### ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ
# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

ਤੁਹਾਡੇ ਢੇਰ ਸਾਰੇ ਪੈਸੇ

Reasonable price first class work ਅਤੇ

100% ਗਰੰਟੀ




**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377

# ਅਮਰੀਕਾ ਵਿਚ ਕਾਲੇ ਵਿਅਕਤੀਆਂ 'ਤੇ ਤਸ਼ੱਦਦ ਕਰਨ ਦੇ ਮਾਮਲੇ ਵਿਚ 6 ਗੋਰੇ ਪੁਲਿਸ ਅਫਸਰ ਬਰਖਾਸਤ



ਮਿਸ਼ੈਲ ਜੈਨਕਿਨਸ ਤੇ ਐਡੀ ਪਾਰਕਰ ਆਪਣੇ ਵਕੀਲ ਮਲਿਕ ਸ਼ਾਹਬਾਜ਼ (ਵਿਚਾਲੇ) ਨਾਲ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਅਮਰੀਕਾ ਦੇ ਮਿਸੀਸਿੱਪੀ ਰਾਜ ਵਿਚ ਰੈਨਕਿਨ ਕਾਊਂਟੀ ਸ਼ੈਰਿਫ ਦਫਤਰ ਵੱਲੋਂ ਆਪਣੇ 6 ਡਿਪਟੀਆਂ ਨੂੰ 2 ਕਾਲੇ ਵਿਅਕਤੀਆਂ 'ਤੇ ਤੱਸ਼ਦਦ ਕਰਨ ਦੇ ਮਾਮਲੇ ਵਿਚ ਬਰਖਾਸਤ ਕਰ ਦੇਣ ਦੀ ਖਬਰ ਹੈ। ਪੁਲਿਸ ਅਫਸਰਾਂ ਵਿਰੁੱਧ ਇਹ ਕਾਰਵਾਈ ਕਾਲੇ ਵਿਅਕਤੀਆਂ ਵੱਲੋਂ ਇਕ ਸੰਘੀ ਅਦਾਲਤ ਵਿਚ ਮਨੁੱਖੀ ਹੱਕਾਂ ਬਾਰੇ ਪਟੀਸ਼ਨ ਦਾਇਰ ਕਰਨ ਦੇ ਦੋ ਹਫਤੇ ਬਾਅਦ ਕੀਤੀ ਗਈ ਹੈ । ਪਟੀਸ਼ਨ ਵਿਚ ਦੋਸ਼ ਲਾਇਆ ਗਿਆ ਹੈ ਕਿ 6 ਡਿਪਟੀਆਂ ਨੇ ਉਨਾਂ ਦੀ ਨਿੱਜੀ ਰਿਹਾਇਸ਼ ਵਿਚ ਗੈਰ ਕਾਨੂੰਨੀ ਢੰਗ ਨਾਲ ਦਾਖਲ ਹੋ ਕੇ ਉਨਾਂ ਉਪਰ ਤਕਰੀਬਨ 2 ਘੰਟੇ ਤਸ਼ੱਦਦ ਕੀਤਾ। ਰੈਨਕਿਨ ਕਾਊਂਟੀ ਦੇ ਸ਼ੈਰਿਫ ਬਰਾਇਨ ਬੇਲੇ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਤਾਜਾ ਘਟਨਾਕ੍ਰਮ ਤੇ ਸਾਡੀ ਅੰਦਰੂਨੀ ਜਾਂਚ ਦੇ ਮੱਦੇਨਜਰ ਡਿਪਟੀਆਂ ਨੂੰ ਬਰਖਾਸਤ ਕਰ ਦਿੱਤਾ ਗਿਆ ਹੈ। ਸ਼ੈਰਿਫ ਨੇ ਨਾ ਹੀ ਬਰਖਾਸਤ ਕੀਤੇ ਡਿਪਟੀਆਂ ਦੀ ਗਿਣਤੀ ਤੇ ਨਾ ਹੀ ਉਨਾਂ ਦੇ ਨਾਵਾਂ ਦਾ ਖੁਲਾਸਾ ਕੀਤਾ ਹੈ। ਉਨਾਂ ਕਿਹਾ ਕਿ ਡਿਪਟੀ ਇਸ ਵੇਲੇ ਪ੍ਰਸ਼ਾਸਨਿਕ ਛੁੱਟੀ 'ਤੇ ਹਨ। ਸ਼ੈਰਿਫ ਨੇ ਡਿਪਟੀਆਂ ਵਿਰੁੱਧ ਦੋਸ਼ਾਂ ਬਾਰੇ ਕੁਝ ਕਹਿਣ ਤੋਂ ਵੀ ਨਾਂਹ ਕਰ ਦਿੱਤੀ। ਦਾਇਰ ਪਟੀਸ਼ਨ ਵਿਚ ਕਾਲੇ ਵਿਅਕਤੀਆਂ ਮਿਸ਼ੈਲ ਜੈਨਕਿਨਸ ਤੇ ਐਡੀ ਪਾਰਕਰ ਨੇ ਦੋਸ਼ ਲਾਇਆ ਹੈ ਕਿ ਇਸ ਸਾਲ 24 ਜਨਵਰੀ ਨੂੰ 6 ਡਿਪਟੀ ਉਨਾਂ ਦੇ ਬਰੈਕਸਟਨ ਵਿਚਲੇ ਘਰ ਵਿਚ ਬਿਨਾਂ ਵਾਰੰਟ ਜਬਰਨ ਦਾਖਲ ਹੋਏ। ਡਿਪਟੀਆਂ ਨੇ ਉਨਾਂ ਦੇ ਹੱਥਕੜੀਆਂ ਲਾ ਕੇ ਉਨਾਂ ਦੇ ਠੁੱਡੇ ਮਾਰੇ ਤੇ ਵਾਰ ਵਾਰ ਟੀਜ਼ਰ ਦੀ ਵਰਤੋਂ ਕੀਤੀ। ਉਨਾਂ ਦੇ ਜਿਣਸੀ ਸ਼ੋਸ਼ਣ ਦੀ ਵੀ ਕੋਸ਼ਿਸ਼ ਕੀਤੀ ਗਈ। ਯੂ ਐਸ ਡਿਸਟ੍ਰਿਕਟ ਕੋਰਟ ਮਿਸੀਸਿੱਪੀ ਵਿਚ ਦਾਇਰ ਪਟੀਸ਼ਨ ਵਿੱਚ ਸ਼ੈਰਿਫ ਤੇ 6 ਡਿਪਟੀਆਂ ਨੂੰ ਦੋਸ਼ੀ ਬਣਾਇਆ ਗਿਆ ਹੈ ਤੇ 40 ਕਰੋੜ ਡਾਲਰ ਦਾ ਮਾਣਹਾਨੀ ਦਾਅਵਾ ਕੀਤਾ ਗਿਆ ਹੈ।

# ਕੈਨੇਡਾ ਦੇ ਜੰਗਲਾਂ 'ਚ ਲੱਗੀ ਅੱਗ ਦਾ ਅਮਰੀਕਾ ਵਿਚ ਵੱਡੀ ਪੱਧਰ 'ਤੇ ਅਸਰ

*• ਸ਼ਿਕਾਗੋ ਤੇ ਡੈਟਰਾਇਟ ਖੇਤਰ ਸਭ ਤੋਂ ਵਧ ਪ੍ਰਭਵਿਤ • ਲੋਕਾਂ ਨੂੰ ਅੰਦਰਾਂ ਵਿਚ ਰਹਿਣ ਦੀ ਸਲਾਹ*

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਕੈਨੇਡਾ ਦੇ ਜੰਗਲਾਂ ਨੂੰ ਲੱਗੀ ਅੱਗ ਦਾ ਕੈਨੇਡਾ ਵਾਸੀਆਂ ਨੂੰ ਸੇਕ ਤਾਂ ਲੱਗ ਹੀ ਰਿਹਾ ਹੈ ਪਰ ਇਸ ਦੇ ਨਾਲ ਹੀ ਗਵਾਂਢੀ ਮੁਲਕ ਅਮਰੀਕਾ ਵੀ ਇਸ ਦੇ ਅਸਰ ਤੋਂ ਬਚ ਨਹੀਂ ਸਕਿਆ। ਅਮਰੀਕਾ ਦੇ ਕਈ ਹਿੱਸਿਆਂ ਵਿਚ ਸਿਹਤ ਲਈ ਹਾਨੀਕਾਰਕ ਵਾਤਾਵਰਣ ਪੈਦਾ ਹੋ ਗਿਆ ਹੈ। ਨੈਸ਼ਨਲ ਵੈਦਰ ਸਰਵਿਸਜ ਅਨੁਸਾਰ ਲੋਵਾ, ਵਿਸਕਾਨਸਿਨ, ਇਲੀਨੋਇਸ, ਇੰਡਿਆਨਾ, ਮਿਸ਼ੀਗਨ, ਡੇਲਾਵੇਅਰ ਤੇ ਮੈਰੀਲੈਂਡ ਵਿਚ ਹਵਾ ਦੀ ਗੁਣਵਤਾ ਨੂੰ ਲੈ ਕੇ ਚਿਤਾਵਨੀ ਦਿੱਤੀ ਗਈ ਹੈ। ਇਸ ਤੋਂ ਇਲਾਵਾ ਕੰਸਾਸ, ਮਿਸੌਰੀ, ਮਿਨੀਸੋਟਾ,ਓਹੀਓ, ਪੈਨਸਿਲਵਾਨੀਆ, ਨਿਊਯਾਰਕ ਤੇ ਵਰਜੀਨੀਆ ਦੇ ਕੁਝ ਹਿੱਸਿਆਂ ਵਿਚ ਵੀ ਚੌਕਸ ਰਹਿਣ ਲਈ ਕਿਹਾ ਗਿਆ ਹੈ। ਇਨਾਂ ਖੇਤਰਾਂ ਵਿਚਲੇ ਵਾਸੀਆਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਏਅਰ ਕੰਡੀਸ਼ਨ ਅੰਦਰਾਂ ਵਿਚ ਹੀ ਰਹਿਣ ਤੇ ਬਾਹਰ ਜਾਣ ਸਮੇ ਐਨ 95 ਮਾਸਕ ਪਾਉਣ।

ਬਾਰਿਸ਼ ਨਾ ਪੈਣ ਕਾਰਨ ਕੈਨੇਡਾ ਵਿਚ ਸੈਂਕੜੇ ਥਾਵਾਂ 'ਤੇ ਲੱਗੀ ਅੱਗ ਬੁਝਣ ਦਾ ਨਾਂ ਨਹੀਂ ਲੈ ਰਹੀ ਤੇ ਹੋਰ ਅੱਗੇ ਫੈਲਦੀ ਜਾ ਰਹੀ ਹੈ। ਕੈਨੇਡੀਅਨ ਇੰਟਰਏਜੰਸੀ ਫਾਰੈਸਟ ਫਾਇਰ ਸੈਂਟਰ ਅਨੁਸਾਰ 200 ਥਾਵਾਂ 'ਤੇ ਲੱਗੀ ਅੱਗ ਨਿਯੰਤਰਣ ਤੋਂ ਬਾਹਰ ਹੋ ਗਈ ਹੈ। ਅੱਗ ਕਾਰਨ



ਕੈਨੇਡਾ ਵਿਚ ਲੱਗੀ ਅੱਗ ਕਾਰਨ ਮਿਸ਼ੀਗਨ ਦੇ ਅਸਮਾਨ ਵਿਚ ਫੈਲਿਆ ਸੰਘਣਾ ਧੂੰਆਂ

ਅਮਰੀਕਾ ਦੇ ਪੂਰਬੀ ਤੱਟ ਉਪਰ ਬਦਲ ਸੰਤਰੀ ਰੰਗ ਦੇ ਹੋ ਗਏ ਹਨ ਤੇ ਹਵਾ ਦੀ ਗੁਣਵਤਾ ਖਰਾਬ ਹੋ ਗਈ ਹੈ। ਖਾਸ ਕਰਕੇ ਮੱਧ ਪੱਛਮੀ ਖੇਤਰ ਦੇ ਕੁਝ ਹਿੱਸੇ ਬੁਰੀ ਤਰਾਂ ਪ੍ਰਭਾਵਿਤ ਹੋਏ ਹਨ। ਸ਼ਿਕਾਗੋ (ਇਲੀਨੋਇਸ) ਤੇ ਡੈਟਰਾਇਟ (ਮਿਸ਼ੀਗਨ) ਖੇਤਰ ਵਿਚ ਹਵਾ ਦੀ ਗੁਣਵਤਾ ਵਿਸ਼ਵ ਭਰ ਵਿਚ ਸਭ ਤੋਂ ਖਰਾਬ ਹੋ ਗਈ ਹੈ। ਸ਼ਿਕਾਗੋ ਦੇ ਅਸਮਾਨ ਵਿਚ ਗਾੜਾ ਧੂੰਆਂ ਫੈਲ ਗਿਆ ਹੈ ਤੇ ਲੋਕਾਂ ਨੂੰ ਸੜਾਂਦ ਮਾਰਦੀ ਹਵਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਟਰੈਕਰ AirNow.gov ਅਨੁਸਾਰ ਵਿਸਕਾਸਿਨ ਦੇ ਜਿਆਦਾਤਰ ਹਿੱਸੇ, ਮਿਸ਼ੀਗਨ, ਇਲੀਨੋਇਸ, ਇੰਡਿਆਨਾ ਤੇ ਓਹੀਓ ਸਮੇਤ ਸ਼ਿਕਾਗੋ ਦੇ ਆਸ ਪਾਸ ਗਰੇਟ ਲੇਕਸ ਖੇਤਰ ਵਿਚ ਫੈਲੇ ਧੂੰਏਂ ਕਾਰਨ ਸਿਹਤ ਲਈ ਹਾਨੀਕਾਰਕ ਵਾਤਾਵਰਣ ਪੈਦਾ ਹੋ ਗਿਆ ਹੈ। ਇਸੇ ਦੌਰਾਨ ਧੂੰਏਂ ਵਾਲੀਆਂ ਹਵਾਵਾਂ ਨਿਊ ਯਾਰਕ ਵੱਲ ਵਗਣੀਆਂ ਸ਼ੁਰੂ ਹੋ ਗਈਆਂ ਹਨ ਤੇ ਪੱਛਮੀ ਅਤੇ ਕੇਂਦਰੀ ਨਿਊਯਾਰਕ ਦੇ ਹਿੱਸਿਆਂ ਵਿਚ ਹਵਾ ਦੀ ਗੁਣਵਤਾ ਖਰਾਬ ਹੋਣ ਦੀ ਚਿਤਾਵਨੀ ਦਿੱਤੀ ਗਈ ਹੈ ਜਿਸ ਕਾਰਨ ਸਿਹਤ ਉਪਰ ਬੁਰਾ ਪ੍ਰਭਾਵ ਪੈ ਸਕਦਾ ਹੈ। ਚਿਤਾਵਨੀ ਵਿਚ ਕਿਹਾ ਗਿਆ ਹੈ ਕਿ ਪੈਦਾ ਹੋਏ ਹਾਲਾਤ ਦੇ ਮੱਦੇਨਜਰ ਛੋਟੇ ਬੱਚਿਆਂ, ਬਜ਼ੁਰਗਾਂ ਜਾਂ ਜਿਨਾਂ ਲੋਕਾਂ ਨੂੰ ਦਿੱਲ ਜਾਂ ਫੇਫੜਿਆਂ ਦੀ ਬਿਮਾਰੀ ਹੈ,ਨੂੰ ਅੰਦਰ ਹੀ ਰਹਿਣਾ ਚਾਹੀਦਾ ਹੈ ਤੇ ਬਾਹਰ ਨਿਕਲਣ ਤੋਂ ਬਚਣਾ ਚਾਹੀਦਾ ਹੈ।

# ਮੋਦੀ ਨੂੰ ਸਵਾਲ ਪੁੱਛਣ ਵਾਲੀ ਪੱਤਰਕਾਰ ਨੂੰ ਪ੍ਰੇਸ਼ਾਨ ਕਰਨਾ ਪ੍ਰਵਾਨ ਨਹੀਂ : ਵਾਈਟ ਹਾਊਸ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਵਾਈਟ ਹਾਊਸ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਮਰੀਕਾ ਦੌਰੇ ਦੌਰਾਨ ਉਨਾਂ ਦੀ ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਨਾਲ ਸਾਂਝੀ ਪ੍ਰੈਸ ਕਾਨਫਰੰਸ ਦੌਰਾਨ ਭਾਰਤ ਵਿਚ ਧਾਰਮਿੱਕ ਅਧਿਕਾਰਾਂ ਤੇ ਬੋਲਣ ਦੀ ਆਜ਼ਾਦੀ ਬਾਰੇ ਸਵਾਲ ਪੁੱਛਣ ਵਾਲੀ ਵਾਲ ਸਟਰੀਟ ਦੀ ਪੱਤਰਕਾਰ ਸਬਰੀਨਾ ਸਦੀਕੀ ਨੂੰ ਪ੍ਰੇਸ਼ਾਨ ਕਰਨਾ ਕਿਸੇ ਵੀ ਹਾਲਤ ਵਿਚ ਪ੍ਰਵਾਨ ਨਹੀਂ ਹੈ। ਵਾਈਟ ਹਾਊਸ ਨੈਸ਼ਨਲ ਸਕਿਉਰਿਟੀ ਕੌਂਸਲ ਦੇ ਬੁਲਾਰੇ ਜੌਹਨ ਕਿਰਬੀ ਨੂੰ ਜਦੋਂ ਇਕ ਪ੍ਰੈਸ ਮਿਲਣੀ ਦੌਰਾਨ ਪੁੱਛਿਆ ਗਿਆ ਕਿ ਸਦੀਕੀ ਨੂੰ ਆਨ ਲਾਈਨ ਬਹੁਤ ਬੁਰੀ ਤਰਾਂ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ, ਇਸ ਬਾਰੇ ਤੁਸੀਂ ਕੀ ਕਹਿਣਾ ਚੁਹੰਦੇ ਹੋ ਤਾਂ ਉਨਾਂ ਕਿਹਾ ਕਿ ਅਸੀਂ ਅਜਿਹੀਆਂ ਰਿਪੋਰਟਾਂ ਤੋਂ ਜਾਣੂ ਹਾਂ, ਅਜਿਹਾ ਪ੍ਰਵਾਨ ਨਹੀਂ ਹੈ ਤੇ ਅਸੀਂ ਪੱਤਰਕਾਰ ਨੂੰ ਕਿਸੇ ਵੀ ਹਾਲਤ ਵਿਚ ਪ੍ਰੇਸ਼ਾਨ ਕਰਨ ਦੀ ਸਖਤ ਨਿੰਦਾ ਕਰਦੇ ਹਾਂ। ਵਾਈਟ ਹਾਊਸ ਦੇ ਪ੍ਰੈਸ ਸਕੱਤਰ ਕਰਾਈਨ ਜੀਨ ਪੀਰ ਨੇ ਵੀ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਅਸੀਂ ਪ੍ਰੈਸ ਦੀ ਆਜ਼ਾਦੀ ਪ੍ਰਤੀ ਦ੍ਰਿੜ ਸੰਕਲਪ ਹਾਂ ਤੇ ਪੱਤਰਕਾਰ ਨੂੰ ਡਰਾਉਣ ਧਮਕਾਉਣ ਤੇ ਪ੍ਰੇਸ਼ਾਨ ਕਰਨ ਦੀ ਕਿਸੇ ਵੀ ਕੋਸ਼ਿਸ਼ ਦੀ ਨਿੰਦਾ ਕਰਦੇ ਹਾਂ।

# ਕੈਲੀਫੋਰਨੀਆ 'ਚ ਇਕ ਯਾਤਰੀ ਰੇਲ ਗੱਡੀ ਦੇ ਟਰੱਕ ਨਾਲ ਟਕਰਾਉਣ ਕਾਰਨ 16 ਲੋਕ ਜ਼ਖਮੀ

## ਟਰੱਕ ਹੋਇਆ ਪੂਰੀ ਤਰਾਂ ਤਬਾਹ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਦੱਖਣੀ ਕੈਲੀਫੋਰਨੀਆ ਵਿਚ ਇਕ ਯਾਤਰੀ ਰੇਲ ਗੱਡੀ ਦੇ ਟਰੱਕ ਨਾਲ ਟਕਰਾਉਣ ਕਾਰਨ ਘੱਟੋ ਘੱਟ 16 ਲੋਕਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਟਰੱਕ ਨਾਲ ਟਕਰਾਉਣ ਉਪਰੰਤ ਰੇਲ ਗੱਡੀ ਅੰਸ਼ਕ ਰੂਪ ਵਿਚ ਪੱਟੜੀ ਤੋਂ ਲਹਿ ਗਈ ਜਦ ਕਿ ਟਰੱਕ ਪੂਰੀ ਤਰਾਂ ਤਬਾਹ ਹੋ ਗਿਆ। ਸਥਾਨਕ ਅਧਿਕਾਰੀਆਂ ਅਨੁਸਾਰ ਇਸ ਹਾਦਸੇ ਕਾਰਨ ਰੇਲ ਪੱਟੜੀ ਉਪਰ ਆਵਾਜਾਈ ਰੋਕ ਦਿੱਤੀ ਗਈ। ਵੈਂਟੁਰਾ ਕਾਊਂਟੀ ਫਾਇਰ ਵਿਭਾਗ ਅਨੁਸਾਰ ਟਰੱਕ ਦੇ ਡਰਾਈਵਰ ਨੂੰ ਟਰੌਮਾ ਸੈਂਟਰ ਵਿਚ ਦਾਖਲ ਕਰਵਾਇਆ ਗਿਆ ਹੈ ਜਦ ਕਿ ਇਕ ਹੋਰ ਯਾਤਰੀ ਨੂੰ ਮੈਡੀਕਲ ਸੈਂਟਰ ਲਿਜਾਇਆ ਗਿਆ ਹੈ । ਬਾਕੀ 14 ਯਾਤਰੀਆਂ ਦੇ ਮਾਮਲੀ ਸੱਟਾਂ ਵੱਜੀਆਂ ਹਨ। ਵਿਭਾਗ ਨੇ ਕਿਹਾ ਹੈ ਕਿ ਕੋਸਟ



ਦੱਖਣੀ ਕੈਲੀਫੋਰਨੀਆ ਵਿਚ ਰੇਲ ਗੱਡੀ ਦੀ ਟਰੱਕ ਨਾਲ ਹੋਈ ਟੱਕਰ ਦਾ ਦ੍ਰਿਸ਼

ਸਟਾਰਲਾਈਟ ਟਰੇਨ ਦੇ ਬਾਕੀ ਯਾਤਰੀ ਸੁਰੱਖਿਅਤ ਹਨ। ਰੇਲ ਸੇਵਾਵਾਂ ਦੇ ਆਪਰੇਟਰ ਐਮਟਰੈਕ ਨੇ ਕਿਹਾ ਹੈ ਕਿ ਟਰੇਨ ਨੰਬਰ 14 ਲਾਸ ਏਂਜਲਸ ਤੋਂ ਸੀਆਟਲ ਜਾ ਰਹੀ ਜਦੋਂ ਸਵੇਰੇ 11.15 ਵਜੇ ਮੂਰਪਾਰਕ, ਕੈਲੀਫੋਰਨੀਆ ਵਿਖੇ ਪੱਟੜੀ ਉਪਰ ਖੜੇ ਟਰੱਕ ਨਾਲ ਟਕਰਾ ਗਈ। ਐਮਟਰੈਕ ਅਨੁਸਾਰ ਰੇਲ ਗੱਡੀ ਅੰਸ਼ਕ ਰੂਪ ਵਿਚ ਪੱਟੜੀ ਤੋਂ ਲੱਥੀ ਹੈ ਤੇ ਉਹ ਸਿੱਧੀ ਖੜੀ ਹੈ। ਐਮਟਰੈਕ ਅਨੁਸਾਰ ਰੇਲ ਗੱਡੀ ਵਿਚ ਕੁਲ 198 ਯਾਤਰੀ ਤੇ 13 ਅਮਲੇ ਦੇ ਮੈਂਬਰ ਸਵਾਰ ਸਨ। ਉਨਾਂ ਕਿਹਾ ਕਿ ਯਾਤਰੀਆਂ ਲਈ ਬਦਲਵੇਂ ਆਵਾਜਾਈ ਦੇ ਸਾਧਨਾਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ।

# ਵਿਸ਼ਵ ਬੈਂਕ ਦੇ ਪ੍ਰਧਾਨ ਅਜੇ ਬੰਗਾ 'ਗਰੇਟ ਇਮੀਗਰਾਂਟਸ' ਦੀ ਸੂਚੀ ਵਿਚ ਸ਼ਾਮਲ


ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਕਾਰਨੇਜੀ ਕਾਰਪੋਰੇਸ਼ਨ ਨਿਊਯਾਰਕ ਵੱਲੋਂ ਵਿਸ਼ਵ ਬੈਂਕ ਦੇ ਪ੍ਰਧਾਨ ਅਜੇ ਬੰਗਾ ਨੂੰ ਆਪਣੀ 'ਗਰੇਟ ਇਮੀਗਰਾਂਟਸ-2023' ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ। ਕਾਰਨੇਜੀ ਕਾਰਪੋਰੇਸ਼ਨ ਦੁਆਰਾ ਇਸ ਸੂਚੀ ਵਿਚ ਪ੍ਰਵਾਸੀਆਂ ਦੀ ਚੋਣ ਉਨਾਂ ਦੁਆਰਾ ਅਮਰੀਕਾ ਦੇ ਵਿਕਾਸ ਵਿਚ ਪਾਏ ਯੋਗਦਾਨ ਦੇ ਆਧਾਰ 'ਤੇ ਕੀਤੀ ਜਾਂਦੀ ਹੈ। ਬੰਗਾ ਜੋ ਇਸ ਸਾਲ ਵਿਸ਼ਵ ਬੈਂਕ ਦੇ 14ਵੇਂ ਪ੍ਰਧਾਨ ਬਣੇ ਸਨ, ਨੂੰ ਵੱਖ ਵੱਖ ਪਿਛੋਕੜ ਤੇ ਖੇਤਰਾਂ ਨਾਲ ਸਬੰਧਤ ਉਨਾਂ 35 ਸਖਸ਼ੀਅਤਾਂ ਵਿਚ ਸ਼ਾਮਿਲ ਕੀਤਾ ਗਿਆ ਹੈ ਜਿਨਾਂ ਦੇ ਕੰਮਾਂ ਤੇ ਯੋਗਦਾਨ ਨੇ ਅਮਰੀਕੀ ਸਮਾਜ ਤੇ ਲੋਕਤੰਤਰ ਨੂੰ ਅਮੀਰ ਤੇ ਮਜਬੂਤ ਕੀਤਾ ਹੈ। ਮਾਣਮਤੀ ਕਾਰਨੇਜੀ ਸੂਚੀ ਵਿਚ ਸ਼ਾਮਿਲ ਹੋਣ ਵਾਲੇ ਬੰਗਾ ਪਹਿਲੇ ਭਾਰਤੀ ਅਮਰੀਕੀ ਹਨ ਜਿਸ



ਸੂਚੀ ਵਿਚ 2006 ਤੋਂ ਲੈ ਕੇ ਹੁਣ ਤੱਕ 700 'ਗਰੇਟ ਇਮੀਗਰਾਂਟਸ' ਨੂੰ ਸ਼ਾਮਿਲ ਕੀਤਾ ਜਾ ਚੁੱਕਾ ਹੈ।

# ਭਾਰਤੀ ਮੂਲ ਦੇ ਕੇਨ ਮੈਥੀਊ ਨੇ ਅਮਰੀਕਾ ਦੇ ਸਟਾਫੋਰਡ ਸ਼ਹਿਰ ਦੇ ਮੇਅਰ ਵਜੋਂ ਸਹੁੰ ਚੁੱਕੀ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਕੇਰਲਾ ਵਿੱਚ ਪੈਦਾ ਹੋਏ ਭਾਰਤੀ - ਅਮਰੀਕੀ ਕੇਨ ਮੈਥੀਊ ਨੇ ਸਟਾਫੋਰਡ (ਟੈਕਸਾਸ) ਦੇ ਮੇਅਰ ਵਜੋਂ ਸਹੁੰ ਚੁੱਕੀ। ਸਾਬਕਾ ਸਟਾਫੋਰਡ ਸਿਟੀ ਕੌਂਸਲ ਮੈਂਬਰ ਮੈਥੀਊ ਨੂੰ ਅਹੁੱਦੇ ਦੀ ਸਹੁੰ ਉਨਾਂ ਦੇ ਹੀ ਹਮ ਰੁੱਤਬਾ ਇਕ ਹੋਰ ਭਾਰਤੀ- ਅਮਰੀਕੀ ਮਿਸੌਰੀ ਸਿਟੀ ਮੇਅਰ ਰਾਬਿਨ ਈਲੈਕਟ ਨੇ ਚੁੱਕਾਈ। ਹੋਏ ਵਿਸ਼ੇਸ਼ ਸਹੁੰ ਚੁੱਕ ਸਮਾਗਮ ਵਿਚ ਮੈਥੀਊ ਦੇ ਪਰਿਵਾਰਕ ਮੈਂਬਰ ਤੇ ਚੋਟੀ ਦੇ ਅਧਿਕਾਰੀ ਸ਼ਾਮਿਲ ਹੋਏ। ਮੈਥੀਊ ਨੇ ਮੌਜੂਦਾ ਮੇਅਰ ਸੀਸਿਲ ਵਿਲਜ ਨੂੰ 16 ਵੋਟਾਂ ਨਾਲ ਹਰਾ ਕੇ ਇਤਿਹਾਸ ਸਿਰਜਿਆ ਹੈ। ਉਨਾਂ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਪ੍ਰਮਾਤਮਾ ਦੀ ਕਿਰਪਾ ਨਾਲ ਉਹ ਇਸ ਮੁਕਾਮ 'ਤੇ ਪੁੱਜੇ ਹਨ। ਮੈਥਿਊ ਪਹਿਲੀ ਵਾਰ ਸਟਾਫੋਰਡ ਕੌਂਸਲ ਲਈ ਚੁਣੇ ਗਏ ਸਨ। ਓਦੋਂ ਤੋਂ ਹੀ ਉਹ ਕੌਂਸਲ ਵਿਚ ਆਪਣੀ ਸੇਵਾਵਾਂ ਨਿਭਾਅ ਰਹੇ ਹਨ। ਇਸ ਤੋਂ ਪਹਿਲਾਂ ਉਨਾਂ ਨੇ ਸ਼ਹਿਰ ਦੇ ਪਲੈਨਿੰਗ ਐਂਡ ਜ਼ੋਨਿੰਗ ਕਮਿਸ਼ਨ ਵਿਚ ਵੀ



ਕੇਨ ਮੈਥਿਊ ਸਟਾਫੋਰਡ ਦੇ ਮੇਅਰ ਵਜੋਂ ਸਹੁੰ ਚੁੱਕਦੇ ਹੋਏ

ਕਈ ਸਾਲਾ ਸੇਵਾਵਾਂ ਨਿਭਾਈਆਂ ਹਨ। ਮੈਥਿਊ ਯੁਨੀਵਰਿਸਟੀ ਆਫ ਬੰਬੇ ਤੋਂ ਡਿਗਰੀ ਕਰਨ ਉਪਰੰਤ 1970 ਵਿਆਂ ਵਿਚ ਅਮਰੀਕਾ ਚਲੇ ਗਏ ਸਨ। ਐਮ ਬੀ ਏ ਪਾਸੇ ਮੈਥੀਊ 1982 ਤੋਂ ਸਟਾਫੋਰਡ ਵਿਚ ਰਹਿ ਰਹੇ ਹਨ। ਭਾਰਤੀ ਅਮਰੀਕੀ ਫੋਰਟ ਬੈਂਡ ਕਾਊਂਟੀ ਜੱਜ ਕੇ ਪੀ ਜਾਰਜ ਸਮੇਤ ਅਨੇਕਾਂ ਹੋਰਨਾਂ ਨੇ ਮੈਥੀਊ ਨੂੰ ਮੇਅਰ ਬਣਨ 'ਤੇ ਵਧਾਈਆਂ ਦਿੱਤੀਆਂ ਹਨ।


ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ
Coming Soon!
Fresno California
ਵਿਚ ਖੁੱਲ੍ਹ ਰਿਹਾ ਨਵਾਂ ਦਫ਼ਤਰ
ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ
• ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ • BIA ਅਪੀਲ
• 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
Law office of Anthony Nwosu
239 West Yosemite Ave Manteca CA 95336
ਸਾਡਾ ਆਫ਼ਿਸ਼ Oakland ਅਤੇ Sacramento ਵਿਚ ਵੀ ਹੈ।
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ
ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
209-481-7750
510-472-0608
PH. : 209-624-3919
ਸ੍ਰ. ਹਰਮਿੰਦਰ ਸਿੰਘ ਸਮਾਣਾ
ਆਫ਼ਿਸ ਮੈਨੇਜਰ
Anthony Nwosu
Attorney at Law

# ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ ਕੈਨੇਡਾ ਪੜ੍ਹਨ ਗਏ ਵਿਦਿਆਰਥੀ

ਬੀਤੇ ਦਿਨੀਂ ਡੀ.ਡੀ. ਪੰਜਾਬੀ ਦੇ ਚਰਚਿਤ ਪ੍ਰੋਗਰਾਮ 'ਗੱਲਾਂ ਤੇ ਗੀਤ' ਵਿਚ ਬੜੇ ਮਹੱਤਵਪੂਰਨ ਤੇ ਪ੍ਰਸੰਗਕ ਵਿਸ਼ੇ ਨੂੰ ਵਿਚਾਰਿਆ ਗਿਆ। ਵਿਸ਼ਾ ਸੀ 'ਵਿਦੇਸ਼ਾਂ ਵਿਚ ਪੰਜਾਬੀ ਨੌਜਵਾਨਾਂ ਦੀ ਸਥਿਤੀ' ਅਤੇ ਮਾਹਿਰ ਵਜੋਂ ਸਵਾਲਾਂ ਦੇ ਜਵਾਬ ਦੇਣ ਲਈ ਸਟੂਡੀਓ ਵਿਚ ਮੌਜੂਦ ਸਨ ਸ੍ਰੀ ਸੁੱਖੀ ਬਾਠ। ਉਹ ਕੈਨੇਡਾ ਵਿਚ ਰਹਿੰਦਿਆਂ ਜਿਥੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਲਈ ਨਿੱਠ ਕੇ ਕੰਮ ਕਰ ਰਹੇ ਹਨ, ਉਥੇ ਪੰਜਾਬ ਤੋਂ ਗਏ ਵਿਦਿਆਰਥੀਆਂ ਨੂੰ ਪੇਸ਼ ਆਉਂਦੀਆਂ ਪ੍ਰੇਸ਼ਾਨੀਆਂ ਦੇ ਹੱਲ ਲਈ ਵੀ ਹਮੇਸ਼ਾ ਤਤਪਰ ਰਹਿੰਦੇ ਹਨ। ਬੀਤੇ ਕੁਝ ਸਮੇਂ ਤੋਂ ਕੈਨੇਡਾ ਤੋਂ ਪੰਜਾਬੀ ਵਿਦਿਆਰਥੀਆਂ ਦੇ ਪ੍ਰਸੰਗ ਵਿਚ ਬੁਰੀਆਂ ਖ਼ਬਰਾਂ ਆ ਰਹੀਆਂ ਹਨ। ਸ਼ਾਇਦ ਇਸੇ ਲਈ ਡੀ.ਡੀ. ਪੰਜਾਬੀ ਨੇ ਉਪਰੋਕਤ ਵਿਸ਼ੇ ਦੀ ਚੋਣ ਕਰ ਕੇ ਸ੍ਰੀ ਸੁੱਖੀ ਬਾਠ ਹੁਰਾਂ ਨੂੰ ਗੱਲਬਾਤ ਲਈ ਸੱਦਾ ਦਿੱਤਾ। ਕਿਉਂਕਿ ਉਹ ਇਸ ਸਮੱਸਿਆ ਨੂੰ ਨੇੜੇ ਤੋਂ ਸਮਝਦੇ ਹਨ, ਜਾਣਦੇ ਹਨ ਅਤੇ ਇਸ ਦੇ ਹੱਲ ਲਈ ਲਗਾਤਾਰ ਯਤਨਸ਼ੀਲ ਹਨ। ਸੋ, ਉਨ੍ਹਾਂ ਨੇ ਮਸਲੇ ਦੀ ਜੜ੍ਹ ਵੱਲ ਸੰਕੇਤ ਕਰਦੇ ਹੋਏ ਮਾਪਿਆਂ, ਵਿਦਿਆਰਥੀਆਂ ਅਤੇ ਹੋਰ ਨੌਜਵਾਨਾਂ ਨੂੰ ਠੋਸ ਸੁਝਾਅ ਦਿੱਤੇ ਹਨ, ਜਿਨ੍ਹਾਂ ਨੂੰ ਅਮਲ ਵਿਚ ਲਿਆ ਕੇ ਵਿਦੇਸ਼ਾਂ ਵਿਚ ਪੜ੍ਹਾਈ ਕਰ ਰਹੇ ਪੰਜਾਬੀ ਵਿਦਿਆਰਥੀ ਆਰਥਿਕ ਤੰਗੀ, ਉਦਰੇਵੇਂ, ਇਕੱਲੇਪਨ, ਉਦਾਸੀ ਅਤੇ ਤਣਾਅ 'ਚੋਂ ਉਭਰ ਸਕਦੇ ਹਨ। ਸੁੱਖੀ ਬਾਠ ਦਾ ਕਹਿਣਾ ਹੈ ਕਿ ਕੈਨੇਡਾ ਵਿਚ ਸਥਿਤੀ ਨਾ ਸਿਰਫ਼ ਬੜੀ ਨਾਜ਼ੁਕ ਹੈ, ਬਲਕਿ ਹੱਥੋਂ ਨਿਕਲਦੀ ਜਾ ਰਹੀ ਹੈ। ਪੂਰੀ ਦੁਨੀਆ ਵਿਚੋਂ ਨੌਜਵਾਨ ਕੈਨੇਡਾ ਆ ਰਹੇ ਹਨ ਪਰ ਹੁਣ ਉਥੇ ਓਨੇ ਮੌਕੇ, ਓਨੀਆਂ ਸਹੂਲਤਾਂ, ਓਨੇ ਕਾਲਜ ਨਹੀਂ। ਮਾਪਿਆਂ ਨੂੰ ਸੁਚੇਤ ਹੋਣ ਦੀ ਲੋੜ ਹੈ। ਮਾਪੇ ਦਾਖ਼ਲਾ ਦਿਵਾ ਕੇ ਇਕ ਸਮੈਸਟਰ ਦੀ ਫ਼ੀਸ ਭਰ ਕੇ ਸੁਰਖ਼ਰੂ ਹੋ ਜਾਂਦੇ ਹਨ। ਸਮਝਦੇ ਹਨ ਕਿ ਸਾਡੀ ਜ਼ਿੰਮੇਵਾਰੀ ਮੁੱਕ ਗਈ। ਦਰਅਸਲ ਹਕੀਕਤ ਇਹ ਨਹੀਂ ਹੈ। ਬੱਚੇ ਨੇ ਹਵਾਈ ਅੱਡੇ 'ਤੇ ਉੱਤਰ ਕੇ ਕਿੱਥੇ ਜਾਣਾ ਹੈ, ਕਿਥੇ ਰਹਿਣਾ ਹੈ, ਕਿਵੇਂ ਖਾਣਾ ਪੀਣਾ ਹੈ, ਰੋਜ਼ਾਨਾ ਦੇ ਖ਼ਰਚਿਆਂ ਦਾ ਪ੍ਰਬੰਧ ਕਿਵੇਂ ਕਰਨਾ ਹੈ, ਇਹ ਚਿੰਤਾਵਾਂ ਪਹਿਲੇ ਦਿਨ ਤੋਂ ਹੀ ਆਰੰਭ ਹੋ ਜਾਂਦੀਆਂ ਹਨ। ਮਾਪੇ ਬੱਚਿਆਂ ਨੂੰ ਵੱਡੀਆਂ ਰਕਮਾਂ ਖ਼ਰਚ ਕੇ ਵਿਦੇਸ਼ ਭੇਜਦੇ ਹਨ ਪਰ ਬਹੁਤੇ ਬੱਚਿਆਂ ਕੋਲ ਮੁਹਾਰਤ ਨਹੀਂ ਹੈ, ਸੰਚਾਰ ਸਮਰੱਥਾ ਨਹੀਂ ਹੈ, ਸਵੈ-ਵਿਸ਼ਵਾਸ ਨਹੀਂ ਹੈ। ਉਹ ਪੜ੍ਹਾਈ ਵਿਚ ਤਾਂ ਠੀਕ ਹਨ ਪਰ ਜ਼ਿੰਦਗੀ ਕਿਵੇਂ ਜਿਊਣੀ ਹੈ, ਇਹ ਪਤਾ ਨਹੀਂ ਹੈ? ਸਭ ਤੋਂ ਵੱਡੀ ਸਮੱਸਿਆ ਰਿਹਾਇਸ਼ ਦੀ ਹੈ। ਅੱਠ-ਅੱਠ ਵਿਦਿਆਰਥੀ ਇਕ ਕਮਰੇ ਵਿਚ ਰਹਿ ਰਹੇ ਹਨ। ਇਥੇ ਬੱਚਿਆਂ ਨੂੰ ਕੰਮ ਦੀ ਆਦਤ ਨਹੀਂ ਹੁੰਦੀ, ਉਥੇ ਕੰਮ ਬਿਨਾਂ ਸਰਦਾ ਨਹੀਂ। ਨਿਰਾਸ਼ ਹੋ ਕੇ ਉਹ ਖ਼ੁਦ ਨੂੰ ਕਮਰੇ 'ਚ ਬੰਦ ਕਰ ਲੈਂਦੇ ਹਨ। ਇਹ ਬੜੀ ਚਿੰਤਾ ਵਾਲੀ ਸਥਿਤੀ ਹੈ। ਬੱਚੇ ਬਿਮਾਰ ਹੋ ਰਹੇ ਹਨ।

ਉਥੇ ਪਹੁੰਚਣ ਤੋਂ ਕੁਝ ਮਹੀਨੇ ਬਾਅਦ ਉਨ੍ਹਾਂ ਨੂੰ ਸਮਝ ਆਉਣ ਲੱਗਦਾ ਹੈ ਕਿ ਇਹ ਮੁਲਕ ਵੱਖਰੀ ਤਰ੍ਹਾਂ ਦੇ ਹਨ। ਬੱਚੇ ਮਾਨਸਿਕ ਦਬਾਅ ਵਿਚ ਚਲੇ ਜਾਂਦੇ ਹਨ। ਉਥੇ ਬੜੇ ਲੋਕ ਹਨ ਜਿਹੜੇ ਅਜਿਹੇ ਬੱਚਿਆਂ ਨੂੰ ਗ਼ਲਤ ਰਸਤੇ ਪਾ ਦਿੰਦੇ ਹਨ। ਮਾਪਿਆਂ ਨੂੰ ਚਾਹੀਦਾ ਹੈ ਕਿ ਇਧਰੋਂ ਫ਼ੋਨ ਰਾਹੀਂ, ਵੀਡੀਓ ਕਾਲ ਰਾਹੀਂ ਸੰਪਰਕ ਬਣਾਈ ਰੱਖਣ। ਓਧਰ ਦੇ ਚੰਗੇ ਲੋਕਾਂ ਨਾਲ ਬੱਚਿਆਂ ਨੂੰ ਜੋੜਨ ਦੀ ਕੋਸ਼ਿਸ਼ ਕਰਨ। ਉਨ੍ਹਾਂ ਨੂੰ ਧਾਰਮਿਕ, ਸਮਾਜਿਕ, ਸੱਭਿਆਚਾਰਕ, ਸਰਗਰਮੀਆਂ ਵਿਚ ਸ਼ਾਮਿਲ ਹੋਣ ਲਈ ਪ੍ਰੇਰਿਤ ਕਰਨ।

ਉਦਾਸੀ, ਇਕੱਲਤਾ, ਤਣਾਅ ਉਥੇ ਆਮ ਗੱਲ ਹੋ ਗਈ ਹੈ। ਜੀਵਨ-ਸ਼ੈਲੀ ਵੱਖਰੀ ਹੈ। ਜੀਵਨ-ਰਫ਼ਤਾਰ ਅਲਗ ਹੈ। ਮਾਇਕ ਪਹਿਲੂ ਬੜੀ ਅਹਿਮ ਭੂਮਿਕਾ ਨਿਭਾਉਂਦੇ ਹਨ। ਜੇਕਰ ਮਾਪਿਆਂ ਕੋਲ ਚਾਰ ਸਾਲ ਦੀਆਂ ਫ਼ੀਸਾਂ ਅਤੇ ਹੋਰ ਖ਼ਰਚਾ ਨਹੀਂ ਹੈ ਤਾਂ ਉਹ ਬੱਚਿਆਂ ਨੂੰ ਕੱਚੀ ਉਮਰ ਵਿਚ ਬਲੀ ਦਾ ਬੱਕਰਾ ਨਾ ਬਣਾਉਣ। ਉਥੇ ਬਹੁਤ ਚੰਗੇ ਲੋਕ ਹਨ ਪਰ ਅਜਿਹੇ ਵੀ ਹਨ ਜਿਹੜੇ ਵਿਦਿਆਰਥੀਆਂ ਨੂੰ ਸਹੀ ਮਿਹਨਤਾਨਾ ਨਹੀਂ ਦਿੰਦੇ। ਉਨ੍ਹਾਂ ਨੂੰ ਪ੍ਰੇਸ਼ਾਨ ਕਰਦੇ ਹਨ।

ਸੋਸ਼ਲ ਮੀਡੀਆ 'ਤੇ ਕਈ ਤਰ੍ਹਾਂ ਦੀਆਂ ਵੀਡੀਓ ਆਉਂਦੀਆਂ ਹਨ। ਮਕਾਨ ਮਾਲਕ ਧੱਕੇ ਕਰਦੇ ਹਨ। ਕਈ ਵਾਰ ਉਹ ਵੀ ਮਜਬੂਰ ਹੁੰਦੇ ਹਨ। ਮਹਿੰਗਾਈ ਬਹੁਤ ਵਧ ਗਈ ਹੈ, ਸਰਕਾਰਾਂ ਸਮੇਂ-ਸਮੇਂ ਨਿਯਮ ਕਾਨੂੰਨ ਬਦਲਦੀਆਂ ਰਹਿੰਦੀਆਂ ਹਨ, ਜਿਨ੍ਹਾਂ ਤੋਂ ਹਰ ਕੋਈ ਪ੍ਰਭਾਵਿਤ ਹੁੰਦਾ ਹੈ। ਜਿਹੜੇ ਬੱਚੇ ਆਰਥਿਕ ਪੱਖੋਂ ਮਜ਼ਬੂਤ ਹਨ। ਮਾਨਸਿਕ ਸਰੀਰਕ ਤੌਰ 'ਤੇ ਤਕੜੇ ਹਨ। ਪਿੱਛੋਂ ਮਾਪਿਆਂ ਦੀ ਸਪੋਰਟ ਅਤੇ ਹੱਲਾਸ਼ੇਰੀ ਮਿਲਦੀ ਰਹਿੰਦੀ ਹੈ, ਉਹ ਉਥੋਂ ਦੇ ਉਤਰਾਅ-ਚੜ੍ਹਾਅ ਝੱਲ ਜਾਂਦੇ ਹਨ।

ਦਰਅਸਲ ਇੱਧਰਲੀਆਂ ਸਰਕਾਰਾਂ ਨੂੰ ਚਾਹੀਦਾ ਹੈ ਕਿ ਸਮੇਂ-ਸਮੇਂ ਅਜਿਹੀਆਂ ਵਰਕਸ਼ਾਪਾਂ ਦਾ ਆਯੋਜਨ ਕਰਨ, ਜਿਨ੍ਹਾਂ ਵਿਚ ਮਾਹਰ ਇਹ ਦੱਸਣ ਕਿ ਵਿਦੇਸ਼ਾਂ ਵਿਚ ਜਾ ਕੇ ਨੌਜਵਾਨਾਂ ਨੂੰ ਕਿਸ ਤਰ੍ਹਾਂ ਦਾ ਜੀਵਨ ਜਿਊਣਾ ਪਵੇਗਾ। ਉਥੇ ਕਿਸ ਕਿਸਮ ਦੀਆਂ ਮੁਸ਼ਕਿਲਾਂ, ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਹੋਵੇਗਾ? ਉਥੇ ਵਿਦਿਆਰਥੀਆਂ ਲਈ ਕਿਹੜੀਆਂ ਨੌਕਰੀਆਂ ਹਨ ਅਤੇ ਉਨ੍ਹਾਂ ਲਈ ਕਿਵੇਂ ਅਪਲਾਈ ਕਰਨਾ ਹੋਵੇਗਾ। ਅਜਿਹੀ ਬੁਨਿਆਦੀ ਤੇ ਮੁਢਲੀ ਜਾਣਕਾਰੀ ਪ੍ਰਾਪਤ ਕਰ ਕੇ ਨੌਜਵਾਨਾਂ ਵਿਚ ਸਵੈ-ਵਿਸ਼ਵਾਸ ਆਵੇਗਾ ਅਤੇ ਉਹ ਉਥੋਂ ਦੇ ਜੀਵਨ ਲਈ ਮਾਨਸਿਕ ਤੌਰ 'ਤੇ ਤਿਆਰ ਹੋ ਜਾਣਗੇ। ਮਾਨਸਿਕ ਪੱਖੋਂ ਬੱਚਿਆਂ ਨੂੰ ਤਿਆਰ ਕਰ ਕੇ ਭੇਜਣਾ ਨਿਹਾਇਤ ਜ਼ਰੂਰੀ ਹੈ।

12ਵੀਂ ਪਾਸ ਬੱਚਾ ਕਿਸੇ ਵੀ ਪੱਖੋਂ ਐਨਾ ਸਿਆਣਾ, ਐਨਾ ਸਮਝਦਾਰ, ਐਨਾ ਤਜਰਬੇਕਾਰ ਨਹੀਂ ਹੁੰਦਾ ਕਿ ਉਹ ਸੱਤ ਸਮੁੰਦਰੋਂ ਪਾਰ ਵਿਦੇਸ਼ੀ ਧਰਤੀ 'ਤੇ ਪਰਾਏ ਲੋਕਾਂ ਵਿਚ ਸਹਿਜ ਰਹਿ ਕੇ ਸਭ ਕੁਝ ਬਰਦਾਸ਼ਤ ਕਰ ਲਏਗਾ। ਕੈਨੇਡਾ ਗਿਆ 18-19 ਸਾਲ ਦਾ ਵਿਦਿਆਰਥੀ ਜਦ ਪੜ੍ਹਾਈ ਨਾਲ ਨੌਕਰੀ ਕਰਨੀ ਚਾਹੁੰਦਾ ਹੈ ਤਾਂ ਵੱਖ-ਵੱਖ ਵੈੱਬਸਾਈਟਾਂ 'ਤੇ ਜਾ ਕੇ ਵੇਖਦਾ ਹੈ ਕਿ ਇਸ ਉਮਰ-ਵਰਗ ਲਈ ਕੋਈ ਵੀ ਨੌਕਰੀ ਉਪਲਬੱਧ ਨਹੀਂ ਹੈ ਤਾਂ ਉਹ ਪ੍ਰੇਸ਼ਾਨ ਹੋ ਜਾਂਦਾ ਹੈ। ਉਨ੍ਹਾਂ ਨੌਜਵਾਨਾਂ ਨੂੰ ਚਾਹੀਦਾ ਹੈ ਕਿ ਉਥੇ ਪੰਜਾਬੀ ਭਾਈਚਾਰੇ ਨਾਲ ਸੰਪਰਕ ਵਿਚ ਰਹਿਣ। ਉਸਾਰੂ ਰੁਝੇਵੇਂ ਲੱਭਣ, ਲੋਕਾਂ ਨਾਲ ਤਾਲਮੇਲ ਰੱਖਣਗੇ ਤਾਂ ਨੌਕਰੀ ਦੇ ਮੌਕੇ ਵੀ ਮਿਲਣ ਲੱਗਣਗੇ।

ਇਥੇ ਇਕੱਲਾਪਨ ਬਹੁਤ ਹੈ। ਇਕੱਲੇਪਨ ਨੂੰ ਦੂਰ ਕਰਨ ਦੇ ਯਤਨ ਹੋਣੇ ਚਾਹੀਦੇ ਹਨ। ਇਸ ਦੇ ਲਈ ਨੌਜਵਾਨਾਂ ਨੂੰ ਖ਼ੁਦ ਵੀ ਕੋਸ਼ਿਸ਼ ਕਰਨੀ ਪਵੇਗੀ। ਸਮੇਂ ਦੀ ਵਿਉਂਤਬੰਦੀ ਕਰ ਕੇ ਸਮਾਜ ਨਾਲ ਸੰਪਰਕ ਵਿਚ ਰਹਿਣਾ ਪਵੇਗਾ। ਉਸਾਰੂ ਸਿਹਤਮੰਦ ਸਰਗਰਮੀਆਂ ਵਿਚ ਸ਼ਮੂਲੀਅਤ ਕਰਨੀ ਪਵੇਗੀ। ਡਾਇਰੀ ਲਿਖਣ ਦੀ ਆਦਤ ਪਾਉਣੀ ਪਵੇਗੀ। ਅਨੁਸ਼ਾਸਨ ਵਿਚ ਰਹਿਣਾ ਹੋਵੇਗਾ। ਜ਼ਿੰਦਗੀ ਦੇ ਨਿਸ਼ਾਨੇ ਮਿੱਥਣੇ ਪੈਣਗੇ। ਮਾਪਿਆਂ ਨੂੰ ਇਹ ਯਕੀਨੀ ਬਣਾਉਣਾ ਪਵੇਗਾ ਕਿ ਉਥੇ ਜਾ ਕੇ ਬੱਚੇ ਨੂੰ ਫੀਸਾਂ ਅਤੇ ਬਾਕੀ ਖ਼ਰਚਿਆਂ ਲਈ ਪ੍ਰੇਸ਼ਾਨ ਨਾ ਹੋਣਾ ਪਵੇ। ਉਥੇ ਜਿੰਨੇ ਵੀ ਦੋਸਤ-ਮਿੱਤਰ, ਰਿਸ਼ਤੇਦਾਰ ਹਨ, ਸਾਰਿਆਂ ਨਾਲ ਉਸ ਦੀ ਜਾਣ-ਪਛਾਣ ਕਰਵਾਓ ਤਾਂ ਜੋ ਉਹ ਇਕੱਲੇਪਨ ਅਤੇ ਉਦਰੇਵੇਂ ਤੋਂ ਬਚਿਆ ਰਹੇ। ਵਿਦੇਸ਼ ਗਏ ਬੱਚੇ ਆਪਣੀ ਪ੍ਰੇਸ਼ਾਨੀ ਮਾਤਾ-ਪਿਤਾ ਨਾਲ ਸਾਂਝੀ ਨਹੀਂ ਕਰਦੇ। ਜੇ ਫ਼ੋਨ 'ਤੇ ਤੁਹਾਨੂੰ ਲਗਦਾ ਹੈ ਕਿ ਬੱਚਾ ਉਦਾਸ ਹੈ ਤਾਂ ਉਸ ਦੀ ਉਦਾਸੀ ਦਾ ਕਾਰਨ ਜਾਣਨ ਦੀ ਕੋਸ਼ਿਸ਼ ਕਰੋ। ਉਸ ਨੂੰ ਜਿੰਮ ਜਾਣ ਲਈ ਕਹੋ। ਗੁਰਦੁਆਰਾ ਸਾਹਿਬ, ਮੰਦਰ ਜਾਂਦੇ ਰਹਿਣ ਲਈ ਪ੍ਰੇਰਿਤ ਕਰੋ। ਅਜਿਹਾ ਕਰ ਕੇ ਹੀ ਉਹ ਉਥੋਂ ਦੇ ਮਾਹੌਲ ਵਿਚ ਉਥੋਂ ਦੇ ਜੀਵਨ ਵਿਚ ਰਚ-ਮਿਚ ਸਕਦਾ ਹੈ।

- ਪ੍ਰੋ. ਕੁਲਬੀਰ ਸਿੰਘ

# ਮਨੀਪੁਰ 'ਚ ਹਿੰਸਾ ਦੀ ਅੱਗ ਕਦੋਂ ਬੁਝੇਗੀ ?

**ਡਾ.ਅਨੀਤਾ ਰਾਠੌਰ**



ਲਗਭਗ ਦੋ ਮਹੀਨੇ ਹੋ ਗਏ ਹਨ ਪਰ ਮਨੀਪੁਰ 'ਚ ਹਿੰਸਾ ਤੇ ਸਾੜ-ਫ਼ੂਕ ਦੀਆਂ ਘਟਨਾਵਾਂ ਰੁਕਣ ਦਾ ਨਾਂਅ ਨਹੀਂ ਲੈ ਰਹੀਆਂ। ਮ੍ਰਿਤਕਾਂ ਦੀ ਗਿਣਤੀ 150 ਤੋਂ ਵੱਧ ਹੋ ਗਈ ਹੈ, ਕਈ ਪਿੰਡ ਸੜ ਕੇ ਸੁਆਹ ਹੋ ਚੁੱਕੇ ਹਨ, ਪਸ਼ੂ ਮਰ ਰਹੇ ਹਨ, ਖਾਣ-ਪੀਣ ਦੇ ਸਾਮਾਨ ਦੀ ਵੱਡੀ ਘਾਟ ਪੈਦਾ ਹੋ ਗਈ ਹੈ, ਨਾ ਸਕੂਲ ਖੁੱਲ੍ਹ ਰਹੇ ਹਨ ਅਤੇ ਨਾ ਪ੍ਰੀਖਿਆਵਾਂ ਹੋਈਆਂ ਹਨ। 50 ਹਜ਼ਾਰ ਤੋਂ ਵੱਧ ਲੋਕ ਬੇਘਰ ਹੋ ਕੇ ਰਾਹਤ ਕੈਂਪਾਂ 'ਚ ਰਹਿਣ ਲਈ ਮਜਬੂਰ ਹਨ। ਸਭ ਤੋਂ ਚਿੰਤਾਜਨਕ ਪਹਿਲੂ ਇਹ ਹੈ ਕਿ ਉਦਾਰਵਾਦੀ ਆਵਾਜ਼ ਦਾ ਮਨੀਪੁਰ ਭਾਈਚਾਰੇ ਨਾਲ ਸਾਰਾ ਸੰਪਰਕ ਟੁੱਟ ਚੁੱਕਾ ਹੈ। ਆਪਸ 'ਚ ਖ਼ੂਨੀ ਦੁਸ਼ਮਣੀ ਦੀ ਹੱਦ ਤੱਕ ਵੰਡੇ ਗਏ ਇਹ ਭਾਈਚਾਰੇ ਹਿੰਸਾ ਦੇ ਮਾੜੇ ਪ੍ਰਭਾਵਾਂ ਹੇਠ ਇਕ-ਦੂਜੇ ਦੇ ਪਿੱਛੇ ਪਏ ਹੋਏ ਹਨ। ਇੰਟਰਨੈੱਟ ਬੰਦ ਹੋਣ ਕਾਰਨ, ਰਾਜ ਜੇਕਰ ਚਾਹੇ ਵੀ ਤਾਂ ਉਸ ਕੋਲ ਜਨਤਾ ਨਾਲ ਸੰਪਰਕ ਕਰਨ ਦੇ ਸੀਮਤ ਸਾਧਨ ਹਨ, ਸੁਰੱਖਿਆ ਦਲਾਂ ਦੀ ਤਾਇਨਾਤੀ ਮਸਲੇ ਦਾ ਹੱਲ ਨਹੀਂ ਹੈ ।

ਇਕ ਤਰ੍ਹਾਂ ਨਾਲ ਮਨੀਪੁਰ 'ਚ ਹਿੰਸਾ ਵੀ ਆਪਣਾ ਰੰਗ ਬਦਲ ਰਹੀ ਹੈ, ਜਿਸ 'ਤੇ ਰਾਜ ਦੇ ਮੁੱਖ ਮੰਤਰੀ ਐਨ. ਬਿਰੇਨ ਸਿੰਘ ਦੇ ਅਨੁਸਾਰ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀ ਚਿੰਤਾ ਪ੍ਰਗਟਾਈ ਹੈ। ਹਿੰਸਕ ਟਕਰਾਅ ਤੇ ਅਸ਼ਾਂਤੀ ਪਹਿਲਾਂ ਸਰਹੱਦੀ ਖੇਤਰਾਂ ਤੱਕ ਸੀਮਤ ਸੀ, ਪਰ ਹੁਣ ਇਹ ਇੰਫਾਲ ਘਾਟੀ ਦੇ ਜ਼ਿਲ੍ਹਿਆਂ 'ਚ ਵੀ ਫੈਲ ਗਈ ਹੈ। ਕੇਂਦਰੀ ਤੇ ਰਾਜ ਦੇ ਮੰਤਰੀਆਂ ਦੇ ਘਰ ਅਤੇ ਗੁਦਾਮ ਵੀ ਸੁਰੱਖਿਅਤ ਨਹੀਂ ਰਹੇ ਹਨ, ਉੱਥੇ ਵੀ ਸਾੜ-ਫ਼ੂਕ ਦੀਆਂ ਘਟਨਾਵਾਂ ਵਾਪਰੀਆਂ ਹਨ। ਇਸ ਨਾਲ ਆਮ ਜਨਤਾ ਦੀ ਸੁਰੱਖਿਆ ਦਾ ਅੰਦਾਜ਼ਾ ਖ਼ੁਦ ਹੀ ਲਗਾਇਆ ਜਾ ਸਕਦਾ ਹੈ। ਮਨੀਪੁਰ ਦੇ ਵਿਸਫੋਟਕ ਹਾਲਾਤ ਇਸ ਗੱਲ ਤੋਂ ਵੀ ਜ਼ਾਹਿਰ ਹੁੰਦੇ ਹਨ ਕਿ ਤਲਾਸ਼ੀ ਮੁਹਿੰਮ ਦੌਰਾਨ ਪਿਛਲੇ 36 ਘੰਟਿਆਂ ਦੌਰਾਨ ਸੁਰੱਖਿਆ ਬਲਾਂ ਨੇ 12 ਬੰਕਰ ਤਬਾਹ ਕੀਤੇ ਅਤੇ 6 ਮੋਰਟਾਰ ਸ਼ੈੱਲ ਬਰਾਮਦ ਕੀਤੇ, ਜਿਨ੍ਹਾਂ 'ਚ ਤਿੰਨ 51 ਐਮ.ਐਮ. ਦੇ ਅਤੇ ਤਿੰਨ 84 ਐਮ.ਐਮ. ਦੇ ਸਨ। ਇਸ ਤੋਂ ਇਲਾਵਾ ਇਕ ਆਈ.ਈ.ਡੀ. ਵੀ ਬਰਾਮਦ ਹੋਈ। ਮੋਰਟਾਰ ਸ਼ੈੱਲ ਤੇ ਆਈ.ਈ.ਡੀ. ਨੂੰ ਮੌਕੇ 'ਤੇ ਹੀ ਨਾਕਾਮ (ਡਿਫਿਊਜ਼) ਕਰ ਦਿੱਤਾ ਗਿਆ। ਇਹ ਵੱਡੀ ਸਮੱਸਿਆ ਦੀ ਛੋਟੀ ਜਿਹੀ ਝਲਕ ਹੀ ਲਗਦੀ ਹੈ, ਕਿਉਂਕਿ ਫ਼ੌਜ ਨੇ ਔਰਤ ਕਾਰਕੁੰਨਾਂ 'ਤੇ ਤਲਾਸ਼ੀ ਮੁਹਿੰਮ 'ਚ ਵਿਘਨ ਪਾਉਣ ਦਾ ਦੋਸ਼ ਲਗਾਇਆ ਹੈ। ਫ਼ੌਜ ਦਾ ਦੋਸ਼ ਹੈ ਕਿ ਸਥਾਨਕ ਪ੍ਰਦਰਸ਼ਨਕਾਰੀ ਔਰਤਾਂ ਸੜਕ 'ਬਲਾਕ' (ਬੰਦ) ਕਰ ਦਿੰਦੀਆਂ ਹਨ ਅਤੇ ਕਾਰਵਾਈ 'ਚ ਦਖ਼ਲਅੰਦਾਜ਼ੀ ਵੀ ਕਰਦੀਆਂ ਹਨ। ਇਸ ਸੰਦਰਭ 'ਚ ਫ਼ੌਜ ਨੇ ਇਕ ਵੀਡੀਓ ਵੀ ਟਵੀਟ ਕੀਤਾ ਹੈ, ਜਿਸ ਦਾ ਸਿਰਲੇਖ ਹੈ? 'ਮਨੀਪੁਰ 'ਚ ਔਰਤਾਂ ਦੇ ਸ਼ਾਂਤੀਪੂਰਨ ਬਲਾਕੇਡ ਦਾ ਮਿੱਥ'। ਦੱਸਣਯੋਗ ਹੈ ਕਿ 24 ਜੂਨ, 2023 ਨੂੰ ਔਰਤਾਂ ਦੀ ਅਗਵਾਈ 'ਚ ਲਗਭਗ 1500 ਵਿਅਕਤੀਆਂ ਦੀ ਭੀੜ ਨੇ ਸੈਨਾ ਨੂੰ ਮਜਬੂਰ ਕਰ ਦਿੱਤਾ ਸੀ ਕਿ ਉਹ ਪਾਬੰਦੀਸ਼ੁਦਾ ਕਾਂਗਲੇਈ ਯਵੋਲ ਕੁੰਨਾ ਲੁਪ (ਕੇ.ਵਾਈ.ਕੇ.ਐਲ.) ਦੇ ਹਿਰਾਸਤ 'ਚ ਲਏ ਗਏ 12 ਕਾਰਕੁੰਨਾਂ ਨੂੰ ਰਿਹਾਅ ਕਰ ਦੇਵੇ। ਇਨ੍ਹਾਂ ਕਾਰਕੁੰਨਾਂ 'ਚ ਇਕ ਲੋੜੀਂਦਾ ਅੱਤਵਾਦੀ (ਵਾਂਟਡ ਮਿਲੀਟੈਂਟ) ਵੀ ਸੀ, ਜਿਸ ਦੀ ਪਛਾਣ 2015 ਚੰਦੇਲ ਮੁਕਾਬਲੇ ਦੇ ਮੁੱਖ ਸਾਜਿਸ਼ਕਰਤਾ ਵਜੋਂ ਕੀਤੀ ਗਈ ਹੈ, ਜਿਸ 'ਚ 6 ਡੋਗਰਾ ਰੈਜੀਮੈਂਟ ਦੇ 18 ਜਵਾਨ ਸ਼ਹੀਦ ਹੋ ਗਏ ਸਨ ਅਤੇ 15 ਹੋਰ ਜ਼ਖ਼ਮੀ ਹੋਏ ਸਨ। ਫ਼ੌਜ ਵਲੋਂ ਜਾਰੀ ਕੀਤੇ ਗਏ ਵੀਡੀਓ 'ਚ ਦੇਖਿਆ ਜਾ ਸਕਦਾ ਹੈ ਕਿ ਇੰਫਾਲ ਦੇ ਪੂਰਬੀ ਜ਼ਿਲ੍ਹੇ 'ਚ ਔਰਤ ਕਾਰਕੁੰਨਾਂ ਕਥਿਤ ਤੌਰ 'ਤੇ ਹਥਿਆਰਬੰਦ ਪੁਰਸ਼ਾਂ ਦੇ ਨਾਲ ਚੱਲ ਰਹੀਆਂ ਹਨ। ਸਥਾਨਕ ਔਰਤਾਂ ਦਾ ਇਸ ਤਰ੍ਹਾਂ ਨਾਲ ਸਰਗਰਮ ਹੋਣਾ ਇਹ ਸੰਕੇਤ ਵੀ ਦਿੰਦਾ ਹੈ ਕਿ ਮਨੀਪੁਰ ਦੇ ਭਾਈਚਾਰਿਆਂ ਦਾ ਅਰਧ ਸੈਨਿਕ ਬਲਾਂ ਅਤੇ ਖ਼ਾਸ ਤੌਰ 'ਤੇ ਸਥਾਨਕ ਪੁਲਿਸ 'ਤੇ ਆਪਣੀ ਸੁਰੱਖਿਆ ਨੂੰ ਲੈ ਕੇ ਵਿਸ਼ਵਾਸ ਉੱਠ ਗਿਆ ਹੈ ਅਤੇ ਉਹ ਆਪਣੇ-ਆਪਣੇ ਹਥਿਆਰਬੰਦ ਸਮੂਹਾਂ 'ਤੇ ਨਿਰਭਰ ਕਰ ਰਹੀਆਂ ਹਨ।

ਇਹ ਵੱਡਾ ਕਾਰਨ ਹੈ ਜਿਸ ਨਾਲ ਮਨੀਪੁਰ 'ਚ ਹਿੰਸਾ ਰੁਕ ਨਹੀਂ ਰਹੀ। ਰਾਜ ਦੇ ਕਈ ਸੇਵਾਮੁਕਤ ਫ਼ੌਜੀ ਅਧਿਕਾਰੀਆਂ ਨੇ ਪ੍ਰਧਾਨ ਮੰਤਰੀ ਤੇ ਕੇਂਦਰ ਸਰਕਾਰ ਨੂੰ ਜਨਤਕ ਪੱਤਰ ਲਿਖ ਕੇ ਕਿਹਾ ਹੈ ਕਿ ਰਾਜ 'ਚ ਸਰਕਾਰ ਨਾਂਅ ਦੀ ਕੋਈ ਚੀਜ਼ ਨਹੀਂ ਰਹੀ ਹੈ। ਮਨੀਪੁਰ ਦੇ ਕੁਝ ਸੱਤਾਧਾਰੀ ਵਿਧਾਇਕਾਂ ਨੇ ਵੀ ਇਹੀ ਸ਼ਿਕਾਇਤ ਕੀਤੀ ਹੈ। 18 ਸਿਆਸੀ ਪਾਰਟੀਆਂ ਦੀ ਸਰਬ ਪਾਰਟੀ ਬੈਠਕ 'ਚ ਵੀ ਇਹੀ ਗੱਲ ਉੱਠੀ ਅਤੇ ਵਿਰੋਧੀ ਧਿਰਾਂ ਨੇ ਤੁਰੰਤ ਪ੍ਰਭਾਵ ਨਾਲ ਬਿਰੇਨ ਸਿੰਘ ਨੂੰ ਬਰਖ਼ਾਸਤ ਕਰਕੇ ਰਾਸ਼ਟਰਪਤੀ ਸ਼ਾਸਨ ਲਗਾਉਣ ਦੀ ਮੰਗ ਕੀਤੀ ਤਾਂ ਕਿ ਰਾਜ 'ਚ ਸ਼ਾਂਤੀ ਬਹਾਲ ਹੋ ਸਕੇ। ਪਰ ਅਮਿਤ ਸ਼ਾਹ ਦੀਆਂ ਗੱਲਾਂ ਤੋਂ ਅਜਿਹਾ ਨਹੀਂ ਲਗਦਾ ਕਿ ਬਿਰੇਨ ਸਿੰਘ ਨੂੰ ਬਦਲਿਆ ਜਾਵੇਗਾ ਜਾਂ ਰਾਜ 'ਚ ਰਾਸ਼ਟਰਪਤੀ ਸ਼ਾਸਨ ਲੱਗੇਗਾ। ਹਾਲਾਂਕਿ ਸ਼ਾਹ ਦਾ ਦਾਅਵਾ ਹੈ ਕਿ ਮਨੀਪੁਰ 'ਚ ਹਿੰਸਾ ਦੇ ਪਹਿਲੇ ਦਿਨ ਤੋਂ ਹੀ 'ਪ੍ਰਧਾਨ ਮੰਤਰੀ ਪੂਰੀ ਸੰਵੇਦਨਸ਼ੀਲਤਾ ਨਾਲ ਸਾਡੀ ਅਗਵਾਈ ਕਰ ਰਹੇ ਹਨ' ਤਾਂ ਕਿ ਸਮੱਸਿਆ ਦਾ ਹੱਲ ਲੱਭਿਆ ਜਾ ਸਕੇ, ਪਰ ਇਹ ਸੋਚਣ ਵਾਲੀ ਗੱਲ ਹੈ ਕਿ ਪ੍ਰਧਾਨ ਮੰਤਰੀ ਨੇ ਮਨੀਪੁਰ ਨੂੰ ਲੈ ਕੇ ਅਜੇ ਤੱਕ ਨਾ ਕੋਈ ਟਵੀਟ ਕੀਤਾ ਹੈ, ਨਾ ਸ਼ਾਂਤੀ ਦੀ ਅਪੀਲ ਕੀਤੀ ਹੈ ਅਤੇ ਨਾ ਹੀ ਰਾਜ ਦਾ ਦੌਰਾ ਕੀਤਾ ਹੈ।

ਦੂਜੇ ਪਾਸੇ ਕਾਂਗਰਸ ਦੀ ਸਾਬਕਾ ਪ੍ਰਧਾਨ ਸੋਨੀਆ ਗਾਂਧੀ ਨੇ ਸ਼ਾਂਤੀ ਦੀ ਅਪੀਲ ਕੀਤੀ ਹੈ ਇਸ ਤੋਂ ਇਲਾਵਾ ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਆਪਣੀ ਪਾਰਟੀ ਦੀ 'ਹੀਲਿੰਗ ਟੱਚ' ਮੁਹਿੰਮ ਤਹਿਤ 29 ਜੂਨ, 2023 ਨੂੰ ਮਨੀਪੁਰ ਦਾ ਦੋ ਦਿਨੀਂ ਦੌਰਾ ਕੀਤਾ, ਜਿੱਥੇ ਉਹ ਦੋਵਾਂ ਇੰਫਾਲ ਘਾਟੀ ਤੇ ਪਹਾੜੀ ਜ਼ਿਲ੍ਹਿਆਂ 'ਚ ਲੋਕਾਂ ਨਾਲ ਮਿਲ ਕੇ ਰਾਜ 'ਚ ਆਮ ਸਥਿਤੀ ਬਹਾਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਂਜ ਬਿਹਤਰ ਤਾਂ ਇਹ ਹੁੰਦਾ ਕਿ ਸਾਰੀਆਂ ਸਿਆਸੀ ਪਾਰਟੀਆਂ ਦਾ ਇਕ ਦਲ ਮਨੀਪੁਰ ਦਾ ਦੌਰਾ ਕਰਦਾ ਅਤੇ ਰਾਜ 'ਚ ਸਥਾਈ ਸ਼ਾਂਤੀ ਦਾ ਕੋਈ ਰਸਤਾ ਕੱਢਦਾ। ਦਿਲਚਸਪ ਗੱਲ ਇਹ ਹੈ ਕਿ ਸੁਰੱਖਿਆ ਬਲਾਂ ਨੇ ਵੀ ਇਸ ਗੱਲ ਨੂੰ ਦੁਹਰਾਇਆ ਹੈ ਕਿ ਇਸ ਸਮੇਂ ਮਨੀਪੁਰ 'ਚ ਜ਼ਰੂਰਤ ਸਿਆਸੀ ਦਖਲ ਦੀ ਹੈ ਅਤੇ ਉਹ ਵੀ ਖ਼ਾਸ ਤੌਰ 'ਤੇ ਇਸ ਲਈ ਕਿਉਂਕਿ ਅੱਜ ਦੇਸ਼ 'ਚ ਟਕਰਾਅ ਬਹੁਤ ਜ਼ਿਆਦਾ ਵਧ ਗਿਆ ਹੈ ਅਤੇ ਫ਼ੌਜੀ ਬਲ 'ਬਦਲ ਨਹੀਂ ਹਨ'। ਇਹ ਆਪਣੇ ਆਪ 'ਚ ਸਮਝਦਾਰੀ ਭਰਿਆ ਸੁਝਾਅ ਹੈ ਅਤੇ ਇਸ ਲਈ ਵੀ ਕਿ ਫ਼ੌਜ ਇਸ ਖੇਤਰ 'ਚ ਆਪਣੇ ਸਾਲਾਂ ਦੇ ਤਜਰਬੇ ਤੋਂ ਜਾਣਦੀ ਹੈ ਕਿ ਉਹ ਅਸਲ 'ਚ ਕੀ ਕਹਿ ਰਹੀ ਹੈ।

ਮਨੀਪੁਰ 'ਚ ਫ਼ੌਜ ਲੰਬੇ ਸਮੇਂ ਤੋਂ ਤਿੰਨ ਮੁੱਖ ਭਾਈਚਾਰਿਆਂ ਦੇ ਬਾਗ਼ੀ ਧੜਿਆਂ ਨਾਲ ਲੜਦੀ ਆ ਰਹੀ ਹੈ। ਇਸ ਵਾਰ ਉਸ ਨੇ ਰਾਜ ਸਰਕਾਰ ਦੀ ਜ਼ਰੂਰਤ ਅਨੁਸਾਰ ਮਦਦ ਕੀਤੀ ਹੈ। ਫ਼ੌਜੀ ਲੀਡਰਸ਼ਿਪ ਦਾ ਕਹਿਣਾ ਹੈ ਕਿ ਸਥਿਤੀ ਕਾਊਂਟਰ-ਇੰਸਰਜੈਂਸੀ ਦੀ ਨਹੀਂ ਸਗੋਂ 'ਕਾਨੂੰਨ ਵਿਵਸਥਾ' ਦੀ ਹੈ। ਵਰਤਮਾਨ 'ਚ ਮਨੀਪੁਰ ਦਾ ਇਕ ਦੁਖਦਾਈ ਪਹਿਲੂ ਇਹ ਵੀ ਹੈ ਕਿ ਭਾਈਚਾਰਿਆਂ ਨੇ ਰਾਜ ਤੇ ਕੇਂਦਰੀ ਪੁਲਿਸ ਬਲਾਂ 'ਤੇ ਪੱਖਪਾਤ ਕਰਨ ਦਾ ਦੋਸ਼ ਲਗਾਇਆ ਹੈ। ਇਹ 'ਦੋਸ਼' ਇਸ ਲਿਹਾਜ਼ ਨਾਲ ਵੀ ਸਹੀ ਜਾਪਦਾ ਹੈ ਕਿ ਰਾਜ ਤੇ ਕੇਂਦਰੀ ਪੁਲਿਸ ਬਲਾਂ ਵਿਚ ਆਪਸੀ ਝੜਪਾਂ ਦੇ ਵੀਡੀਓ ਵੀ ਸਾਹਮਣੇ ਆਏ ਹਨ। ਪਿਛਲੇ ਹਫ਼ਤੇ ਪਹਿਲੀ ਵਾਰ ਮਨੀਪੁਰ ਦੀ ਸਥਿਤੀ 'ਤੇ ਸਰਬ ਪਾਰਟੀ ਬੈਠਕ ਹੋਈ ਸੀ, ਜਿਸ 'ਚ ਕੋਈ ਖ਼ਾਸ ਗੱਲ ਤਾਂ ਨਿਕਲ ਕੇ ਨਹੀਂ ਆਈ, ਪਰ ਹਿੰਸਾ 'ਤੇ ਰੋਕ ਲਗਾਉਣ ਤੇ ਕਾਨੂੰਨ ਦੇ ਸ਼ਾਸਨ ਨੂੰ ਸਥਾਪਿਤ ਕਰਨ ਦਾ ਇਹੀ ਤਰੀਕਾ ਹੈ ਕਿ ਸਾਰਿਆਂ ਨੂੰ ਵਿਸ਼ਵਾਸ ਵਿਚ ਲੈ ਕੇ ਅੱਗੇ ਵਧਿਆ ਜਾਵੇ। ਸਿਆਸੀ ਪਾਰਟੀਆਂ ਨੂੰ ਚਾਹੀਦਾ ਹੈ ਕਿ ਉਹ ਕੁਝ ਸਮੇਂ ਲਈ ਆਪਣੀ ਵਿਰੋਧਤਾ ਨੂੰ ਇਕ ਪਾਸੇ ਰੱਖ ਦੇਣ ਅਤੇ ਸਿਰਫ਼ ਮਨੀਪੁਰ 'ਚ ਅਮਨ ਲਿਆਉਣ 'ਤੇ ਧਿਆਨ ਕੇਂਦਰਿਤ ਕਰਨ। ਸਰਬ ਪਾਰਟੀ ਪ੍ਰਤੀਨਿਧੀ ਮੰਡਲ ਅਤੇ ਫੈਕਟ-ਫਾਈਡਿੰਗ ਮਿਸ਼ਨ ਨੇ ਅਕਸਰ ਹੀ ਸਮੱਸਿਆ ਹੱਲ ਕਰਨ ਲਈ ਬਿਹਤਰ ਸੁਝਾਅ ਦਿੱਤੇ ਹਨ।

ਇਸ ਲਈ ਹਰ ਕਿਸੇ ਨੂੰ ਵਾਰਤਾ ਦੀ ਮੇਜ਼ 'ਤੇ ਲਿਆਂਦਾ ਜਾਵੇ ਅਤੇ ਬਹੁਤ ਜਲਦ ਲਿਆਂਦਾ ਜਾਵੇ। ਇਸ ਕੰਮ 'ਚ ਜੇਕਰ ਦੇਰੀ ਕੀਤੀ ਗਈ ਤਾਂ ਹਾਲਾਤ ਹੋਰ ਖ਼ਰਾਬ ਹੋ ਸਕਦੇ ਹਨ। ਮਨੀਪੁਰ 'ਚ 3 ਮਈ, 2023 ਨੂੰ ਜੋ ਹਿੰਸਾ ਆਰੰਭ ਹੋਈ ਸੀ, ਉਹ ਅਜੇ ਤੱਕ ਜਾਰੀ ਹੈ। ਇਸ ਨੂੰ ਰੋਕਣ ਲਈ ਵੱਖ-ਵੱਖ ਸੁਝਾਅ ਦਿੱਤੇ ਜਾ ਰਹੇ ਹਨ, ਜਿਵੇਂ ਪਹਿਲਾਂ ਅੱਤਵਾਦੀਆਂ (ਬਾਗ਼ੀਆਂ) ਕੋਲੋਂ ਹਥਿਆਰ ਲਉ, ਰਾਜ ਨੂੰ ਫ਼ੌਜ ਦੇ ਸਪੁਰਦ ਕਰ ਦਿਉ, ਕੁਕੀ-ਲਾਗਿਆਂ ਨੂੰ ਵੱਖ ਰਾਜ ਦੇ ਦਿਉ, ਆਦਿ। ਪਰ ਮਨੀਪੁਰ ਦੀ ਮੌਜੂਦਾ ਸਥਿਤੀ ਪਹਿਲਾਂ ਸ਼ਾਂਤੀ ਦੀ ਮੰਗ ਕਰ ਰਹੀ ਹੈ।

ਸਾਡੇ ਲੋਕ SADE LOK

ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**

**Office : (925) 243-1300 | Cell : (510) 706-1300 | Fax : (925) 373-1300 | India : 783 706 1300**
**1406 Janis CT Livermore CA 94551**

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

**ALL DISPUTES SUBJECTED TO THE COUNTY OF ALAMEDA CALIFORINA.** ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



ਸਿਹਤ ਵਿਗਿਆਨ
ਡਾ. ਗੁਰਦੀਪ ਸਿੰਘ ਸੰਧੂ

**Gurdip Singh Sandhu** Homeopathic Consultant
Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.
Dublin ca 94568 Ph. : (408) 687-1899
Email: homeomedicine@yahoo.com
http://www.homeomedicineatoz.com



**ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ**

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਮਾਂ ਦੇ ਗਰਭ ਵਿੱਚ ਔਰਤ ਨਵਜੀਵਨ ਵਿੱਚ ਤਬਦੀਲੀਆਂ** : ਬਹੁਤ ਕੁਝ ਕੇਵਲ ਵੱਖ-ਵੱਖ ਅੰਦਾਜ਼ਿਆਂ 'ਤੇ ਨਿਰਭਰ ਹੈ ਪਰ ਇਹ ਅੰਦਾਜ਼ੇ ਅਸੀਂ ਸੌ ਪ੍ਰਸੈਂਟ ਕੇਸਾਂ ਵਿੱਚ ਤੱਥ ਅਧਾਰਤ ਨਹੀਂ ਕਹਿ ਸਕਦੇ। ਮਿਸਾਲ ਦੇ ਤੌਰ 'ਤੇ ਮਹੀਨਿਆਂ ਦੇ ਹਿਸਾਬ ਮਾਂ ਦੇ ਪੇਟ ਦੀ ਲੰਬਾਈ ਫੀਮੇਲ ਫ਼ੀਟਸ ਹੋਣ ਸਮੇਂ ਔਸਤਨ ਉਚਾਈ ਨਾਲੋਂ ਘੱਟ ਹੁੰਦੀ ਹੈ। ਇਸ ਨੂੰ ਸੀ ਆਰ ਐਲ ਕਹਿੰਦੇ ਹਨ ਕਰਾਉਣ ਰੰਪ ਲੈਂਥ ਯਾਨੀ ਮਾਂ ਦੇ ਪੇਟ ਦੇ ਪ੍ਰੈਗਨੈਂਸੀ ਦੇ ਹਫ਼ਤਿਆਂ ਮਹੀਨਿਆਂ ਦੇ ਹਿਸਾਬ ਨਾਲ ਉਪਰ ਉਠਣ ਦੀ ਲਿਮਿਟ। ਭਾਵ ਫੀਮੇਲ ਫ਼ੀਟਸ ਹੋਣ ਦੀ ਸੂਰਤ ਵਿਚ ਮਾਂ ਦੇ ਪੇਟ ਅੰਦਰ ਬੱਚੇਦਾਨੀ ਦੇ ਉੱਪਰ ਉਠਣ ਦੀ ਉਚਾਈ ਮਰਦ ਫ਼ੀਟਸ ਹੋਣ ਨਾਲੋਂ ਘੱਟ ਹੁੰਦੀ ਹੈ। ਪਰ ਇਹ ਉਚਾਈ ਘੱਟ ਹੋਣ ਦੇ ਕਾਰਨ ਕਿਸੇ ਵੀ ਕਮਜ਼ੋਰ ਮਰਦ ਫ਼ੀਟਸ ਹੋਣ ਕਰਕੇ ਵੀ ਹੋ ਸਕਦਾ ਹੈ।

ਬਾਇਆਲੋਜੀਕਲੀ ਪਹਿਲੇ ਤਿੰਨ ਮਹੀਨਿਆਂ ਵਿੱਚ ਪਲੇਸੈਂਟਾਂ ਵਿੱਚ ਸੈਕਸ ਡੀਟਰਮੀਨੇਸਨ ਦੀਆਂ ਨਿਸ਼ਾਨੀਆਂ ਕਰੋਮੋਜੋਮਜ ਭਿਨਤਾ ਦੀਆਂ ਨਿਸ਼ਾਨੀਆਂ ਸਪਸ਼ਟ ਹੋ ਜਾਂਦੀਆਂ ਹਨ। ਜਦੋਂਕਿ ਅਲਟਰਾਸਾਉਡ ਵਰਗੀਆਂ ਮੌਡਰਨ ਤਕਨੀਕਾਂ ਨਾਲ ਵੇਖਣ ਤੇ ਪਹਿਲੇ ਤਿੰਨ ਮਹੀਨਿਆਂ ਦੇ ਸਮੇਂ ਵਿੱਚ ਦੋਹਾਂ ਸੈਕਸਾਂ ਯਾਨੀ ਮਰਦ ਅਤੇ ਔਰਤ ਅੰਗਾਂ ਦਾ ਵਖਰੇਵਾਂ ਸਪਸ਼ਟ ਦਿਖਾਈ ਦਿੰਦਾ ਹੈ ਮਰਦ ਫ਼ੀਟਸ ਵਿੱਚ ਪਤਾਲੂ ਤੇ ਇੰਦਰੀ ਦੀ ਬਣਤਰ ਸਪਸ਼ਟ ਦਿਖਾਈ ਦੇਣ ਲਗਦੀ ਹੈ ਜਦੋਂਕਿ ਫੀਮੇਲ ਫ਼ੀਟਸ ਵਿੱਚ ਜਣਨ ਅੰਗਾਂ ਵਿੱਚ ਜਾਘਾ ਵਿਚਕਾਰ ਦੋ ਉਭਾਰ ਜਿਹੜੇ ਬਾਅਦ ਵਿੱਚ ਸਪਸ਼ਟ ਲੇਬੀਆ ਮੇਜੋਰਾ ਯਾਨੀ ਵੱਡੇ ਬਾਹਰੀ ਬੁਲ੍ਹਾ ਦੇ ਤੌਰ 'ਤੇ ਵਿਕਸਤ ਹੁੰਦੇ ਹਨ ਦਿਖਾਈ ਦੇਣ ਲੱਗਦੇ ਹਨ ਅਤੇ ਇਹਨਾਂ ਦੋਹਾਂ ਦੇ ਵਿਚਕਾਰ ਇਕ ਉਭਾਰ ਜਿਸਨੂੰ ਹੈਮਬਰਗਰ ਸਾਈਨ ਕਹਿੰਦੇ ਹਨ ਉਹ ਦਿਖਾਈ ਦਿੰਦਾ ਹੈ ਜੋ ਬਾਅਦ ਵਿੱਚ ਕਲਾਈਟੋਰਿਸ ਦੇ ਤੌਰ 'ਤੇ ਵਿਕਸਤ ਹੁੰਦਾ ਹੈ। ਸੋ ਪਹਿਲੇ ਤਿੰਨ ਮਹੀਨਿਆਂ ਦੇ ਅਲਟਰਾਸਾਊਡ ਵਿੱਚ ਕੇਵਲ ਤਿੰਨ ਉੱਭਰੀਆਂ ਹੋਈਆਂ ਲਾਈਨਾਂ ਦਿਖਾਈ ਦਿੰਦੀਆਂ ਹਨ। ਜਦੋਂਕਿ ਮਰਦ ਫ਼ੀਟਸ ਦੇ ਕੇਸ ਵਿੱਚ ਮਰਦ ਇੰਦਰੀ ਦਾ ਮਾਸ ਸਰੀਰ ਨਾਲੋਂ ਵੱਖ ਜਾਘਾ ਵਿੱਚ ਹਿੱਲਦਾ ਦਿਖਾਈ ਦਿੰਦਾ ਹੈ ਅਤੇ ਇਹ ਨਿਸ਼ਾਨੀਆਂ ਬਾਰਾਂ ਤੇਰਾਂ ਹਫ਼ਤੇ ਯਾਨੀ ਤਿੰਨ ਮਹੀਨੇ ਤੋਂ ਬਾਅਦ ਅਲਟਰਾ ਸਾਊਡ ਵਿੱਚ ਸਪਸ਼ਟ ਦਿਖਾਈ ਦੇਣ ਲੱਗਦੀਆਂ ਹਨ।

ਮਰਦ ਅਤੇ ਔਰਤ ਫ਼ੀਟਸ ਵਿਚ ਚੁਸਤੀ ਫੁਰਤੀ ਵਿਚ ਵੀ ਅੰਤਰ ਹੁੰਦਾ ਹੈ। ਜਿਸਨੂੰ ਮੈਡੀਕਲੀ ਮੋਟਰ ਫੰਕਸ਼ਨ ਕਿਹਾ ਜਾਂਦਾ ਹੈ ਭਾਵ ਹਿਲ-ਜੁਲ ਕਰਨ ਦੀ ਜ਼ਿਆਦਾ ਸਮਰੱਥਾ ਮਰਦ ਫੀਟਸ ਵਿਚ ਹੁੰਦੀ ਹੈ। ਜਦੋਂਕਿ ਔਰਤ ਫੀਟਸ ਘੱਟ ਐਕਟਿਵ ਮਹਿਸੂਸ ਕੀਤਾ ਜਾਂਦਾ ਹੈ। ਦਿਲ ਦੀ ਧੜਕਨ ਮਰਦ ਫ਼ੀਟਸ ਵਿੱਚ ਜ਼ਿਆਦਾ ਵੇਖੀ ਜਾਂਦੀ ਹੈ। ਮਰਦ ਫ਼ੀਟਸ ਦੇ ਦਿਲ ਦੀ ਧੜਕਣ 154 ਪਰ ਮਿੰਟ ਜਦੋਂਕਿ ਫੀਮੇਲ ਦੀ 151 ਪਰ ਮਿੰਟ ਪਹਿਲੇ ਤਿੰਨ ਮਹੀਨੇ ਬਾਅਦ ਨੋਟ ਕੀਤੀ ਜਾਂਦੀ ਹੈ ਪਰ ਇਹ ਗਿਣਤੀ ਵੱਖ-ਵੱਖ ਜੈਨੇਟਿਕ ਬਣਤਰਾਂ ਵਿੱਚ ਬਰਾਬਰ ਜਾਂ ਇਸ ਦੇ ਉਲਟ ਵੀ ਹੋ ਸਕਦੀ ਹੈ ਜਾਂ ਮਰਦ ਫ਼ੀਟਸ ਦੀ ਰੇਸਸ ਫੈਕਟਰ ਦੀ ਵਜਹ ਕਰਕੇ ਵੀ ਘੱਟ ਹੋ ਸਕਦੀ ਹੈ।

ਕੁਝ ਇਕ ਹੋਰ ਵਖਰੇਵੇਂ ਦੀਆਂ ਨਿਸ਼ਾਨੀਆਂ ਜਿਹੜੀਆਂ ਇਕੱਲੇ ਤੌਰ 'ਤੇ ਤਾਂ ਕੋਈ ਸੌ ਪ੍ਰਸੈਂਟ ਨਤੀਜਾ ਨਹੀਂ ਕੱਢ ਸਕਦੀਆਂ ਪਰ ਜਦ ਇਹ ਇਕੱਠੀਆਂ ਕਿਸੇ ਪ੍ਰੈਗਨੈਂਟ ਔਰਤ ਵਿੱਚ ਹੁੰਦੀਆਂ ਹਨ ਤਾਂ ਇਕ ਸਥਿਰ ਨਤੀਜਾ ਕੱਢ ਸਕਦੀਆਂ ਹਨ ।

ਮਿਸਾਲ ਦੇ ਤੌਰ 'ਤੇ

1 ਫੀਮੇਲ ਫ਼ੀਟਸ ਵਿਚ ਮੌਰਨਿੰਗ ਸਿਕਨੈਸ ਯਾਨੀ ਸਵੇਰ ਸਾਰ ਉਲਟੀਆਂ ਦਾ ਆਉਣਾ ਪਹਿਲੇ ਤਿੰਨ ਮਹੀਨਿਆਂ ਵਿਚ ਜਲਦੀ ਸ਼ੁਰੂ ਹੋ ਜਾਂਦਾ ਹੈ ਜਦੋਂਕਿ ਮਰਦ ਫ਼ੀਟਸ ਦੀ ਪ੍ਰੈਗਨੈਂਸੀ ਹੋਣ ਸਮੇਂ ਕਈ ਵੇਰ ਮੌਰਨਿੰਗ ਸਿਕਨੈਸ ਘੱਟ ਜਾ ਪਹਿਲੇ ਤਿੰਨ ਮਹੀਨਿਆਂ ਵਿਚ ਨਹੀਂ ਵੀ ਹੁੰਦੀ।

2 ਦਿਲ ਦੀ ਧੜਕਣ ਮਰਦ ਫੀਟਿਸ ਵਿੱਚ 140 ਤੋਂ ਵੀ ਘੱਟ ਹੁੰਦੀ ਹੈ ਜੋ ਬਾਅਦ ਵਿੱਚ ਜ਼ਿਆਦਾ ਤੇਜ਼ ਹੋਣੀ ਸ਼ੁਰੂ ਹੋ ਜਾਂਦੀ ਹੈ ਤੇ ਕੁਝ ਹਾਲਤ ਵਿੱਚ ਅਰੋਗ ਯਾਨੀ ਤੰਦਰੁਸਤ ਮਰਦ ਫ਼ੀਟਸ ਵਿੱਚ 160 ਤੱਕ ਵੀ ਇਕ ਮਿੰਟ ਵਿੱਚ ਪਹੁੰਚਦੀ ਹੈ। ਜਦਕਿ ਫੀਮੇਲ ਫ਼ੀਟਸ ਵਿੱਚ ਇਹ ਦਿਲ ਦੀ ਧੜਕਣ ਦੀ ਤਰਤੀਬ ਪੰਜ ਤੋਂ ਦਸ ਤੱਕ ਪਰ ਮਿੰਟ ਘੱਟ ਹੀ ਰਹਿੰਦੀ ਹੈ।

3 ਪੇਟ ਜ਼ਿਆਦਾ ਗੁਲਾਈ ਵਿੱਚ ਅਤੇ ਭਾਰ ਹਫ਼ਤਿਆਂ ਦੇ ਹਿਸਾਬ ਨਾਰਮਲ ਫੀਮੇਲ ਪ੍ਰੈਗਨੈਂਸੀ ਤੋਂ ਵੱਧ ਹੁੰਦਾ ਹੈ।

4 ਔਰਤ ਫੀਮੇਲ ਪ੍ਰੈਗਨੈਂਸੀ ਸਮੇਂ ਸਰੀਰਕ ਤੌਰ 'ਤੇ ਘੱਟ ਤਾਕਤ ਮਹਿਸੂਸ ਕਰਦੀ ਹੈ ਮਰਦ ਫ਼ੀਟਸ ਦੀ ਪ੍ਰੈਗਨੈਂਸੀ ਨਾਲੋਂ।

5 ਔਰਤ ਦੀਆਂ ਛਾਤੀਆਂ ਦੀ ਨਿਪਲ ਦੁਆਲੇ ਕਾਲਾ ਘੇਰਾ ਮਰਦ ਫ਼ੀਟਸ ਵਿੱਚ ਜ਼ਿਆਦਾ ਹੁੰਦਾ ਹੈ ਅਤੇ ਫੀਮੇਲ ਫ਼ੀਟਸ ਸਮੇਂ ਘੱਟ ਹੁੰਦਾ ਹੈ। ਇਸ ਨੂੰ ਡਾਰਕ ਏਰੀਓਲਾ ਕਹਿੰਦੇ ਹਨ।

6 ਮਰਦ ਫ਼ੀਸਟ ਸਮੇਂ ਹਮਲਾ ਔਰਤ ਸਿਰ ਦਰਦ ਦੀ ਸ਼ਿਕਾਇਤ ਆਮ ਕਰਦੀ ਹੈ ਜੋ ਸਵੇਰ ਸਾਰ ਅੱਖ ਖੁੱਲ੍ਹਦਿਆ ਮਹਿਸੂਸ ਹੁੰਦੀ ਹੈ ਜਦੋਂ ਕਿ ਫੀਮੇਲ ਫ਼ੀਟਸ ਵਿੱਚ ਇਹਦੀ ਸੰਭਾਵਨਾ ਨਹੀਂ ਦੇ ਬਰਾਬਰ ਹੁੰਦੀ ਹੈ।

7 ਪ੍ਰੈਗਨੈਂਸੀ ਦੇ ਸੁਰੂ ਵਿੱਚ ਬਲਕਿ ਜਦੋਂ ਹਾਲੇ ਬਾਹਰੀ ਕੋਈ ਨਿਸ਼ਾਨੀ ਨਹੀਂ ਹੁੰਦੀ ਖੱਟੀਆਂ ਚੀਜ਼ਾਂ ਖਾਣ ਲਈ ਮਨ ਕਰਨਾ ਫੀਮੇਲ.ਫ਼ੀਟਸ ਹੋਣ ਦੀਆਂ ਨਿਸ਼ਾਨੀਆਂ ਹਨ।

8 ਪ੍ਰੈਗਨੈਂਸੀ ਦੇ ਸਤਵੇ ਹਫ਼ਤੇ ਵਿੱਚ ਫੀਮੇਲ ਓਵਰੀ ਦੀ ਜਾ ਟੈਸਟਿਸ ਦੀ ਬਣਤਰ ਬਨਣੀ ਸ਼ੁਰੂ ਹੋ ਜਾਂਦੀ ਹੈ ਜਿਸਦਾ ਅਧਾਰ ਜੀਨਜਦੇ ਜਾ ਜੀਨਸ ਕਰਕੇ ਸੰਭਵ ਹੁੰਦਾ ਹੈ।

ਕੁਝ ਅੰਦਾਜ਼ੇ ਜਿਹਨਾਂ ਤੇ ਹਾਲੇ ਹੋਰ ਰਿਸਰਚ ਹੋਣ ਦੀ ਲੋੜ ਹੈ ਕਿਉਂਕਿ ਅਸੀਂ ਜਾਣਦੇ ਹਾਂ ਕਿ ਹਰ ਮਹੀਨੇ ਇਕ ਹੀ ਓਵਰੀ ਓਵਮ ਪੈਦਾ ਕਰਦੀ ਹੈ ਅਤੇ ਇਹਨਾਂ ਅੰਦਾਜ਼ਿਆਂ ਨੂੰ ਪੁਖ਼ਤਾ ਕੀਤਾ ਜਾ ਰਿਹਾ ਹੈ ਕਿ ਅਗਰ ਸੱਜੀ ਓਵਰੀ ਵੱਲੋਂ ਓਵਮ ਨਿਕਲ ਕੇ ਆਇਆ ਹੈ ਤਾਂ ਇਹ ਮਰਦ ਫ਼ੀਟਸ ਦੇ ਤੌਰ 'ਤੇ ਵਿਕਸਤ ਹੋਵੇਗਾ ਔਰ ਅਗਰ ਖੱਬੀ ਓਵਰੀ ਵਿਚੋਂ ਓਵਮ ਆਕੇ ਫਰਟੀਲਾਈਜਡ ਹੋਇਆ ਹੈ ਤਾਂ ਫ਼ੀਟਸਫੀਮੇਲ ਹੋਣ ਦੀ ਸੰਭਾਵਨਾ ਹੈ।

ਉਪਰੋਕਤ ਕੁਝ ਗੱਲਾਂ ਬੇਸ਼ੱਕ ਸਾਡੇ ਸਮਾਜ ਵਿੱਚ ਪ੍ਰਚਲਤ ਹਨ ਪਰ ਇਹ ਕੋਈ ਸਾਇੰਟੀਫਿਕ ਪੈਮਾਨਾ ਨਹੀਂ ਹੈ। ਹਾਂ ਔਰਤਾਂ ਜੋ ਸਰੀਰ ਵਿੱਚ ਵਾਪਰਦੀਆਂ ਮਹੀਨੇ ਭਰ ਦੀਆਂ ਕਿਰਿਆਵਾ ਤਬਦੀਲੀਆਂ ਪਰਤੀ ਸੁਚੇਤ ਹੁੰਦੀਆਂ ਹਨ ਉਹ ਓਵੂਲੇਸਨ ਦੇ ਸਮੇਂ ਨੂੰ ਭਲੀ ਭਾਂਤ ਜਾਣ ਸਕਦੀਆਂ ਹਨ ਅਮੂਮਨ ਜੋ ਚੌਦਾਂ ਦਿਨ ਪਹਿਲਾਂ ਅਗਲੇ ਸ਼ੁਰੂ ਹੋਣ ਵਾਲੇ ਮਾਸਿਕ ਧਰਮ ਦੇ ਦਿਨ ਤੋਂ ਹੁੰਦਾ ਹੈ ਜਿਸ ਦਾ ਮਤਲਬ ਹੁੰਦਾ ਹੈ ਓਵਮ ਉਸ ਦਿਨ ਓਵਰੀ ਵਿਚੋਂ ਬਾਹਰ ਨਿਕਲਦਾ ਹੈ ਤੇ ਆਪਣਾ ਸਫਰਫੈਲੋਪੀਅਨ ਟਿਊਬ ਵੱਲ ਜਾਣ ਦਾ ਸ਼ੁਰੂ ਕਰਦਾ ਹੈ। ਠੀਕ ਉਸ ਸਮੇਂ ਔਰਤ ਪੇਟ ਦੇ ਹੇਠਲੇ ਹੀਸੇ ਵਿੱਚ ਉਸ ਪਾਸੇ ਸਧਾਰਨ ਦਰਦ ਮਹਿਸੂਸ ਕਰਦੀ ਹੈ ਜੋ ਆਮ ਤੌਰ 'ਤੇ ਅਗਰ ਖੱਬੇ ਪਾਸੇ ਹੈ ਤਾਂ ਕਬਜ਼ ਦੇ ਹਾਲਾਤਾਂ ਕਰਕੇ ਜੇ ਪੇਟ ਦੇ ਹੇਠਲੇ ਸੱਜੇ ਪਾਸੇ ਹੈ।

(ਚੱਲਦਾ)

HOMEOPATHIC NATURAL MEDICINES
When Tired of All Treatments, For any Disease, At any Age
Try Alternative Treatment
Safe and Effective Medicines without any Side Effects



Consultant/Physician Since 1973
DHMS-Gold Medalist, BAMS, MDEH
Ex Prof, Principal, & CMO Medical Colleges/Hospitals in India
GURDIP S SANDHU
(408) 687-1899 (925) 999-8278
7021 Village Parkway, Dublin, CA 94568
PRACTICE UNDER PROVISION OF ACT SB_-577 STATE OF CA

CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਰਜਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524


Healthy Body Healthy Mind
15th Annual Games
July 22-23, 2023 | Saturday & Sunday
James Logan High School, 1800 H St, Union City CA 94587
SIKH SPORTS ASSOCIATION OF US
SIKH SPORT ASSOCIATION OF U.S.A.
• Soccer • Track & Field • Basketball • Flag Football
• Wrestling Field Hockey • Volleyball • Kabaddi
ਸਾਡੇ ਲੋਕ
Register Today at www.sikhsports.com
ਕੈਲੀਫੋਰਨੀਆ ਦਾ ਇੱਕੋ-ਇੱਕ ਟੂਰਨਾਮੈਂਟ ਜਿਥੇ 1,500 ਤੋਂ ਜ਼ਿਆਦਾ ਅਥਲੀਟ ਹਿੱਸਾ ਲੈਂਦੇ ਹਨ।
“ਕਿਰਪਾ ਕਰਕੇ ਅੱਜ ਆਪਣੇ ਆਪ ਨੂੰ ਜਾਂ ਆਪਣੀ ਟੀਮ ਨੂੰ ਰਜਿਸਟਰ ਕਰੋ”
Please send you donations to : 4430 Deerfield Way, Danville CA 94506
Sikh Sports Association of USA is a registered 501 (c) (3) Non-Profit Organization. General information : 1-866-499-0032

ਕੈਪਟਨ ਅਮਰਜੀਤ ਸਿੰਘ ਕਾਲੇਕਾ ਸਿੱਖ ਕੌਮ ਵਿੱਚ ਇੱਕ ਜਾਣਿਆ ਪਹਿਚਾਣਿਆ ਕੁਰਬਾਨੀ ਵਾਲਾ ਪ੍ਰਵਾਰ ਹੈ। ਪਟਿਆਲਾ ਰਿਆਸਤ ਦੇ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਨ੍ਹਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਇਮਾਨਦਾਰੀ ਨਾਲ ਸੇਵਾ ਨਿਭਾਈ, ਜਿਸ ਵੇਲੇ ਬਤੌਰ ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ 'ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਆ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾ 'ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ। ਕੈਪਟਨ ਅਮਰਜੀਤ ਸਿੰਘ ਕਾਲੇਕਾ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਹੋਏ ਸ੍ਰ. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਭਰਾ ਹਨ। ਕਾਲੇਕਾ ਪ੍ਰਵਾਰ ਪੁਸ਼ਤਾਂ ਤੋ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ਜਿਥੇ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਚ ਵਾਪਰੀ ਘਟਨਾ ਨੇ ਪੂਰੇ ਅਮਰੀਕਾ ਸਮੇਤ ਸਾਰੀ ਦੁਨੀਆ ਦੇ ਸਿੱਖਾਂ ਉਪਰ ਗਹਿਰਾ ਪ੍ਰਭਾਵ ਛੱਡਿਆ ਉਥੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਇਸ ਸ਼ਹਾਦਤ ਨੂੰ ਕਲਮਬੰਦ ਕਰਨ ਲਈ ਕੋਸਿਸ਼ ਅਰੰਭ ਕਰ ਦਿੱਤੀ। ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਉਨ੍ਹਾਂ ਦੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿਚ ਇਹ ਇੱਛਾ ਸੀ ਕਿ ਉਨਾ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਉਨਾ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਜ਼ਿਆਦਾ ਧਿਆਨ ਸ੍ਰ. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ 'ਤੇ ਹੀ ਕੇਂਦਰਤ ਰਿਹਾ ਹੈ। ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਸੀਂ ਉਨ੍ਹਾਂ ਦੀ ਲਿਖੀ ਇਤਿਹਾਸਕ ਕਿਤਾਬ ਸ਼ਹੀਦ ਸਤਵੰਤ ਸਿੰਘ ਕਾਲੇਕੇ ਜਨਮ ਤੋਂ ਸ਼ਹੀਦੀ ਤੱਕ 'ਸਾਡੇ ਲੋਕ' ਅਖਬਾਰ ਵਿੱਚ ਲੜੀਵਾਰ ਛਾਪਕੇ ਮਾਣ ਮਹਿਸੂਸ ਕਰ ਰਹੇ ਹਾਂ : ਸਤਨਾਮ ਸਿੰਘ ਖਾਲਸਾ


ਕੈਪਟਨ ਅਮਰਜੀਤ ਸਿੰਘ ਕਾਲੇਕਾ


(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਅਗਸਤ 5 2012, ਸ਼ਾਮ ਨੂੰ 5 ਵੱਜ ਕੇ 4 ਮਿੰਟ ਤੇ ਰਾਸ਼ਟਰਪਤੀ ਓਬਾਮਾ ਨੇ ਸਿੱਖ ਸੰਗਤ ਦੇ ਨੁਕਸਾਨ ਬਾਰੇ ਇਹ ਬਿਆਨ ਜਾਰੀ ਕੀਤਾ। ਮੇਰੀ ਪਤਨੀ ਮਿਸ਼ਲ ਅਤੇ ਮੈਂ ਵਿਸਕਾਨਸਿਨ ਦੀ ਇਸ ਘਟਨਾ ਨੂੰ ਜਾਣ ਕੇ ਬਹੁਤ ਉਦਾਸ ਹਾਂ। ਇਸ ਘਟਨਾ ਨੇ ਬਹੁਤ ਜਾਨਾਂ ਲੈ ਲਈਆਂ ਹਨ। ਇਸ ਮੁਸ਼ਕਿਲ ਸਮੇਂ ਵਿਚ ਓਕ ਕਰੀਕ ਦੇ ਲੋਕਾਂ ਨੂੰ ਇਹ ਜਾਣਨਾ ਜ਼ਰੂਰੀ ਹੈ ਕਿ ਸਾਰੇ ਅਮਰੀਕਾ ਦੇ ਲੋਕਾਂ ਦੇ ਦਿਲਾਂ ਅਤੇ ਅਰਦਾਸਾਂ ਵਿਚ ਉਹਨਾਂ ਦੀ ਤਕਲੀਫ਼ ਹੈ। ਸਾਡੇ ਦਿਲ ਉਹਨਾਂ ਲੋਕਾਂ ਦੇ ਪਰਿਵਾਰਾਂ ਅਤੇ ਦੋਸਤਾਂ ਲਈ ਅਰਦਾਸ ਕਰਦੇ ਹਨ ਜੋ ਮਾਰੇ ਗਏ ਹਨ ਜਾਂ ਜ਼ਖ਼ਮੀ ਹੋਏ ਹਨ। ਮੇਰਾ ਰਾਜ ਪ੍ਰਬੰਧ ਉਹਨਾਂ ਸਾਰੇ ਅਫ਼ਸਰਾਂ ਨੂੰ ਪੂਰੀ ਸਹਾਇਤਾ ਕਰਨ ਲਈ ਤਿਆਰ ਹੈ, ਜੋ ਇਸ ਮਾਮਲੇ ਦੀ ਛਾਣ-ਬੀਣ ਕਰ ਰਹੇ ਹਨ। ਜਦੋਂ ਕਿ ਅਸੀਂ ਇਸ ਧਾਰਮਿਕ ਸਥਾਨ ਦੇ ਨੁਕਸਾਨ ਤੇ ਸੋਗ ਪ੍ਰਗਟਾ ਰਹੇ ਹਾਂ, ਸਾਨੂੰ ਇਹ ਵੀ ਯਾਦ ਆ ਰਿਹਾ ਹੈ ਕਿ ਇਸ ਦੇਸ਼ ਦੀ ਇੱਜ਼ਤ ਅਤੇ ਪ੍ਰਗਤੀ ਲਈ ਸਿੱਖਾਂ ਨੇ ਕਿੰਨਾ ਯੋਗਦਾਨ ਪਾਇਆ ਹੈ। ਸਿੱਖ ਅਮਰੀਕਨ ਪਰਿਵਾਰ ਦਾ ਹਿੱਸਾ ਹਨ। ਰਾਸ਼ਟਰਪਤੀ ਨੇ ਐੱਫ.ਬੀ.ਆਈ ਡਾਇਰੈਕਟਰ ਅਤੇ ਹੋਮ ਲੈਂਡ ਸੁਰੱਖਿਆ ਸਲਾਹਕਾਰ ਤੋਂ ਇਸ ਘਟਨਾ ਬਾਰੇ ਵਿਸਥਾਰ ਪੂਰਵਕ ਰਿਪੋਰਟ ਮੰਗੀ।

**ਰਾਸ਼ਟਪਤੀ ਬਰਾਕ ਓਬਾਮਾ ਵੱਲੋਂ ਸੁਨੇਹਾ :** 10

# ਰਾਸ਼ਟਰਪਤੀ ਬਰਾਕ ਓਬਾਮਾ ਦਾ ਗੁਰਦੁਆਰਾ ਸਾਹਿਬ ਦੀ ਸ਼ੂਟਿੰਗ ਤੇ ਬਿਆਨ

ਅਗਸਤ 2012 ਨੂੰ ਓਕ ਕਰੀਕ, ਸਿਟੀ ਹਾਲ ਵਿੱਖੇ ਹਜ਼ਾਰਾਂ ਸਿੱਖ ਸੰਗਤਾਂ, ਹਿੰਦੂ, ਮੁਸਲਮਾਨ, ਇਸਾਈ ਅਤੇ ਹੋਰ ਧਰਮਾਂ ਦੇ ਲੋਕਾਂ ਨੂੰ ਸੰਬੋਧਨ ਕਰਨ ਪਹੁੰਚੇ। ਅਮਰੀਕਾ ਦੇ ਅਟਾਰਨੀ ਜਨਰਲ ਐਰਿਕ ਹੋਲਡਰ ਨੇ ਅਮਰੀਕਾ ਦੇ ਰਾਸ਼ਟਪਤੀ ਸ੍ਰੀ ਬਰਾਕ ਓਬਾਮਾ ਵੱਲੋਂ ਭੇਜਿਆ ਹੋਇਆ ਸੁਨੇਹਾ ਪੜ੍ਹਿਆ। ਐਰਿਕ ਹੋਲਡਰ ਨੇ ਕਿਹਾ ਕਿ ਮੈਂ ਰਾਸ਼ਟਪਤੀ ਸ੍ਰੀ ਓਬਾਮਾ ਦਾ ਸੁਨੇਹਾ ਲੈ ਕੇ ਆਇਆ ਹਾਂ ਅਤੇ ਉਹਨਾਂ ਦੀ ਪ੍ਰਤੀਨਿਧਤਾ ਕਰ ਰਿਹਾ ਹਾਂ। ਚਾਹੇ ਸਾਨੂੰ ਅਜਿਹੀ ਅਣਸੁਖਾਵੀਂ ਘਟਨਾ ਨੇ ਇਕੱਠਾ ਕੀਤਾ ਹੈ ਪਰ ਸਾਡੇ ਇਕੱਠੇ ਹੋਣ ਦਾ ਕਾਰਨ ਇਸ ਤੋਂ ਕਿਤੇ ਵੱਧ ਹੈ। ਅਸੀਂ ਇਕੱਠੇ ਰਲ ਕੇ ਅਫ਼ਸੋਸ ਕਰਨਾ ਹੈ। ਦ੍ਰਿੜ੍ਹਤਾ ਅਤੇ ਧਰਮ ਦੀ ਤਾਕਤ ਬਾਰੇ ਵੀ ਵਿਚਾਰ ਕਰਨੀ ਹੈ, ਜੋ ਸਾਡੇ ਦੇਸ਼ ਦੇ ਗਿਰਜਾ ਘਰਾਂ, ਸੋਨਾਗੋਗ, ਮਸੀਤ, ਮੰਦਿਰ, ਗੁਰਦੁਆਰੇ ਅਤੇ ਹੋਰ ਭਗਤੀ ਘਰਾਂ ਵਿਚ ਹੁੰਦੀ ਹੈ, ਜਿਥੇ ਦਇਆ, ਪਿਆਰ, ਸਤਿਕਾਰ ਅਤੇ ਮਾਫ਼ੀ ਆਦਿ ਵਰਗੇ ਗੁਣ ਸਿਖਾਏ ਜਾਂਦੇ ਹਨ।




ਅਮਰੀਕਾ ਇਸੇ ਤਜ਼ਰਬੇ ਦਾ ਹਿੱਸਾ ਸੀ ਜਿਥੇ ਅਲੱਗ-ਅਲੱਗ ਧਰਮਾਂ, ਰੂਪ-ਰੰਗਾਂ ਅਤੇ ਵਿਸ਼ਵਾਸਾਂ ਵਾਲੇ ਲੋਕ ਆਏ ਅਤੇ ਇਕੱਠਿਆਂ ਕੰਮ ਕੀਤਾ। ਅਮਰੀਕਾ ਵਿਚ ਉਹਨਾਂ ਨੂੰ ਨਿੱਜੀ ਅਜ਼ਾਦੀ ਅਤੇ ਜ਼ਿੰਮੇਵਾਰੀ ਮਿਲੀ। ਇਥੇ ਉਹਨਾਂ ਨੂੰ ਬਰਾਬਰਤਾ, ਕੰਮ-ਕਾਰ ਅਤੇ ਤਰੱਕੀ ਦੇ ਮੌਕੇ ਮਿਲੇ। ਇਹੀ ਕਾਰਨ ਹੈ ਕਿ ਕੋਈ ਫ਼ਰਕ ਨਹੀਂ ਪੈਂਦਾ ਕਿ ਤੁਸੀਂ ਕਿੱਥੋਂ ਆਏ ਹੋ ਅਤੇ ਕਿਸ ਦੀ ਪੂਜਾ ਕਰਦੇ ਹੋ। ਜਦੋਂ ਤੁਸੀਂ ਅਮਰੀਕਾ ਵਿਚ ਹੋ ਤਾਂ ਅਮਰੀਕਨ ਪਰਿਵਾਰ ਦਾ ਹਿੱਸਾ ਹੋ। ਇਹੀ ਕਹਾਣੀ ਸਿੱਖਾਂ ਦੀ ਹੈ, ਜਿਹਨਾਂ ਨੇ ਬਹੁਤ ਤਰੱਕੀ ਕੀਤੀ ਅਤੇ ਅਮਰੀਕਾ ਦੀ ਤਾਕਤ ਨੂੰ ਹੋਰ ਵੀ ਉੱਚਾ ਚੁੱਕਿਆ। ਇਹੀ ਲੋਕ ਸਨ ਜੋ 19ਵੀਂ ਸਦੀ ਦੇ ਅੰਤ ਵਿਚ ਅਮਰੀਕਾ ਦੇ ਪੱਛਮੀ ਤੱਟ ਤੇ ਆਏ ਅਤੇ ਲੱਕੜ ਦੇ ਕਾਰਖ਼ਾਨਿਆਂ ਵਿਚ, ਰੇਲਵੇ ਲਾਈਨਾਂ ਉਤੇ ਅਤੇ ਖੇਤਾਂ ਵਿੱਚ ਮਜ਼ਦੂਰਾਂ ਵਾਂਗ ਕੰਮ ਕੀਤਾ। ਜਿਹਨਾਂ ਨੇ ਯੂਬਾ ਸਿਟੀ ਤੋਂ ਲੈ ਕੇ ਨਿਊਯਾਰਕ ਤੱਕ, ਮਿਆਮੀ ਤੋਂ ਲੈ ਕੇ ਮਿਲਵਾਕੀ ਅਤੇ ਵਾਸ਼ਿੰਗਟਨ ਡੀ.ਸੀ. ਤੱਕ ਕੰਮ ਕੀਤਾ ਅਤੇ ਅਮਰੀਕਨ ਨਾਗਰਿਕ ਬਣਨ ਲਈ ਸੰਘਰਸ਼ ਵੀ ਕੀਤਾ।

ਅੱਜ ਅਸੀਂ ਇਥੇ ਸ. ਸੁਬੇਗ ਸਿੰਘ ਖੱਟੜਾ ਨੂੰ ਮਾਣ ਦੇਣ ਲਈ ਆਏ ਹਾਂ ਜੋ ਗੁਰਦੁਆਰੇ ਆਪਣੀ ਮਾਂ ਬੋਲੀ ਭਾਸ਼ਾ ਪੰਜਾਬੀ ਵਿਚ ਗੱਲਾਂ ਕਰਦਾ ਸੀ ਅਤੇ ਗੁਰਮਤਿ ਨੂੰ ਸੁਣਦਾ ਸੀ। ਅਸੀਂ ਪਰਮਜੀਤ ਕੌਰ ਦੇ ਜੀਵਨ ਨੂੰ ਵੀ ਯਾਦ ਕਰ ਰਹੇ ਹਾਂ ਜਿਹਨਾਂ ਨੇ ਹਮੇਸ਼ਾ ਆਪਣੇ ਦੋਵੇਂ ਬੱਚਿਆਂ ਹਰਪ੍ਰੀਤ ਅਤੇ ਕਮਲਪ੍ਰੀਤ ਦੀ ਵਿੱਦਿਆ ਵੱਲ ਉਚੇਚਾ ਧਿਆਨ ਦਿੱਤਾ। ਅਸੀਂ ਪ੍ਰਕਾਸ਼ ਸਿੰਘ ਨੂੰ ਵੀ ਯਾਦ ਕਰ ਰਹੇ ਹਾਂ, ਜਿਹਨਾਂ ਦੀ ਪਤਨੀ ਅਤੇ ਬੱਚੇ ਹੁਣੇ ਭਾਰਤ ਤੋਂ ਆਏ ਸਨ। ਅਸੀਂ ਇਥੇ ਸੀਤਾ ਸਿੰਘ ਅਤੇ ਰਣਜੀਤ ਸਿੰਘ ਦੋਵੇਂ ਭਰਾਵਾਂ ਨੂੰ ਵੀ ਯਾਦ ਕਰ ਰਹੇ ਹਾਂ ਜਿਹਨਾਂ ਨੇ ਸਾਰਾ ਜੀਵਨ ਗੁਰੂ ਘਰ ਦੀ ਸੇਵਾ ਵਿਚ ਲਾ ਦਿੱਤਾ। ਭਾਰਤ ਅਮਰੀਕਾ ਦਾ ਪਿਆਰਾ ਮਿੱਤਰ ਹੈ ਅਤੇ ਇਹ ਮਿੱਤਰਤਾ ਇਕ ਦੂਜੇ ਦੇ ਇਤਬਾਰ ਅਤੇ ਸਤਿਕਾਰ 'ਤੇ ਖੜ੍ਹੀ ਹੈ।

(ਚਲਦਾ)





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਨਾਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖ਼ਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**(ੳ) ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ**

**ਜ਼ਿਲ੍ਹਾ ਹਿਸਾਰ**

1. ਸ੍ਰ. ਮੇਹਰ ਸਿੰਘ ਜੀ
2. ਸ੍ਰ. ਕਿਸ਼ਨ ਸਿੰਘ ਜੀ

**ਜ਼ਿਲ੍ਹਾ ਅੰਬਾਲਾ**

3. ਸ੍ਰ. ਬਚਨ ਸਿੰਘ ਜੀ
4. ਸ੍ਰ. ਅਜੀਤ ਸਿੰਘ ਜੀ

**ਜ਼ਿਲ੍ਹਾ ਕਾਂਗੜਾ**

5. ਸ੍ਰ. ਵਲੀ ਸਿੰਘ ਜੀ
6. ਸ੍ਰ. ਠੋਹਲਾ ਸਿੰਘ ਜੀ
7. ਸ੍ਰ. ਦਲੀਪ ਸਿੰਘ ਜੀ
8. ਸ੍ਰ. ਬਤਨ ਸਿੰਘ ਜੀ
9. ਸ੍ਰ. ਮਾਲਾ ਸਿੰਘ ਜੀ

**ਜ਼ਿਲ੍ਹਾ ਜਲੰਧਰ**

10. ਸ੍ਰ. ਭੋਲਾ ਸਿੰਘ ਜੀ
11. ਸ੍ਰ. ਨਰਿੰਦਰ ਸਿੰਘ ਜੀ
12. ਸ੍ਰ. ਲਾਭ ਸਿੰਘ ਜੀ
13. ਸ੍ਰ. ਥੰਮਣ ਸਿੰਘ ਜੀ
14. ਸ੍ਰ. ਰਛਪਾਲ ਸਿੰਘ ਜੀ
15. ਸ੍ਰ. ਬਖਸ਼ੀਸ਼ ਸਿੰਘ ਜੀ
16. ਸ੍ਰ. ਬਲਵੰਤ ਸਿੰਘ ਜੀ

**ਜ਼ਿਲ੍ਹਾ ਲੁਧਿਆਣਾ**

17. ਸ੍ਰ. ਰਾਮ ਸਿੰਘ ਜੀ
18. ਸ੍ਰ. ਹਰਦਿਤ ਸਿੰਘ ਜੀ
19. ਸ੍ਰ. ਸੁੰਦਰ ਸਿੰਘ ਜੀ
20. ਸ੍ਰ. ਲਾਲ ਸਿੰਘ ਜੀ
21. ਸ੍ਰ. ਗੁਰਨਾਮ ਸਿੰਘ ਜੀ
22. ਸ੍ਰ. ਅਲਬੇਲ ਸਿੰਘ ਜੀ
23. ਸ੍ਰ. ਮੰਗਲ ਸਿੰਘ ਜੀ
24. ਸ੍ਰ. ਸੁਖਦੇਵ ਸਿੰਘ ਜੀ

**ਜ਼ਿਲ੍ਹਾ ਫਿਰੋਜ਼ਪੁਰ**

25. ਸ੍ਰ. ਨਰਿੰਜਨ ਸਿੰਘ ਜੀ
26. ਗਿ. ਸ਼ੇਰ ਸਿੰਘ ਜੀ
27. ਸ੍ਰ. ਦੇਵ ਸਿੰਘ ਜੀ
28. ਸ੍ਰ. ਟਹਿਲ ਸਿੰਘ ਜੀ
29. ਸ੍ਰ. ਗੰਗਾ ਸਿੰਘ ਜੀ
30. ਸ੍ਰ. ਈਸ਼ਰ ਸਿੰਘ ਜੀ ਮਾਣੂਕੇ
31. ਸ੍ਰ. ਕੁੰਢਾ ਸਿੰਘ ਜੀ
32. ਸ੍ਰ. ਦਰਬਾਰਾ ਸਿੰਘ ਜੀ
33. ਸ੍ਰ. ਈਸ਼ਰ ਸਿੰਘ ਜੀ ਗਦੋਂਡੋਬ

**ਜ਼ਿਲ੍ਹਾ ਸਰਗੋਧਾ**

34. ਸ੍ਰ. ਬਲਬੀਰ ਸਿੰਘ

**ਜ਼ਿਲ੍ਹਾ ਲਾਹੌਰ**

35. ਸ੍ਰ. ਹਰਨਾਮ ਸਿੰਘ ਜੀ
36. ਸ੍ਰ. ਆਸਾ ਸਿੰਘ ਜੀ
37. ਸ੍ਰ. ਵਰਿਆਮ ਸਿੰਘ ਜੀ
38. ਸ੍ਰ. ਜਗਤ ਸਿੰਘ ਜੀ
39. ਸ੍ਰ. ਤੇਜਾ ਸਿੰਘ ਜੀ
40. ਸ੍ਰ. ਲਛਮਣ ਸਿੰਘ ਜੀ
41. ਸ੍ਰ. ਚੰਨਣ ਸਿੰਘ ਜੀ

**ਜ਼ਿਲ੍ਹਾ ਅੰਮ੍ਰਿਤਸਰ**

42. ਸ੍ਰ. ਮੱਘਰ ਸਿੰਘ ਜੀ
43. ਸ੍ਰ. ਰੂੜ੍ਹ ਸਿੰਘ ਜੀ
44. ਸ੍ਰ. ਜਗਤ ਸਿੰਘ ਜੀ
45. ਸ੍ਰ. ਸੁਰਮੁਖ ਸਿੰਘ ਜੀ
46. ਸ੍ਰ. ਸੁੰਦਰ ਸਿੰਘ ਜੀ
47. ਸ੍ਰ. ਗੁਰਬਖਸ਼ ਸਿੰਘ ਜੀ
48. ਸ੍ਰ. ਕਰਤਾਰ ਸਿੰਘ ਜੀ
49. ਭਾਈ ਮੋਹਨ ਸਿੰਘ ਜੀ
50. ਸ੍ਰ. ਜਸਵੰਤ ਸਿੰਘ ਜੀ ਝਬਾਲ
51. ਸ੍ਰ. ਪ੍ਰਤਾਪ ਸਿੰਘ ਜੀ
52. ਸ੍ਰ. ਹੀਰਾ ਸਿੰਘ ਜੀ ਜ਼ਿਲ੍ਹਾ ਅੰਮ੍ਰਿਤਸਰ
53. ਸ੍ਰ. ਪਾਲਾ ਸਿੰਘ ਜੀ ਅੰਮ੍ਰਿਤਸਰ

**ਜ਼ਿਲ੍ਹਾ ਗੁਰਦਾਸਪੁਰ**


64. ਸ੍ਰ. ਭਾਗ ਸਿੰਘ ਜੀ ਵਕੀਲ
55. ਸ੍ਰ. ਸ਼ਿਵ ਸਿੰਘ ਜੀ
56. ਸ੍ਰ. ਗੁਰਦਿਤ ਸਿੰਘ ਜੀ
57. ਸ੍ਰ. ਤੇਜਾ ਸਿੰਘ ਜੀ ਅੱਕਰਪੁਰੀ
58. ਸ੍ਰ. ਮੇਹਰ ਸਿੰਘ

**ਜ਼ਿਲ੍ਹਾ ਸਿਆਲਕੋਟ**

59. ਸ੍ਰ. ਸੁੰਦਰ ਸਿੰਘ ਜੀ ਰਸਾਲਪੁਰ
60. ਸ੍ਰ. ਬਲਵੰਤ ਸਿੰਘ ਜੀ
61. ਸ੍ਰ. ਗੁਰਬਖਸ਼ ਸਿੰਘ ਜੀ
62. ਸ੍ਰ. ਗੁਰਚਰਨ ਸਿੰਘ ਜੀ ਵਕੀਲ

**ਜ਼ਿਲ੍ਹਾ ਗੁਜਰਾਂਵਾਲਾ**

63. ਸ੍ਰ. ਅਵਤਾਰ ਸਿੰਘ ਜੀ ਬੈਰਿਸਟਰ




64. ਸ੍ਰ. ਤਾਰਾ ਸਿੰਘ ਜੀ

**ਜ਼ਿਲ੍ਹਾ ਸ਼ੇਖੂਪੁਰਾ**

65. ਭਾਈ ਕਰਤਾਰ ਸਿੰਘ ਜੀ ਝੱਬਰ
66. ਸ੍ਰ. ਰਾਮ ਸਿੰਘ ਜੀ
67. ਸ੍ਰ. ਗਹਿਣਾ ਸਿੰਘ ਜੀ

**ਜ਼ਿਲ੍ਹਾ ਗੁਜਰਾਤ**

68. ਸ੍ਰ. ਜਗਤ ਸਿੰਘ ਜੀ ਵਾਸੂ

**ਜ਼ਿਲ੍ਹਾ ਸ਼ਾਹਪੁਰ**

69. ਸ੍ਰ. ਲਾਭ ਸਿੰਘ ਜੀ
70. ਸ੍ਰ. ਬਲਬੀਰ ਸਿੰਘ ਜੀ ਵਕੀਲ

**ਜ਼ਿਲ੍ਹਾ ਰਾਵਲਪਿੰਡੀ**

71. ਸ੍ਰ. ਬਲਵੰਤ ਸਿੰਘ ਜੀ
72. ਸ੍ਰ. ਗੁਪਾਲ ਸਿੰਘ ਜੀ

ਜ਼ਿਲ੍ਹਾ ਮਿੰਟਗੁਮਰੀ

73. ਸ੍ਰ. ਸਤਵੰਤ ਸਿੰਘ ਜੀ
74. ਸ੍ਰ. ਮੱਲ ਸਿੰਘ ਜੀ
75. ਸ੍ਰ. ਸ਼ੇਰ ਸਿੰਘ ਜੀ

**ਜ਼ਿਲ੍ਹਾ ਲਾਇਲਪੁਰ**

76. ਸ੍ਰ. ਪਸ਼ੌਰਾ ਸਿੰਘ ਜੀ
77. ਸ੍ਰ. ਗੁਪਾਲ ਸਿੰਘ ਜੀ
78. ਸ੍ਰ. ਦੀਦਾਰ ਸਿੰਘ ਜੀ
79. ਸ੍ਰ. ਉਜਾਗਰ ਸਿੰਘ ਜੀ
80. ਸ੍ਰ. ਜਵਾਲਾ ਸਿੰਘ ਜੀ
81. ਸ੍ਰ. ਤਾਰਾ ਸਿੰਘ ਜੀ
82. ਸ੍ਰ. ਦਲਜੀਤ ਸਿੰਘ ਜੀ

**ਜ਼ਿਲ੍ਹਾ ਮੁਜ਼ੱਫਰਗੜ੍ਹ ਤੇ ਡੇਰਾ ਇਸਮਾਈਲ ਖਾਂ**

83. ਸ੍ਰ. ਅਜਾਇਬ ਸਿੰਘ ਜੀ

ਹੈਡ ਮਨਿਸਟਰਸ

84. ਭਾਈ ਸਾਹਿਬ ਕਰਤਾਰਿ ਸੰਘ ਜੀ, ਸ੍ਰੀ ਦਰਬਾਰ ਸਾਹਿਬ
85. ਭਾਈ ਮੋਹਣ ਸਿੰਘ ਜੀ, ਤਖਤ ਸ੍ਰੀ ਕੇਸਗੜ੍ਹ ਸਾਹਿਬ ਜੀ
86. ਜਥੇਦਾਰ ਪ੍ਰਤਾਪ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ

**ਰਿਆਸਤ ਪਟਿਆਲਾ**

87. ਸ੍ਰ. ਆਤਮਾ ਸਿੰਘ ਜੀ

**ਨਾਮਜ਼ਦ ਮੈਂਬਰ**

88. ਸ੍ਰ. ਅਮਰ ਸਿੰਘ ਜੀ
89. ਸ੍ਰ. ਤਾਰਾ ਸਿੰਘ ਜੀ
90. ਸ੍ਰ. ਪ੍ਰਤਾਪ ਸਿੰਘ ਜੀ
91. ਪ੍ਰੋ. ਗੰਗਾ ਸਿੰਘ ਜੀ
92. ਸ੍ਰ. ਨਰੈਣ ਸਿੰਘ ਜੀ
93. ਭਾਈ ਪਿਆਰਾ ਸਿੰਘ ਜੀ
94. ਸ੍ਰ. ਅਮਰ ਸਿੰਘ ਜੀ

**(ਅ) ਹੋਰ ਜਥਿਆਂ ਵਲੋਂ ਸ਼ਾਮਲ ਹੋਏ ਪ੍ਰਤੀਨਿਧ**

**ਖਾਲਸਾ ਦੀਵਾਨ ਬਾਰ**

95. ਭਾ. ਰਣਜੀਤ ਸਿੰਘ ਜੀ
96. ਭਾ. ਇੰਦਰ ਸਿੰਘ ਜੀ
97. ਸ੍ਰ. ਸਰਦੂਲ ਸਿੰਘ ਜੀ

**ਗੜਗੱਜ ਅਕਾਲੀ ਦੀਵਾਨ**

98. ਭਾਈ ਤੇਜਾ ਸਿੰਘ ਜੀ
99. ਭਾਈ ਲਾਭ ਸਿੰਘ ਜੀ
100. ਭਾਈ ਲਛਮਣਸਿੰਘ ਜੀ
101. ਭਾਈ ਮੇਹਰ ਸਿੰਘ ਜੀ

**ਸੈਂਟਰਲ ਮਾਝਾ ਦੀਵਾਨ**

102. ਸ੍ਰ. ਤ੍ਰਲੋਚਨ ਸਿੰਘ ਜੀ
103. ਸ੍ਰ. ਕ੍ਰਿਪਾਲ ਸਿੰਘ ਜੀ

(ਚਲਦਾ)

# ਸਿੱਖਿਆ ਦੀ ਅਹਿਮੀਅਤ : ਨਿੱਜੀ ਸਿੱਖਿਆ ਸੰਸਥਾਵਾਂ ਨੂੰ ਨਿਯਮਤ ਕਰ ਕੇ ਸਹੀ ਲੀਹ 'ਤੇ ਲਿਆਉਣਾ ਸਮੇਂ ਦੀ ਮੰਗ

ਦਿੱਲੀ ਯੂਨੀਵਰਸਿਟੀ ਦੇ ਸ਼ਤਾਬਦੀ ਵਰ੍ਹੇ ਦੇ ਸਮਾਪਤੀ ਸਮਾਰੋਹ ਵਿਚ ਪੁੱਜੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਹ ਸਹੀ ਕਿਹਾ ਹੈ ਕਿ ਦੇਸ਼ ਵਿਚ ਸਿੱਖਿਆ ਨਾਲ ਹੀ ਲਹਿਰਾਂ-ਬਹਿਰਾਂ ਆਉਣਗੀਆਂ। ਇਸ ਤੱਥ ਤੋਂ ਹਰ ਕੋਈ ਜਾਣੂ ਹੈ ਕਿ ਸੰਸਾਰ ਦੇ ਜਿਨ੍ਹਾਂ ਵੀ ਮੁਲਕਾਂ ਨੇ ਕਾਬਿਲੇਗ਼ੌਰ ਤਰੱਕੀ ਕੀਤੀ ਹੈ, ਉਨ੍ਹਾਂ ਦਾ ਆਧਾਰ ਉਨ੍ਹਾਂ ਦੀ ਉੱਨਤ ਸਿੱਖਿਆ ਵਿਵਸਥਾ ਰਹੀ ਹੈ। ਬੇਸ਼ੱਕ ਆਪਣੇ ਮੁਲਕ ਵਿਚ ਸਿੱਖਿਆ ਦੀ ਮਹੱਤਤਾ ਨੂੰ ਸ਼ੁਰੂ ਤੋਂ ਹੀ ਸਮਝਿਆ ਗਿਆ ਅਤੇ ਸਮੇਂ-ਸਮੇਂ 'ਤੇ ਸਿੱਖਿਆ ਵਿਵਸਥਾ ਵਿਚ ਲੋੜੀਂਦੇ ਸੁਧਾਰ ਵੀ ਕੀਤੇ ਗਏ ਪਰ ਅਜੇ ਕਾਫ਼ੀ ਕੁਝ ਕੀਤਾ ਜਾਣਾ ਬਾਕੀ ਹੈ।

ਇਹ ਕੰਮ ਪ੍ਰਾਇਮਰੀ ਸਿੱਖਿਆ ਤੋਂ ਲੈ ਕੇ ਉੱਚ ਸਿੱਖਿਆ ਤਕ ਕੀਤਾ ਜਾਣਾ ਹੈ। ਭਾਵੇਂ ਨਵੀਂ ਸਿੱਖਿਆ ਨੀਤੀ ਲਾਗੂ ਹੋ ਗਈ ਹੋਵੇ ਪਰ ਉਸ ਦੇ ਲਾਗੂ ਕਰਨ ਦੀ ਰਫ਼ਤਾਰ ਤਸੱਲੀਬਖ਼ਸ਼ ਨਹੀਂ ਹੈ। ਇਹ ਸਮੇਂ ਦੀ ਮੰਗ ਹੈ ਕਿ ਨਵੀਂ ਸਿੱਖਿਆ ਨੀਤੀ 'ਤੇ ਤੇਜ਼ੀ ਨਾਲ ਅਮਲ ਕੀਤਾ ਜਾਵੇ। ਇਸੇ ਦੇ ਨਾਲ ਪਾਠਕ੍ਰਮ ਬਦਲਣ ਦੇ ਕੰਮ ਨੂੰ ਵੀ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ ਕਿਉਂਕਿ ਇਸ ਮੋਰਚੇ 'ਤੇ ਫ਼ਿਲਹਾਲ ਕੁਝ ਖ਼ਾਸ ਨਹੀਂ ਹੋਇਆ ਹੈ।

ਇਸ ਦਾ ਕੋਈ ਮਤਲਬ ਨਹੀਂ ਕਿ ਵਿਦਿਆਰਥੀਆਂ ਨੂੰ ਉਹ ਪੜ੍ਹਾਇਆ ਜਾਵੇ ਜੋ ਉਨ੍ਹਾਂ ਦੇ ਜੀਵਨ ਵਿਚ ਕੰਮ ਨਾ ਆਵੇ ਜਾਂ ਫਿਰ ਜੋ ਉਨ੍ਹਾਂ ਨੂੰ ਅਨੁਸ਼ਾਸਿਤ ਅਤੇ ਇਕ ਜ਼ਿੰਮੇਵਾਰ ਨਾਗਰਿਕ ਬਣਾਉਣ ਦਾ ਕੰਮ ਸਹੀ ਤਰ੍ਹਾਂ ਨਾ ਕਰੇ। ਸਿੱਖਿਆ ਦੇ ਖੇਤਰ ਵਿਚ ਸਰਕਾਰ ਨੂੰ ਆਪਣੀਆਂ ਪ੍ਰਾਪਤੀਆਂ ਗਿਣਾਉਣ ਦੇ ਨਾਲ-ਨਾਲ ਇਹ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਬਦਲਦੇ ਵਕਤ ਦੇ ਨਾਲ ਤਾਲਮੇਲ ਬਿਠਾਉਣ ਦੀ ਜ਼ਰੂਰਤ ਹੈ ਕਿਉਂਕਿ ਦੁਨੀਆ ਬਹੁਤ ਤੇਜ਼ੀ ਨਾਲ ਬਦਲ ਰਹੀ ਹੈ। ਜਿਹੋ ਜਿਹੀਆਂ ਨਵੀਆਂ-ਨਵੀਆਂ ਤਕਨੀਕਾਂ ਆ ਰਹੀਆਂ ਹਨ, ਉਹ ਇਸ ਜ਼ਰੂਰਤ ਨੂੰ ਹੀ ਉਜਾਗਰ ਕਰ ਰਹੀਆਂ ਹਨ ਕਿ ਸਿੱਖਿਆ ਵਿਵਸਥਾ ਵਿਚ ਤੇਜ਼ੀ ਨਾਲ ਬਦਲਾਅ ਹੋਣੇ ਚਾਹੀਦੇ ਹਨ।



ਇਸ ਕੰਮ ਨੂੰ ਇਸ ਲਈ ਜੰਗੀ ਪੱਧਰ 'ਤੇ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਇਹ ਦੇਖਣ ਵਿਚ ਆ ਰਿਹਾ ਹੈ ਕਿ ਸਾਡੇ ਸਾਰੇ ਡਿਗਰੀ ਕਾਲਜ ਅਜਿਹੇ ਨੌਜਵਾਨਾਂ ਦੀ ਫ਼ੌਜ ਤਿਆਰ ਕਰ ਰਹੇ ਹਨ ਜੋ ਦੇਸ਼ ਦੀ ਜ਼ਰੂਰਤ ਨੂੰ ਪੂਰਾ ਕਰ ਸਕਣ ਤੋਂ ਅਸਮਰੱਥ ਹਨ। ਕਈ ਸਨਅਤੀ ਸੰਗਠਨ ਇਹ ਕਹਿ ਚੁੱਕੇ ਹਨ ਕਿ ਉਨ੍ਹਾਂ ਨੂੰ ਉਨ੍ਹਾਂ ਦੀ ਜ਼ਰੂਰਤ ਮੁਤਾਬਕ ਨੌਜਵਾਨ ਨਹੀਂ ਮਿਲ ਰਹੇ ਹਨ। ਸਿੱਖਿਆ ਸੰਸਥਾਵਾਂ ਤੋਂ ਨਿਕਲੇ ਨੌਜਵਾਨ ਡਿਗਰੀਆਂ ਨਾਲ ਤਾਂ ਲੈਸ ਹੋ ਜਾਂਦੇ ਹਨ ਪਰ ਕਿਸੇ ਹੁਨਰ ਵਿਚ ਮੁਹਾਰਤ ਨਹੀਂ ਰੱਖਦੇ। ਇਹ ਠੀਕ ਨਹੀਂ। ਹੁਨਰ ਵਿਕਾਸ ਪ੍ਰੋਗਰਾਮ ਚਲਾਉਣ ਦੇ ਨਾਲ-ਨਾਲ ਇਸ 'ਤੇ ਵੀ ਧਿਆਨ ਦਿੱਤਾ ਜਾਵੇ ਕਿ ਵਿਦਿਆਰਥੀ ਵਿੱਦਿਅਕ ਸੰਸਥਾਵਾਂ ਤੋਂ ਹੀ ਹੁਨਰ ਹਾਸਲ ਕਰ ਕੇ ਨਿਕਲਣ।

ਜਦ ਸਿੱਖਿਆ ਨੀਤੀ 'ਤੇ ਅਮਲ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤਦ ਕਈ ਯੂਨੀਵਰਸਿਟੀਆਂ ਤਿੰਨ ਸਾਲ ਦਾ ਪਾਠਕ੍ਰਮ ਚਾਰ-ਪੰਜ ਸਾਲ 'ਚ ਪੂਰਾ ਕਰ ਰਹੀਆਂ ਹਨ। ਇਹ ਵੀ ਕਿਸੇ ਤੋਂ ਲੁਕਿਆ ਨਹੀਂ ਕਿ ਕਿਸ ਤਰ੍ਹਾਂ ਕੁਲਪਤੀਆਂ ਤੇ ਅਧਿਆਪਨ ਅਮਲੇ ਦੀਆਂ ਨਿਯੁਕਤੀਆਂ 'ਚ ਬੇਲੋੜੀ ਦੇਰੀ ਹੋ ਰਹੀ ਹੈ। ਸਾਡੇ ਨੀਤੀ ਘਾੜੇ ਇਸ ਤੱਥ ਤੋਂ ਵੀ ਮੂੰਹ ਨਹੀਂ ਮੋੜ ਸਕਦੇ ਕਿ ਸਿੱਖਿਆ 'ਚ ਸਾਰੇ ਸੁਧਾਰਾਂ ਤੋਂ ਬਾਅਦ ਵੀ ਵੱਡੀ ਗਿਣਤੀ 'ਚ ਵਿਦਿਆਰਥੀ ਵਿਦੇਸ਼ੀ ਸਿੱਖਿਆ ਸੰਸਥਾਵਾਂ 'ਚ ਸਿੱਖਿਆ ਲੈਣ ਲਈ ਮਜਬੂਰ ਹਨ। ਇਸ ਦਾ ਕਾਰਨ ਦੇਸ਼ 'ਚ ਮਿਆਰੀ ਸਿੱਖਿਆ ਅਦਾਰਿਆਂ ਦੀ ਕਮੀ ਹੈ। ਇਹ ਹਾਲਾਤ ਉਦੋਂ ਹਨ ਜਦ ਹਾਲੀਆ ਸਮੇਂ 'ਚ ਭਾਰੀ ਤਾਦਾਦ 'ਚ ਨਿੱਜੀ ਸਿੱਖਿਆ ਸੰਸਥਾਵਾਂ ਖੁੱਲ੍ਹੀਆਂ ਹਨ। ਅਸਲ ਵਿਚ ਨਿੱਜੀ ਸਿੱਖਿਆ ਸੰਸਥਾਵਾਂ ਨੂੰ ਸਹੀ ਤਰ੍ਹਾਂ ਨਾਲ ਨਿਯਮਤ ਕਰ ਕੇ ਉਨ੍ਹਾਂ ਨੂੰ ਸਹੀ ਲੀਹ 'ਤੇ ਲਿਆਉਣਾ ਸਮੇਂ ਦੀ ਮੰਗ ਹੈ।




# Balsani Welders & Builders

## We Design, Manufacture & Ship Nationwide

### All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences







ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।





## ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।


**ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ**

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।

- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- - FABRICATION TO INSTALLATION














ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।



## S. Iqbal Singh

844-573-3824 | 510-915-9144

433 W Scotts Ave Stockton, CA 95203

PH: (925) 487-7117

# ਕੈਨੇਡਾ ਦੇ ਪਹਿਲੇ ਦਸਤਾਰਧਾਰੀ ਸਿੱਖ ਪੁਲੀਸ ਅਧਿਕਾਰੀ ਬਲਤੇਜ ਢਿੱਲੋਂ ਵਰਕਸੇਫਬੀਸੀ ਦੇ ਡਾਇਰੈਕਟਰ ਨਿਯੁਕਤ

ਟੋਰਾਂਟੋ : ਕੈਨੇਡਾ ਵਿਚ ਪਹਿਲੇ ਦਸਤਾਰਧਾਰੀ ਸਿੱਖ ਅਫ਼ਸਰ ਬਲਜੀਤ ਸਿੰਘ ਢਿੱਲੋਂ ਨੂੰ ਮਹੱਤਵਪੂਰਨ ਜ਼ਿੰਮੇਵਾਰੀ ਸੌਂਪੀ ਗਈ ਹੈ। ਰਾਇਲ ਕੈਨੇਡੀਅਨ ਮਾਊਂਟਿਡ ਪੁਲਸ (ਆਰਸੀਐਮਪੀ) ਵਿੱਚ ਪਹਿਲੇ ਦਸਤਾਰਧਾਰੀ ਸਿੱਖ ਅਫ਼ਸਰ ਬਲਤੇਜ ਸਿੰਘ ਢਿੱਲੋਂ ਨੂੰ ਵਰਕਸੇਫ਼ਬੀਸੀ (WorkSafeBC) ਦੇ ਬੋਰਡ ਆਫ਼ ਡਾਇਰੈਕਟਰਜ਼ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਸ ਨਾਲ ਉਹ ਇਹ ਉੱਚ ਅਹੁਦਾ ਸੰਭਾਲਣ ਵਾਲਾ ਪਹਿਲਾ ਦੱਖਣੀ ਏਸ਼ੀਆਈ ਬਣ ਗਿਆ ਹੈ।



2017 ਤੋਂ ਬੋਰਡ ਦੇ ਮੈਂਬਰ ਢਿੱਲੋਂ ਨੂੰ ਪਿਛਲੇ ਹਫ਼ਤੇ ਕਿਰਤ ਮੰਤਰੀ ਹੈਰੀ ਬੈਂਸ ਦੁਆਰਾ ਕੀਤੇ ਗਏ ਐਲਾਨ ਤੋਂ ਬਾਅਦ 30 ਜੂਨ ਤੋਂ ਪ੍ਰਭਾਵੀ ਤਿੰਨ ਸਾਲਾਂ ਦੀ ਮਿਆਦ ਲਈ ਨਿਯੁਕਤ ਕੀਤਾ ਗਿਆ। ਬਲਤੇਜ ਇੱਕ ਤਜਰਬੇਕਾਰ ਪੁਲਸ ਅਧਿਕਾਰੀ ਹੈ, ਜਿਸ ਕੋਲ ਕਾਨੂੰਨ ਲਾਗੂ ਕਰਨ ਵਿੱਚ ਮੁਹਾਰਤ ਅਤੇ ਵਰਕਸੇਫਬੀਸੀ ਵਿੱਚ ਇੱਕ ਡਾਇਰੈਕਟਰ ਵਜੋਂ ਛੇ ਸਾਲਾਂ ਦਾ ਤਜਰਬਾ ਹੈ। ਬੈਂਸ ਨੇ ਆਪਣੇ ਐਲਾਨ ਵਿਚ ਕਿਹਾ ਕਿ ਉਹ ਕੰਮ ਵਾਲੀ ਥਾਂ 'ਤੇ ਗੰਭੀਰ ਘਟਨਾਵਾਂ ਦੀ ਜਾਂਚ ਵਿੱਚ ਵਰਕਸੇਫਬੀਸੀ ਦੀ ਭੂਮਿਕਾ ਲਈ ਵਚਨਬੱਧ ਹੋਵੇਗਾ ਤਾਂ ਜੋ ਅਜਿਹੀਆਂ ਘਟਨਾਵਾਂ ਨੂੰ ਦੁਬਾਰਾ ਵਾਪਰਨ ਤੋਂ ਰੋਕਿਆ ਜਾ ਸਕੇ।

ਤੁਹਾਡੀ ਜਾਣਕਾਰੀ ਲਈ ਦੱਸ ਦਈਏ ਕਿ ਵਰਕਸੇਫਬੀਸੀ ਇੱਕ ਸੂਬਾਈ ਏਜੰਸੀ ਹੈ ਜੋ ਪੂਰੇ ਬ੍ਰਿਟਿਸ਼ ਕੋਲੰਬੀਆ ਵਿੱਚ ਸੁਰੱਖਿਅਤ ਅਤੇ ਸਿਹਤਮੰਦ ਕਾਰਜ ਸਥਾਨਾਂ ਨੂੰ ਉਤਸ਼ਾਹਿਤ ਕਰਨ ਲਈ ਸਮਰਪਿਤ ਹੈ। ਵਰਕਸੇਫਬੀਸੀ ਬੋਰਡ ਆਫ਼ ਡਾਇਰੈਕਟਰਜ਼ ਦੀ ਨਿਯੁਕਤੀ ਬ੍ਰਿਟਿਸ਼ ਕੋਲੰਬੀਆ ਦੇ ਕਿਰਤ ਮੰਤਰੀ ਦੁਆਰਾ ਕੀਤੀ ਜਾਂਦੀ ਹੈ। ਬੋਰਡ ਦੇ ਮੈਂਬਰ WorkSafeBC ਅਤੇ ਵਰਕਰਾਂ ਦੀ ਮੁਆਵਜ਼ਾ ਪ੍ਰਣਾਲੀ ਦੇ ਪ੍ਰਬੰਧਕ ਵਜੋਂ ਕੰਮ ਕਰਦੇ ਹਨ। ਢਿੱਲੋਂ ਖੁਫੀਆ, ਵਿਸ਼ੇਸ਼ ਲਾਗੂ ਕਰਨ, ਸੁਰੱਖਿਆ ਸੇਵਾਵਾਂ ਅਤੇ 1985 ਏਅਰ ਇੰਡੀਆ ਬੰਬ ਧਮਾਕੇ ਟਾਸਕ ਫੋਰਸ ਅਤੇ ਪਿਕਟਨ ਕੇਸ ਦੀ ਜਾਂਚ ਵਿੱਚ ਤਿੰਨ ਦਹਾਕਿਆਂ ਦੇ ਲੰਬੇ ਕੈਰੀਅਰ ਤੋਂ ਬਾਅਦ 2019 ਵਿੱਚ ਪੁਲਸ ਫੋਰਸ ਤੋਂ ਸੇਵਾਮੁਕਤ ਹੋਇਆ। ਉਸਨੇ ਵਰਦੀ ਨਾਲ ਦਸਤਾਰ ਪਹਿਨਣ ਵਾਲਾ ਪਹਿਲਾ RCMP ਮੈਂਬਰ ਬਣ ਕੇ ਇਤਿਹਾਸ ਰਚਿਆ ਅਤੇ ਭਾਈਚਾਰਕ ਸੇਵਾ ਲਈ ਮਹਾਰਾਣੀ ਐਲਿਜ਼ਾਬੈਥ 99 ਗੋਲਡਨ ਅਤੇ ਡਾਇਮੰਡ ਜੁਬਲੀ ਮੈਡਲ ਵੀ ਪ੍ਰਾਪਤ ਕੀਤੇ। ਢਿੱਲੋਂ ਨੇ ਕਿਹਾ ਕਿ 'ਉਹ ਆਪਣੇ ਸਾਥੀ ਬੋਰਡ ਮੈਂਬਰਾਂ ਅਤੇ ਵਰਕਸੇਫਬੀਸੀ ਸਟਾਫ਼ ਨਾਲ ਪ੍ਰਧਾਨ ਵਜੋਂ ਕੰਮ ਕਰਨਾ ਸ਼ੁਰੂ ਕਰਨ ਲਈ ਉਤਸ਼ਾਹਿਤ ਹੈ।'

ਮਲੇਸ਼ੀਆ ਵਿੱਚ ਵੱਡੇ ਹੋਏ ਢਿੱਲੋਂ 1983 ਵਿੱਚ 16 ਸਾਲ ਦੀ ਉਮਰ ਵਿੱਚ ਬ੍ਰਿਟਿਸ਼ ਕੋਲੰਬੀਆ ਆ ਗਏ ਸਨ। ਢਿੱਲੋਂ ਨੇ ਅਪਰਾਧ ਵਿਗਿਆਨ ਦੀ ਪੜ੍ਹਾਈ ਕੀਤੀ ਅਤੇ 1988 ਵਿੱਚ ਆਰਸੀਐਮਪੀ ਵਿੱਚ ਅਰਜ਼ੀ ਦਿੱਤੀ, ਜਿੱਥੇ ਉਸਨੇ ਉਸ ਸਮੇਂ ਦੇ ਪਹਿਰਾਵੇ ਦੇ ਕੋਡ ਦੀ ਪਾਲਣਾ ਕਰਨ ਤੋਂ ਇਨਕਾਰ ਕਰ ਦਿੱਤਾ, ਜਿਸ ਵਿੱਚ ਦਸਤਾਰ 'ਤੇ ਪਾਬੰਦੀ ਸੀ ਅਤੇ ਕਲੀਨ ਸ਼ੇਵ ਦੀ ਲੋੜ ਸੀ। ਮਾਰਚ 1990 ਵਿੱਚ ਮਹੀਨਿਆਂ ਦੇ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਪ੍ਰਧਾਨ ਮੰਤਰੀ ਬ੍ਰਾਇਨ ਮੁਲਰੋਨੀ ਦੀ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਨੇ ਆਰਸੀਐਮਪੀ ਡਰੈਸ ਕੋਡ ਵਿੱਚ ਕਈ ਤਬਦੀਲੀਆਂ ਦਾ ਐਲਾਨ ਕੀਤਾ, ਜਿਸ ਵਿੱਚ ਸਿੱਖਾਂ ਲਈ ਦਾੜ੍ਹੀ ਰੱਖਣ ਅਤੇ ਪੱਗ ਬੰਨ੍ਹਣ ਦੀ ਆਜ਼ਾਦੀ ਸ਼ਾਮਲ ਸੀ।

# ਚੀਨ 'ਚ ਅਮਰੀਕੀ ਕੰਪਨੀਆਂ ਲਈ ਪ੍ਰੇਸ਼ਾਨੀ ਦਾ ਕਾਰਨ ਬਣ ਸਕਦੈ ਨਵਾਂ ਜਾਸੂਸੀ ਕਾਨੂੰਨ

ਜਲੰਧਰ : ਚੀਨ 'ਚ ਨਵਾਂ ਜਾਸੂਸੀ ਕਾਨੂੰਨ ਲਾਗੂ ਹੋਣ ਤੋਂ ਬਾਅਦ ਅਮਰੀਕੀ ਅਤੇ ਵਿਦੇਸ਼ੀ ਕੰਪਨੀਆਂ ਦੇ ਲਈ ਇਹ ਪ੍ਰੇਸ਼ਾਨੀ ਦਾ ਕਾਰਨ ਬਣ ਸਕਦਾ ਹੈ। ਅਮਰੀਕਾ ਨੇ ਦਾਅਵਾ ਕੀਤਾ ਹੈ ਕਿ ਇਸ ਕਾਨੂੰਨ ਦੇ ਤਹਿਤ ਚੀਨ 'ਚ ਕੰਮ ਕਰ ਰਹੀਆਂ ਅਮਰੀਕੀ ਅਤੇ ਵਿਦੇਸ਼ੀ ਕੰਪਨੀਆਂ ਨੂੰ ਦੋਸ਼ੀ ਠਹਿਰਾ ਕੇ ਚੀਨ ਉਨ੍ਹਾਂ 'ਤੇ ਕਾਰਵਾਈ ਕਰ ਸਕਦਾ ਹੈ।

**ਕੰਪਨੀਆਂ ਦਾ ਡਾਟਾ ਕੀਤਾ ਜਾ ਸਕਦਾ ਹੈ ਕੰਟਰੋਲ :** ਅਮਰੀਕਾ ਦੇ ਨੈਸ਼ਨਲ ਕਾਊਂਟਰ ਇੰਟੈਲੀਜੈਂਸ ਐਂਡ ਸਕਿਓਰਿਟੀ ਸੈਂਟਰ (ਐੱਨ. ਸੀ. ਐੱਸ. ਸੀ.) ਨੇ ਇਕ ਬੁਲੇਟਿਨ 'ਚ ਕਿਹਾ ਹੈ ਕਿ ਚੀਨ ਡਾਟਾ ਦੇ ਆਊਟਬਾਊਂਡ ਪ੍ਰਵਾਹ ਨੂੰ ਰਾਸ਼ਟਰੀ ਸੁਰੱਖਿਆ ਜ਼ੋਖਮ ਦੇ ਰੂਪ 'ਚ ਦੇਖਦਾ ਹੈ। ਐੱਨ. ਸੀ. ਐੱਸ. ਸੀ. ਨੇ ਕਿਹਾ ਹੈ ਕਿ ਇਹ ਕਾਨੂੰਨ ਪੀਪੁਲਸ ਰਿਪਬਲਿਕ ਆਫ ਚਾਈਨਾ (ਪੀ. ਆਰ. ਸੀ.) ਸਰਕਾਰ ਨੂੰ ਚੀਨ 'ਚ ਅਮਰੀਕੀ ਕੰਪਨੀਆਂ ਦੁਆਰਾ ਰੱਖੇ ਗਏ ਡਾਟਾ ਤੱਕ ਪੁੱਜਣ ਅਤੇ ਕੰਟਰੋਲ 'ਚ ਕਰਨ ਲਈ ਵਿਸਥਾਰਿਤ ਕਾਨੂੰਨੀ ਆਧਾਰ ਪ੍ਰਦਾਨ ਕਰਦੇ ਹਨ। ਇਸ ਲਈ ਕੰਪਨੀਆਂ ਨੂੰ ਬੇਕਾਰ ਕਰ ਪ੍ਰੇਸ਼ਾਨੀ 'ਚ ਵੀ ਪਾਇਆ ਜਾ ਸਕਦਾ ਹੈ।

ਚੀਨ ਦੇ ਰਿਹੈ ਰਾਸ਼ਟਰੀ ਸੁਰੱਖਿਆ ਦਾ ਹਵਾਲਾ

ਇਨ੍ਹਾਂ 'ਚ ਕਿਹਾ ਗਿਆ ਹੈ ਕਿ ਚੀਨ 'ਚ ਅਮਰੀਕੀ ਕੰਪਨੀਆਂ ਅਤੇ ਵਿਅਕਤੀਆਂ ਨੂੰ ਰਵਾਇਤੀ ਵਪਾਰਕ ਗਤੀਵਿਧੀਆਂ ਦੌਰਾਨ ਅਜਿਹੇ ਕੰਮਾਂ ਲਈ ਖਮਿਆਜਾ ਭੁਗਤਣਾ ਪੈ ਸਕਦਾ ਹੈ, ਜਿਨ੍ਹਾਂ ਨੂੰ ਨਵੇਂ ਕਾਨੂੰਨ ਦੇ ਤਹਿਤ ਜਾਸੂਸੀ ਮੰਨਿਆ ਗਿਆ ਹੈ। ਉਧਰ ਵਾਸ਼ਿੰਗਟਨ 'ਚ ਚੀਨ ਦੇ ਦੂਤਘਰ ਨੇ ਕਿਹਾ ਕਿ ਬੀਜਿੰਗ ਨੂੰ ਘਰੇਲੂ ਕਾਨੂੰਨ ਦੇ ਮਾਧਿਅਮ ਨਾਲ ਰਾਸ਼ਟਰੀ ਸੁਰੱਖਿਆ ਦੀ ਰੱਖਿਆ ਕਰਨ ਦਾ ਅਧਿਕਾਰ ਹੈ। ਦੂਤਘਰ ਦੇ ਬੁਲਾਰੇ ਲਿਯੂ ਪੇਂਗਯੂ ਨੇ ਕਿਹਾ ਕਿ ਚੀਨ ਵਪਾਰ 'ਚ ਉੱਚ ਪੱਧਰੀ ਖੁੱਲ੍ਹੇਪਣ ਨੂੰ ਉਤਸ਼ਾਹ ਦੇਣਾ ਜਾਰੀ ਰੱਖੇਗਾ ਅਤੇ ਸੰਯੁਕਤ ਰਾਜ ਅਮਰੀਕਾ ਸਣੇ ਸਾਰੇ ਦੇਸ਼ਾਂ ਦੀ ਕੰਪਨੀਆਂ ਲਈ ਕਾਨੂੰਨ-ਆਧਾਰਤ ਅਤੇ ਅੰਤਰਰਾਸ਼ਟਰੀ ਵਪਾਰਕ ਮਾਹੌਲ ਪ੍ਰਦਾਨ ਕਰੇਗਾ। ਉਨ੍ਹਾਂ ਨੇ ਕਿਹਾ ਕਿ ਚੀਨੀ ਨੇਤਾ ਸ਼ੀ ਜਿਨਪਿੰਗ ਨੇ 2012 'ਚ ਅਹੁਦਾ ਸੰਭਾਲਣ ਤੋਂ ਬਾਅਦ ਤੋਂ ਰਾਸ਼ਟਰੀ ਸੁਰੱਖਿਆ 'ਤੇ ਜ਼ੋਰ ਦਿੱਤਾ ਹੈ। ਲਿਯੂ ਪੇਂਗਯੂ ਨੇ ਕਿਹਾ ਕਿ ਸਰਕਾਰ ਵਿਦੇਸ਼ੀ ਨਿਵੇਸ਼ ਲਈ ਦਰਵਾਜ਼ੇ ਖੋਲ੍ਹ ਰਹੀ ਹੈ।



**ਕੰਪਨੀਆਂ ਨੇ ਕਿਹਾ-ਖਰਾਬ ਕੀਤਾ ਜਾ ਰਿਹੈ ਮਾਹੌਲ :** ਚੀਨ ਦਾ ਨਵਾਂ ਜਾਸੂਸੀ ਵਿਰੋਧੀ ਕਾਨੂੰਨ ਬੀਤੇ ਸ਼ਨੀਵਾਰ ਭਾਵ 1 ਜੁਲਾਈ ਤੋਂ ਲਾਗੂ ਹੋ ਗਿਆ ਹੈ। ਇਸ ਨਾਲ ਵਿਦੇਸ਼ੀ ਕੰਪਨੀਆਂ ਦੀਆਂ ਮੁਸ਼ਕਲਾਂ ਵਧ ਗਈਆਂ ਹਨ। ਚੀਨ ਦੀ ਸਰਕਾਰ ਦਾ ਕਹਿਣਾ ਹੈ ਕਿ ਇਸ ਕਾਨੂੰਨ ਦਾ ਮਕਸਦ ਦੇਸ਼ ਦੀ ਰਾਸ਼ਟਰੀ ਅਕਤਾ ਨੂੰ ਮਜ਼ਬੂਤ ਕਰਨਾ ਹੈ। ਇਸ ਬਾਰੇ ਮੂਲ ਕਾਨੂੰਨ 2014 'ਚ ਆਇਆ ਹੈ। ਨਵੇਂ ਕਾਨੂੰਨ ਦੇ ਮੁਤਾਬਕ ਸਾਰੇ ਤਰ੍ਹਾਂ ਦੇ ਜਾਸੂਸੀ ਦੇ ਖਦਸ਼ੇ ਦੇ ਜੁੜੇ ਕਿਸੇ ਵੀ ਡਾਕਿਊਮੈਂਟਸ, ਡਾਟਾ, ਮਟੀਰੀਅਲਸ ਅਤੇ ਆਰਟੀਕਲਸ ਦੀ ਜਾਂਚ ਹੋ ਸਕਦੀ ਹੈ। ਨਾਲ ਹੀ ਇਸ ਦੇ ਜ਼ਰੀਏ ਸੁਰੱਖਿਆ ਏਜੰਸੀਆਂ ਦੇ ਅਧਿਕਾਰੀਆਂ ਨੂੰ ਕਿਸੇ ਵੀ ਸ਼ੱਕੀ ਦੇ ਸਾਮਾਨ, ਇਲੈਕਟ੍ਰਾਨਿਕਸ ਡਿਵਾਈਸ ਅਤੇ ਪ੍ਰਾਪਰਟੀ ਦੀ ਜਾਂਚ ਕਰਨ ਦਾ ਅਧਿਕਾਰ ਹੋਵੇਗਾ। ਵਿਦੇਸ਼ੀ ਕੰਪਨੀਆਂ ਨੇ ਇਸ 'ਤੇ ਬੇਹੱਦ ਇਤਰਾਜ਼ ਜਤਾਇਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਲਦਬਾਜ਼ੀ 'ਚ ਬਣਾਏ ਗਏ ਇਸ ਕਾਨੂੰਨ ਨਾਲ ਬਿਜ਼ਨੈੱਸ ਦਾ ਮਾਹੌਲ ਖਰਾਬ ਹੋਵੇਗਾ। ਅਮਰੀਕਾ ਅਤੇ ਚੀਨ ਦਰਮਿਆਨ ਚੱਲ ਰਹੇ ਤਣਾਅ ਕਾਰਨ ਇਹ ਪਹਿਲਾਂ ਹੀ ਮੁਸ਼ਕਲ 'ਚ ਹਨ।

**ਸ਼ੱਕੀਆਂ ਦੀ ਪਛਾਣ ਦੇ ਮਾਪਦੰਡ ਸਪੱਸ਼ਟ ਨਹੀਂ:** ਅਮਰੀਕੀ ਚੈਂਬਰ ਆਫ਼ ਕਾਮਰਸ ਇਨ ਇੰਡੀਆ ਦੇ ਪ੍ਰੈਜ਼ੀਡੈਂਟ ਮਾਈਕਲ ਹਾਰਟ ਨੇ ਕਿਹਾ ਕਿ ਅਮਰੀਕਾ ਦੀਆਂ ਕੰਪਨੀਆਂ ਕਾਨੂੰਨਾਂ ਦਾ ਪਾਲਣ ਕਰਨਾ ਚਾਹੁੰਦੀਆਂ ਹਨ ਪਰ ਆਮ ਬਿਜ਼ਨੈੱਸ ਐਕਟੀਵਿਟੀ ਵੀ ਕਾਨੂੰਨ ਦੇ ਦਾਇਰੇ 'ਚ ਆਵੇਗੀ ਤਾਂ ਇਸ ਨਾਲ ਮੁਸ਼ਕਲ ਹੋਵੇਗੀ। ਉਨ੍ਹਾਂ ਨੇ ਕਿਹਾ ਕਿ ਇਸ ਕਾਨੂੰਨ ਦੇ ਤਹਿਤ ਸ਼ੱਕੀਆਂ ਦੀ ਪਛਾਣ ਕਰਨ ਦੇ ਮਾਪਦੰਡ ਸਪੱਸ਼ਟ ਨਹੀਂ ਹਨ। ਇਸ ਲਈ ਚੀਨ 'ਚ ਕੰਪਨੀਆਂ ਲਈ ਅਨਿਸ਼ਚਤਤਾ ਦੀ ਸਥਿਤੀ ਬਣੀ ਰਹੇਗੀ।

# ਅਮਰੀਕੀ ਯੂਨੀਵਰਸਿਟੀਆਂ 'ਚ ਦਾਖ਼ਲਿਆਂ ਨੂੰ ਲੈ ਕੇ ਸੁਪਰੀਮ ਕੋਰਟ ਦਾ ਇਤਿਹਾਸਕ .ਫ਼ੈਸਲਾ

ਵਾਸ਼ਿੰਗਟਨ : ਅਮਰੀਕਾ ਦੀ ਸੁਪਰੀਮ ਕੋਰਟ ਨੇ ਯੂਨੀਵਰਸਿਟੀ ਵਿੱਚ ਦਾਖ਼ਲੇ ਨੂੰ ਲੈ ਕੇ ਵੀਰਵਾਰ ਨੂੰ ਇਕ ਇਤਿਹਾਸਕ ਫ਼ੈਸਲਾ ਸੁਣਾਇਆ ਹੈ। ਅਦਾਲਤ ਨੇ ਦਾਖਲੇ ਵਿਚ ਨਸਲ ਅਤੇ ਜਾਤ ਦੇ ਇਸਤੇਮਾਲ 'ਤੇ ਪਾਬੰਦੀ ਲਗਾ ਦਿੱਤੀ ਹੈ। 9 ਜੱਜਾਂ ਦੇ ਬੈਂਚ ਨੇ 6-3 ਦੇ ਬਹੁਮਤ ਨਾਲ ਇਹ ਫ਼ੈਸਲਾ ਸੁਣਾਇਆ ਹੈ। ਇਸ ਫ਼ੈਸਲੇ ਨਾਲ





ਦਹਾਕਿਆਂ ਪੁਰਾਣੀ ਉਸ ਪ੍ਰਥਾ ਨੂੰ ਵੱਡਾ ਝਟਕਾ ਲੱਗਾ ਹੈ, ਜਿਸ ਨੇ ਅਫਰੀਕੀ-ਅਮਰੀਕਨਾਂ ਅਤੇ ਘੱਟ ਗਿਣਤੀਆਂ ਲਈ ਵਿਦਿਅਕ ਮੌਕਿਆਂ ਨੂੰ ਉਤਸ਼ਾਹਿਤ ਕੀਤਾ ਹੈ। ਹਾਲਾਂਕਿ ਰਾਸ਼ਟਰਪਤੀ ਜੋਅ ਬਾਈਡੇਨ ਨੇ ਅਦਾਲਤ ਦੇ ਇਸ ਫੈਸਲੇ 'ਤੇ ਅਸਹਿਮਤੀ ਪ੍ਰਗਟਾਈ ਹੈ।

ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਜੌਨ ਰੌਬਰਟਸ ਨੇ ਫ਼ੈਸਲੇ ਵਿੱਚ ਲਿਖਿਆ, ÷ਵਿਦਿਆਰਥੀ ਨਾਲ ਇਕ ਵਿਅਕਤੀ ਦੇ ਰੂਪ ਵਿਚ ਉਸ ਦੇ ਤਜ਼ਰਬੇ ਦੇ ਆਧਾਰ 'ਤੇ ਵਤੀਰਾ ਕੀਤਾ ਜਾਣਾ ਚਾਹੀਦਾ ਹੈ, ਨਸਲ ਦੇ ਆਧਾਰ 'ਤੇ ਨਹੀਂ। ਯੂਨੀਵਰਸਿਟੀ ਕਿਸੇ ਬਿਨੈਕਾਰ ਦੇ ਨਿੱਜੀ ਤਜ਼ਰਬੇ 'ਤੇ ਵਿਚਾਰ ਕਰਨ ਲਈ ਆਜ਼ਾਦ ਹੈ। ਉਦਾਹਰਨ ਲਈ, ਹੋ ਸਕਦਾ ਹੈ ਕਿ ਉਹ ਨਸਲਵਾਦ ਦਾ ਅਨੁਭਵ ਕਰਦੇ ਹੋਏ ਵੱਡੇ ਹੋਏ ਹੋਣ, ਪਰ ਮੁੱਖ ਤੌਰ 'ਤੇ ਇਸ ਆਧਾਰ 'ਤੇ ਫੈਸਲਾ ਲੈਣਾ ਕਿ ਬਿਨੈਕਾਰ ਗੈਰ ਗੌਰਾ ਹੈ, ਆਪਣੇ ਆਪ ਵਿੱਚ ਨਸਲੀ ਵਿਤਕਰਾ ਹੈ। ਜੇਕਰ ਯੂਨੀਵਰਸਿਟੀ ਵਿਚ ਦਾਖਲਾ ਲੈਣ ਦਾ ਫਾਇਦਾ ਕੁਝ ਵਰਗ ਦੇ ਲੋਕਾਂ ਨੂੰ ਦਿੱਤਾ ਜਾਂਦਾ ਹੈ ਤਾਂ ਇਹ ਬਾਕੀਆਂ ਨਾਲ ਵਿਤਕਰਾ ਹੋਵੇਗਾ, ਜੋ ਉਨ੍ਹਾਂ ਦੇ ਅਧਿਕਾਰਾਂ ਦੇ ਖਿਲਾਫ ਹੈ। ਚੀਫ਼ ਜਸਟਿਸ ਨੇ ਕਿਹਾ ਕਿ ਸੰਵਿਧਾਨਕ ਇਤਿਹਾਸ ਉਸ ਵਿਕਲਪ ਨੂੰ ਬਰਦਾਸ਼ਤ ਨਹੀਂ ਕਰਦਾ।'

ਅਦਾਲਤ ਨੇ ਇਹ ਫੈਸਲਾ ਐਕਟੀਵਿਸਟ ਗਰੁੱਪ ਸਟੂਡੈਂਟਸ ਫਾਰ ਫੇਅਰ ਐਡਮਿਸ਼ਨ ਦੀ ਪਟੀਸ਼ਨ 'ਤੇ ਦਿੱਤਾ ਹੈ। ਇਸ ਗਰੁੱਪ ਨੇ ਉੱਚ ਸਿੱਖਿਆ ਦੇ ਸਭ ਤੋਂ ਪੁਰਾਣੇ ਨਿੱਜੀ ਅਤੇ ਸਰਕਾਰੀ ਅਦਾਰਿਆਂ, ਖਾਸ ਕਰਕੇ ਹਾਰਵਰਡ ਯੂਨੀਵਰਸਿਟੀ ਅਤੇ ਉੱਤਰੀ ਕੈਰੋਲੀਨਾ ਯੂਨੀਵਰਸਿਟੀ (ਯੂ.ਐੱਨ.ਸੀ.) ਵਿਰੁੱਧ ਉਨ੍ਹਾਂ ਦੀਆਂ ਦਾਖ਼ਲਾ ਨੀਤੀਆਂ ਨੂੰ ਲੈ ਕੇ ਕੇਸ ਦਾਇਰ ਕੀਤਾ ਸੀ। ਪਟੀਸ਼ਨ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਨਸਲ-ਪ੍ਰੇਰਿਤ ਦਾਖਲੇ ਬਰਾਬਰ ਜਾਂ ਵੱਧ ਯੋਗ ਏਸ਼ੀਆਈ-ਅਮਰੀਕਨਾਂ ਨਾਲ ਵਿਤਕਰਾ ਕਰਦੇ ਹਨ।

# ਅਮਰੀਕਾ ਦੇ ਫਿਲਾਡੇਲਫੀਆ 'ਚ ਗੋਲੀਬਾਰੀ, ਚਾਰ ਲੋਕਾਂ ਦੀ ਮੌਤ ਤੇ ਕਈ ਜ਼ਖ਼ਮੀ

ਵਾਸ਼ਿੰਗਟਨ : ਅਮਰੀਕਾ ਦੇ ਸੁਤੰਤਰਤਾ ਦਿਵਸ ਤੋਂ ਇੱਕ ਦਿਨ ਪਹਿਲਾਂ ਫਿਲਾਡੇਲਫੀਆ ਵਿੱਚ ਗੋਲੀਬਾਰੀ ਦੀ ਘਟਨਾ ਵਾਪਰੀ। ਸੋਮਵਾਰ ਦੇਰ ਰਾਤ ਹੋਈ ਇਸ ਗੋਲੀਬਾਰੀ ਵਿੱਚ 8 ਲੋਕਾਂ ਨੂੰ ਗੋਲੀ ਲੱਗੀ, ਜਿਹਨਾਂ ਵਿਚੋਂ ਚਾਰ ਲੋਕਾਂ ਦੀ ਮੌਤ ਹੋ ਗਈ। ਇਸ ਦੇ ਨਾਲ ਹੀ ਹੋਰ ਲੋਕ ਜ਼ਖਮੀ ਹੋ ਗਏ। ਜਖ਼ਮੀਆਂ ਵਿਚ 2 ਬੱਚੇ ਵੀ ਸ਼ਾਮਲ ਹਨ। ਸਥਾਨਕ ਖਬਰਾਂ ਮੁਤਾਬਕ ਪੁਲਸ ਨੇ ਇਕ ਸ਼ੱਕੀ ਨੂੰ ਹਿਰਾਸਤ 'ਚ ਲੈ ਲਿਆ ਹੈ।



ਪੁਲਸ ਨੇ ਜਾਰੀ ਕੀਤਾ ਬਿਆਨ

ਪੁਲਸ ਨੇ ਇੱਕ ਬਿਆਨ ਜਾਰੀ ਕਰਕੇ ਕਿਹਾ ਕਿ ਸ਼ੱਕੀ ਨੂੰ ਫੜ ਲਿਆ ਗਿਆ ਹੈ ਅਤੇ ਉਸ ਨੇ ਬੁਲੇਟਪਰੂਫ ਜੈਕਟ ਪਾਈ ਹੋਈ ਸੀ। ਮੌਕੇ ਤੋਂ ਇੱਕ ਰਾਈਫਲ ਅਤੇ ਹੈਂਡਗੰਨ ਬਰਾਮਦ ਹੋਈ ਹੈ। ਦਿ ਐਨਕਵਾਇਰਰ ਅਤੇ ਏਬੀਸੀ ਨਿਊਜ਼ ਨਾਲ ਸਬੰਧਤ ਸੰਗਠਨਾਂ ਨੇ ਦੱਸਿਆ ਕਿ ਦੋ ਨੌਜਵਾਨ ਵੀ ਗੋਲੀਬਾਰੀ ਦਾ ਸ਼ਿਕਾਰ ਹੋਏ ਹਨ। ਪੁਲਸ ਬੁਲਾਰੇ ਜੈਸਮੀਨ ਰੀਲੀ ਨੇ ਕਿਹਾ ਕਿ ਛੇ ਪੀੜਤਾਂ ਨੂੰ ਪੇਨ ਪ੍ਰੈਸਬੀਟੇਰੀਅਨ ਮੈਡੀਕਲ ਸੈਂਟਰ ਲਿਜਾਇਆ ਗਿਆ ਅਤੇ ਦੋ ਦਾ ਫਿਲਾਡੇਲਫੀਆ ਦੇ ਚਿਲਡਰਨ ਹਸਪਤਾਲ ਵਿੱਚ ਇਲਾਜ ਕੀਤਾ ਜਾ ਰਿਹਾ ਹੈ।

**ਇੱਕ ਦਿਨ ਪਹਿਲਾਂ ਬਾਲਟੀਮੋਰ ਵਿੱਚ ਹੋਈ ਸੀ ਗੋਲੀਬਾਰੀ**

2 ਜੁਲਾਈ ਦੀ ਸਵੇਰ ਨੂੰ ਬਾਲਟੀਮੋਰ ਵਿੱਚ ਇੱਕ ਬਾਅਦ ਦੀ ਪਾਰਟੀ ਵਿੱਚ ਇੱਕ ਸਮੂਹਿਕ ਗੋਲੀਬਾਰੀ ਹੋਈ, ਜਿਸ ਵਿੱਚ ਦੋ ਲੋਕ ਮਾਰੇ ਗਏ ਅਤੇ 28 ਹੋਰ ਜ਼ਖਮੀ ਹੋ ਗਏ। ਜ਼ਖ਼ਮੀਆਂ ਵਿੱਚ 14 ਬੱਚੇ ਵੀ ਸ਼ਾਮਲ ਹਨ। ਪੁਲਸ ਅਧਿਕਾਰੀ ਅਨੁਸਾਰ ਮਰਨ ਵਾਲਿਆਂ ਵਿੱਚ ਇੱਕ 18 ਸਾਲਾ ਔਰਤ ਅਤੇ ਇੱਕ 20 ਸਾਲਾ ਵਿਅਕਤੀ ਸ਼ਾਮਲ ਹੈ।

**ਅਮਰੀਕਾ ਵਿੱਚ ਸਮੂਹਿਕ ਗੋਲੀਬਾਰੀ ਦੀਆਂ 5 ਦਿਲ ਦਹਿਲਾ ਦੇਣ ਵਾਲੀਆਂ ਘਟਨਾਵਾਂ**

1. 18 ਜੁਲਾਈ 2022 ਨੂੰ ਅਮਰੀਕਾ ਦੇ ਇੰਡੀਆਨਾ ਵਿੱਚ ਗ੍ਰੀਨਵੁੱਡ ਪਾਰਕ ਮਾਲ ਵਿੱਚ ਗੋਲੀਬਾਰੀ ਦੀ ਘਟਨਾ ਵਾਪਰੀ ਸੀ। ਸਮੂਹਿਕ ਗੋਲੀਬਾਰੀ ਦੌਰਾਨ, 10 ਲੋਕਾਂ ਨੂੰ ਗੋਲੀ ਮਾਰ ਦਿੱਤੀ ਗਈ ਸੀ. ਇਨ੍ਹਾਂ ਵਿੱਚੋਂ 3 ਦੀ ਮੌਤ ਹੋ ਗਈ।
2. 11 ਜੁਲਾਈ 2022 ਨੂੰ ਕੈਲੀਫੋਰਨੀਆ ਦੇ ਦੱਖਣੀ ਹਿੱਸੇ ਵਿੱਚ ਇੱਕ ਹਾਊਸ ਪਾਰਟੀ ਦੌਰਾਨ ਹਮਲਾਵਰ ਨੇ ਅੰਨ੍ਹੇਵਾਹ ਗੋਲੀਬਾਰੀ ਕੀਤੀ। ਇਸ ਘਟਨਾ 'ਚ ਇਕ ਔਰਤ ਸਮੇਤ 5 ਲੋਕਾਂ ਨੂੰ ਗੋਲੀਆਂ ਲੱਗੀਆਂ, ਜਿਨ੍ਹਾਂ 'ਚੋਂ 3 ਦੀ ਮੌਤ ਹੋ ਗਈ।
3. 4 ਜੁਲਾਈ 2022 ਨੂੰ ਅਮਰੀਕਾ ਵਿੱਚ 246ਵਾਂ ਸੁਤੰਤਰਤਾ ਦਿਵਸ ਮਨਾਇਆ ਜਾ ਰਿਹਾ ਸੀ। ਇਸ ਦੌਰਾਨ ਸ਼ਿਕਾਗੋ, ਇਲੀਨੋਇਸ ਦੇ ਹਾਈਲੈਂਡ ਪਾਰਕ ਵਿਖੇ ਪਰੇਡ ਦਾ ਆਯੋਜਨ ਕੀਤਾ ਗਿਆ। ਇੱਥੇ ਅਚਾਨਕ ਗੋਲੀਬਾਰੀ ਸ਼ੁਰੂ ਹੋ ਗਈ, ਜਿਸ ਵਿੱਚ 6 ਲੋਕਾਂ ਦੀ ਮੌਤ ਹੋ ਗਈ। ਇਸ ਤੋਂ ਅਗਲੇ ਹੀ ਦਿਨ 5 ਜੁਲਾਈ ਨੂੰ ਇੰਡੀਆਨਾ ਦੇ ਬਰੇਂਡੀਆਨਾ ਦੇ ਗੈਰੀ ਇਲਾਕੇ 'ਚ ਗੋਲੀਬਾਰੀ ਕਾਰਨ 3 ਲੋਕਾਂ ਦੀ ਜਾਨ ਚਲੀ ਗਈ ਸੀ।
4. 1 ਜੂਨ, 2022 ਨੂੰ ਤੁਲਸਾ, ਓਕਲਾਹੋਮਾ ਵਿੱਚ, ਇੱਕ ਵਿਅਕਤੀ ਹਸਪਤਾਲ ਦੀ ਇਮਾਰਤ ਵਿੱਚ ਦਾਖਲ ਹੋਇਆ ਅਤੇ ਤੇਜ਼ੀ ਨਾਲ ਗੋਲੀਬਾਰੀ ਸ਼ੁਰੂ ਕਰ ਦਿੱਤੀ। ਇਸ ਘਟਨਾ 'ਚ 4 ਲੋਕਾਂ ਦੀ ਮੌਤ ਹੋ ਗਈ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਹਮਲਾਵਰ ਨੇ ਖ਼ੁਦਕੁਸ਼ੀ ਵੀ ਕਰ ਲਈ।
5. ਸਭ ਤੋਂ ਖ਼ਤਰਨਾਕ ਘਟਨਾ 15 ਮਈ 2022 ਨੂੰ ਅਮਰੀਕਾ ਦੇ ਟੈਕਸਾਸ ਵਿੱਚ ਸਾਹਮਣੇ ਆਈ ਸੀ। ਜਦੋਂ ਇੱਕ 18 ਸਾਲ ਦੇ ਲੜਕੇ ਨੇ ਉਵਾਲਡੇ ਸ਼ਹਿਰ ਵਿੱਚ ਸਕੂਲ ਵਿੱਚ ਦਾਖਲ ਹੋ ਕੇ ਗੋਲੀਆਂ ਚਲਾ ਦਿੱਤੀਆਂ, ਜਿਸ ਵਿੱਚ 19 ਵਿਦਿਆਰਥੀਆਂ ਸਮੇਤ 23 ਲੋਕਾਂ ਦੀ ਮੌਤ ਹੋ ਗਈ। ਇਸ ਹਮਲੇ ਵਿੱਚ 3 ਅਧਿਆਪਕਾਂ ਦੀ ਵੀ ਮੌਤ ਹੋ ਗਈ ਸੀ।

# TOTAL MULTI SERVICES

YOUR ONE STOP SOLUTION FOR TAX, TRUCKING AND IMMIGRATION SERVICES

## TRUCKING SERVICES:

- New Trucking Company Setup
- Corporation/LLC
- US DOT Numbers
- MC (ICC) Authority
- IFTA Fuel Tax Returns
- IRP License Plates (Same Day)
- CA#, MCP, EPN Enrollment
- All Truck Permits
- UCR Permits, BOC - 3 Filling
- Highway Use Tax 2290
- Invoice / Billing
- ARB Registration
- Registration Renewal
- Out of State Transfer
- Title Transfer
- Vin Enquiry
- Vin Verification

## INCOME TAX SERVICES:

- Tax Preparation Personal/Business
- Corporation Tax Filing
- LLC Tax Returns
- Trucking
- Health Insurance (Obama Care)

## TRUCK DISPATCH SERVICES:

- We Find Loads • Long Haul
- Route Planning
- Best Rate Negotiation
- High Paying Loads
- Back Office Support
- 24/7 Virtual Dispatcher
- Billing & Paperwork



## ACCOUNTING SERVICES:

- Bookkeeping
- Payroll Service
- Monthly Sales Tax reports



## Carrier Requirements

- Active authority
- Proof of Insurance
- Copy of CDL
- Signed Dispatch Agreement
- Signed Form W9

## IMMIGRATION SERVICES

- Apply/Renew Indian Passport
- OCI Application
- Citizenship
- Green Card Petition
- Indian Visa Applications
- Family Immigration
- Indian Passport Renunciation
- Various Immigration Services

## ਇਮੀਗਰੇਸ਼ਨ ਸੇਵਾਵਾਂ

- ਇੰਡੀਅਨ ਪਾਸਪੋਰਟ ਅਪਲਾਈ ਅਤੇ ਰਿਨਿਊ
- ਓਸੀਆਈ ਐਪਲੀਕੇਸ਼ਨ
- ਸਿਟੀਜ਼ਨਸ਼ਿਪ
- ਗਰੀਨ ਕਾਰਡ ਪਟੀਸ਼ਨ
- ਇੰਡੀਅਨ ਵੀਜ਼ਾ ਐਪਲੀਕੇਸ਼ਨ
- ਫੈਮਿਲੀ ਇਮੀਗਰੇਸ਼ਨ
- ਇੰਡੀਅਨ ਪਾਸਪੋਰਟ ਰੀਨੰਸੀਏਸ਼ਨ
- ਸਿਟੀਜ਼ਨਸ਼ਿਪ ਟਰਾਂਸਲੇਟਰ ਸੇਵਾ
- ਹੋਰ ਇਮੀਗਰੇਸ਼ਨ ਸਬੰਧੀ ਸੇਵਾਵਾਂ

**Same Day IRP PLATE**

**We Ship Truck Plates All Over US**

intuit quickbooks

CTEC California Tax Education Council Registered Tax Preparer

AUTHORIZED IRS e-file PROVIDER

COVERED CALIFORNIA Certified Insurance Agent

(510) 400-7300
(209) 921-3351

1780 Whipple Rd. Suite# 110, UnionCity CA - 94587 (510) 601-6200 info@ TOTALIRP.com

# ਜੀ-20 ਦੇ 160 ਡੈਲੀਗੇਟਾਂ ਨੇ ਪਟਨਾ ਸਾਹਿਬ ਗੁਰਦੁਆਰੇ ਦਾ ਕੀਤਾ ਦੌਰਾ






ਪਟਨਾ: ਰਾਜਧਾਨੀ ਪਟਨਾ ਜੀ-20 ਦੇ ਡੈਲੀਗੇਟ ਪਟਨਾ ਸਾਹਿਬ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਪੁੱਜੇ। ਤਖ਼ਤ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਹੁੰਚਦਿਆਂ ਹੀ ਪ੍ਰਬੰਧਕ ਕਮੇਟੀ ਵੱਲੋਂ ਵਿਦੇਸ਼ੀ ਮਹਿਮਾਨਾਂ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਬਿਹਾਰ ਵਿੱਚ ਪਟਨਾ ਸਾਹਿਬ ਤਖ਼ਤ ਸ੍ਰੀ ਹਰਿਮੰਦਰ ਵਿਖੇ ਮੱਥਾ ਟੇਕਿਆ। ਵਿਦੇਸ਼ੀ ਮਹਿਮਾਨਾਂ ਦਾ ਸਵਾਗਤ ਦੇਖ ਕੇ ਬਹੁਤ ਖੁਸ਼ ਨਜ਼ਰ ਆ ਰਹੇ ਹਨ। ਜਥੇਦਾਰ ਗਿਆਨੀ ਬਲਦੇਵ ਸਿੰਘ ਜੀ ਵੱਲੋਂ ਸਿਰੋਪਾਓ ਅਤੇ ਪਿੰਨੀ ਪ੍ਰਸ਼ਾਦਾ ਦਿੱਤਾ ਗਿਆ। ਜਿਵੇਂ ਹੀ ਦੇਸ਼-ਵਿਦੇਸ਼ ਤੋਂ ਆਏ ਸੈਲਾਨੀਆਂ ਨੇ ਪਟਨਾ ਸਾਹਿਬ ਦੀ ਧਰਤੀ 'ਤੇ ਪਹੁੰਚ ਕੇ ਨਿਹਾਲ-ਸਤਿ ਸ੍ਰੀ ਅਕਾਲ-ਵਾਹਿਗੁਰੂ ਜੀ, ਖਾਲਸਾ-ਵਾਹਿਗੁਰੂ ਜੀ ਦੇ ਜੈਕਾਰੇ ਲਗਾਉਣੇ ਸ਼ੁਰੂ ਕਰ ਦਿੱਤੇ।

## ਨਿਰਮਲਾ ਸੀਤਾਰਮਨ ਨੇ ਪੰਜਾਬ ਐਂਡ ਸਿੰਧ ਬੈਂਕ ਦੇ ਨਵੇਂ ਕਾਰਪੋਰੇਟ ਦਫਤਰ ਦਾ ਕੀਤਾ ਉਦਘਾਟਨ




ਨਵੀਂ ਦਿੱਲੀ : ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਨਵੀਂ ਦਿੱਲੀ 'ਚ ਪੰਜਾਬ ਐਂਡ ਸਿੰਧ ਬੈਂਕ ਦੇ ਨਵੇਂ ਕਾਰਪੋਰੇਟ ਦਫ਼ਤਰ ਦਾ ਉਦਘਾਟਨ ਕੀਤਾ। ਕੇਂਦਰੀ ਵਿੱਤ ਰਾਜ ਮੰਤਰੀ ਭਗਵਤ ਕਿਸ਼ਨ ਰਾਓ ਕਰਾੜ ਵੀ ਮੌਜੂਦ ਸਨ। ਇਕੱਠ ਨੂੰ ਸੰਬੋਧਨ ਕਰਦੇ ਹੋਏ, ਮਾਨਯੋਗ ਵਿੱਤ ਮੰਤਰੀ ਨੇ ਬੈਂਕ ਨੂੰ ਆਪਣਾ ਕਾਰਪੋਰੇਟ ਦਫਤਰ ਪੂਰਬੀ ਕਿਦਵਈ ਨਗਰ ਵਿੱਚ ਬੈਂਕ ਦੇ ਆਪਣੇ ਅਤਿ-ਆਧੁਨਿਕ ਇਮਾਰਤ ਵਿੱਚ ਤਬਦੀਲ ਕਰਨ ਅਤੇ ਵਿੱਤੀ ਸਾਲ 2022-ਲਈ 1313 ਕਰੋੜ ਰੁਪਏ ਦਾ ਇਤਿਹਾਸਕ ਅਤੇ ਹੁਣ ਤੱਕ ਦਾ ਸਭ ਤੋਂ ਉੱਚਾ ਸ਼ੁੱਧ ਲਾਭ ਪੋਸਟ ਕਰਨ ਲਈ ਵਧਾਈ ਦਿੱਤੀ। ਉਸਨੇ ਆਪਣੇ ਡਿਜੀਟਲ ਪਲੇਟਫਾਰਮ ਨੂੰ ਅਪਗ੍ਰੇਡ ਕਰਨ ਅਤੇ ਪਿੱਛਲੇ 115 ਸਾਲਾਂ ਤੋਂ ਕਮਜ਼ੋਰ ਵਰਗਾਂ, ਕਿਸਾਨਾਂ ਦੀ ਭਲਾਈ ਅਤੇ ਮਹਿਲਾ ਉੱਦਮੀਆਂ ਦੀ ਵਿੱਤੀ ਸਹਾਇਤਾ ਦੇ ਜ਼ਰੀਏ ਸਮਾਜ ਦੀ ਵੱਡੀ ਪੱਧਰ 'ਤੇ ਸੇਵਾ ਕਰਨ ਦੇ ਇਰਾਦੇ ਨਾਲ ਤਰਜੀਹੀ ਖੇਤਰ ਦੇ ਨਾਲ-ਨਾਲ ਵਿੱਤੀ ਸਮਾਵੇਸ਼ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਬੈਂਕ ਦੀ ਵੀ ਸ਼ਲਾਘਾ ਕੀਤੀ।

ਜਨਤਕ ਖੇਤਰ ਦੇ ਬੈਂਕਾਂ ਦੇ ਪੁਨਰ-ਪੂੰਜੀਕਰਨ ਦਾ ਉਦੇਸ਼ ਹੁਣ ਫਲ ਦੇ ਰਿਹਾ ਹੈ ਕਿਉਂਕਿ ਅੱਜ ਸਾਰੇ ਜਨਤਕ ਖੇਤਰ ਦੇ ਬੈਂਕ ਬਹੁਤ ਮਜ਼ਬੂਤ, ਸਿਹਤਮੰਦ, ਸਵੈ-ਨਿਰਭਰ ਅਤੇ ਚੰਗੀ ਪੂੰਜੀ ਵਾਲੇ ਹਨ। ਵਿੱਤੀ ਸਾਲ 2022-23 ਲਈ ਜਨਤਕ ਖੇਤਰ ਦੇ ਬੈਂਕਾਂ ਦਾ ਸਮੂਹਿਕ ਸ਼ੁੱਧ ਲਾਭ 1 ਲੱਖ ਕਰੋੜ ਰੁਪਏ ਨੂੰ ਪਾਰ ਕਰ ਗਿਆ ਹੈ ਅਤੇ ਇਹ ਜਨਤਕ ਖੇਤਰ ਦੇ ਬੈਂਕਾਂ ਜਿਵੇਂ ਕਿ ਮਾਨਤਾ, ਸੰਕਲਪ, ਪੁਨਰ-ਪੂੰਜੀਕਰਨ ਅਤੇ ਸੁਧਾਰਾਂ ਨੂੰ ਮਜ਼ਬੂਤ ਕਰਨ ਲਈ ਭਾਰਤ ਸਰਕਾਰ ਦੀਆਂ ਰਣਨੀਤੀਆਂ ਕਾਰਨ ਸੰਭਵ ਹੋਇਆ ਹੈ। ਆਪਣੇ ਸੰਬੋਧਨ ਦੌਰਾਨ ਸ੍ਰੀਮਤੀ ਸੀਤਾਰਮਨ ਨੇ ਇਹ ਵੀ ਕਿਹਾ ਕਿ ਭਾਰਤ ਸਰਕਾਰ ਮਾਨਯੋਗ ਪ੍ਰਧਾਨ ਮੰਤਰੀ, ਸ਼੍ਰੀ. ਨਰਿੰਦਰ ਮੋਦੀ ਜੀ ਇਹ ਸੁਨਿਸ਼ਚਿਤ ਕਰਨ ਲਈ ਹਰ ਸੰਭਵ ਕਦਮ ਚੁੱਕ ਰਹੇ ਹਨ ਕਿ ਦੇਸ਼ ਦੇ ਦੂਰ-ਦੁਰਾਡੇ ਦੇ ਕੋਨੇ ਵਿੱਚ ਵੀ ਗਰੀਬ ਤੋਂ ਗਰੀਬ ਤੱਕ ਬੈਂਕਿੰਗ ਸੁਵਿਧਾਵਾਂ ਦੀ ਪਹੁੰਚ ਹੋ ਸਕੇ। ਇਸ ਮੌਕੇ ਅਤੇ ਮਾਣਯੋਗ ਪ੍ਰਧਾਨ ਮੰਤਰੀ ਦੇ ਸੁਪਨੇ ਨੂੰ ਅੱਗੇ ਲਿਜਾਣ ਲਈ, ਸ੍ਰੀਮਤੀ ਸ. ਸੀਤਾਰਮਨ ਨੇ ਅਸਲ ਵਿੱਚ ਉੱਤਰ ਪੂਰਬੀ ਖੇਤਰ ਵਿੱਚ ਬੈਂਕ ਦੀ ਇੱਕ ਨਵੀਂ ਸ਼ਾਖਾ (29ਵੀਂ ਸ਼ਾਖਾ) ਦਾ ਉਦਘਾਟਨ ਕੀਤਾ ਜੋ ਕਿ ਆਸਾਮ ਵਿੱਚ ਕਰੀਮਗੰਜ ਦੇ ਸਰਹੱਦੀ ਜ਼ਿਲ੍ਹੇ ਵਿੱਚ ਸਥਿਤ ਹੈ।

## ਅਮਰੀਕਾ ਦੇ ਸ਼ਹਿਰ ਬਾਲਟੀਮੋਰ ਵਿਚ ਅੰਧਾਧੁੰਦ ਗੋਲੀਬਾਰੀ ਵਿੱਚ 2 ਮੌਤਾਂ ਤੇ 28 ਹੋਰ ਜ਼ਖ਼ਮੀ

### ਮ੍ਰਿਤਕਾਂ ਵਿਚ ਇਕ ਔਰਤ ਤੇ ਇਕ ਨੌਜਵਾਨ ਸ਼ਾਮਲ



ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਅਮਰੀਕਾ ਦੇ ਮੈਰੀਲੈਂਡ ਰਾਜ ਦੇ ਸ਼ਹਿਰ ਬਾਲਟੀਮੋਰ ਵਿਚ ਇਕ ਪਾਰਟੀ ਦੌਰਾਨ ਹੋਈ ਅੰਧਾਧੁੰਦ ਗੋਲੀਬਾਰੀ ਵਿਚ 2 ਮੌਤਾਂ ਹੋਣ ਤੇ 28 ਹੋਰਨਾਂ ਦੇ ਜ਼ਖ਼ਮੀ ਹੋਣ ਦੀ ਖਬਰ ਹੈ। ਮ੍ਰਿਤਕਾਂ ਵਿਚ ਇਕ 18 ਸਾਲ ਦੀ ਔਰਤ ਤੇ ਇਕ 20 ਸਾਲ ਦਾ ਨੌਜਵਾਨ ਸ਼ਾਮਿਲ ਹੈ। ਬਾਲਟੀਮੋਰ ਪੁਲਿਸ ਦੇ ਕਾਰਜਕਾਰੀ ਕਮਿਸ਼ਨਰ ਰਿਚਰਡ ਵੌਰਲੇ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਸਿਆ ਕਿ ਸਾਰੇ ਪੀੜਤਾਂ ਦੇ ਗੋਲੀਆਂ ਵੱਜੀਆਂ ਹਨ ਤੇ ਪੀੜਤਾਂ ਵਿਚ 13 ਸਾਲ ਤੋਂ ਲੈ ਕੇ 32 ਸਾਲ ਦੇ ਲੋਕ ਸ਼ਾਮਿਲ ਹਨ। ਪੁਲਿਸ ਵੱਲੋਂ ਜਾਰੀ ਬਿਆਨ ਅਨੁਸਾਰ ਮ੍ਰਿਤਕਾਂ ਦੀ ਪਛਾਣ ਅਲੀਯਾਹ ਗੋਂਜ਼ਾਲੇਸ (18) ਤੇ ਕਿਲਿਸ ਫਗਬੇਮੀ (20) ਵਜੋਂ ਹੋਈ ਹੈ। ਵੌਰਲੇ ਨੇ ਕਿਹਾ ਕਿ ਘੱਟੋ ਘੱਟ 2 ਵਿਅਕਤੀਆਂ ਨੇ ਗੋਲੀਬਾਰੀ ਕੀਤੀ ਹੈ ਪਰੰਤੂ ਅਧਿਕਾਰੀ ਹੋਰ ਵਿਅਕਤੀਆਂ ਦੇ ਵੀ ਗੋਲੀਬਾਰੀ ਵਿਚ ਸ਼ਾਮਿਲ ਹੋਣ ਬਾਰੇ ਜਾਂਚ ਕਰ ਰਹੇ ਹਨ। ਉਨਾਂ ਕਿਹਾ ਕਿ ਬਲਾਕ ਪਾਰਟੀ ਵਿਚ ਲੋਕਾਂ ਦਾ ਭਾਰੀ ਇਕੱਠ ਮੌਜੂਦ ਸੀ ਜਦੋਂ ਇਕ ਤੋਂ ਵਧ ਵਿਅਕਤੀਆਂ ਨੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਉਨਾਂ ਕਿਹਾ ਕਿ ਇਹ ਹਮਲਾ ਗਿਣਮਿਥਕੇ ਕੀਤਾ ਗਿਆ ਹੈ ਜਾਂ ਅਚਨਚੇਤ ਵਾਪਰੀ ਘਟਨਾ ਹੈ, ਇਸ ਬਾਰੇ ਅਜੇ ਸਥਿੱਤੀ ਸਪਸ਼ਟ ਨਹੀਂ ਹੈ। ਜਾਂਚ ਉਪਰੰਤ ਹੀ ਸਥਿੱਤੀ ਸਾਫ ਹੋ ਸਕੇਗੀ। ਬਾਲਟੀਮੋਰ ਦੇ ਮੇਅਰ ਬਰੈਂਡਨ ਸਕਾਟ ਨੇ ਇਕ ਬਿਆਨ ਵਿਚ ਕਿਹਾ ਹੈ ਕਿ "ਇਹ ਇਕ ਹੋਰ ਉਦਾਹਰਣ ਹੈ ਜਦੋਂ ਜਸ਼ਨਾਂ ਦਾ ਵਾਤਾਵਰਣ ਦੁਖਾਂਤ ਵਿਚ ਬਦਲ ਗਿਆ। ਇਹ ਘਟਨਾ ਹਥਿਆਰ ਗਲਤ ਹੱਥਾਂ ਵਿਚ ਚਲੇ ਜਾਣ ਦੇ ਖਤਰਨਾਕ ਸਿਟਿਆਂ ਬਾਰੇ ਸਾਨੂੰ ਮੁੜ ਸੁਚੇਤ ਕਰਦੀ ਹੈ।" ਉਨ੍ਹਾਂ ਕਿ ਇਹ ਘਟਨਾ ਮਾਮਲੇ ਦੀ ਗੰਭੀਰਤਾ ਦੀ ਇਕ ਹੋਰ ਮੰਦਭਾਗੀ ਉਦਾਹਰਣ ਹੈ।

## ਫਰਾਂਸ: ਪੁਲਿਸ ਨੇ 1300 ਤੋਂ ਵੱਧ ਦੰਗਾਕਾਰੀਆਂ ਨੂੰ ਗ੍ਰਿਫ਼ਤਾਰ ਕੀਤਾ



ਪੈਰਿਸ: ਫਰਾਂਸ 'ਚ ਇਕ ਨਾਬਾਲਗ ਦੀ ਪੁਲੀਸ ਗੋਲੀ ਨਾਲ ਮੌਤ ਮਗਰੋਂ ਭੜਕੇ ਦੰਗਿਆਂ 'ਚ 2400 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪਿਛਲੇ ਚਾਰ ਦਿਨਾਂ ਤੋਂ ਪੁਲੀਸ ਦੀ ਵੱਡੀ ਤਾਇਨਾਤੀ ਦੇ ਬਾਵਜੂਦ ਲੋਕਾਂ ਨੇ ਕਈ ਕਾਰਾਂ ਅਤੇ ਇਮਾਰਤਾਂ ਨੂੰ ਅੱਗ ਲਗਾ ਦਿੱਤੀ ਅਤੇ ਸਟੋਰ ਲੁੱਟ ਲਏ। ਉਂਜ ਪੁਲੀਸ ਨੇ ਦੰਗਿਆਂ ਦੀ ਚੌਥੀ ਰਾਤ ਸਭ ਤੋਂ ਜ਼ਿਆਦਾ 1311 ਵਿਅਕਤੀ ਗ੍ਰਿਫ਼ਤਾਰ ਕੀਤੇ ਹਨ। ਰਾਸ਼ਟਰਪਤੀ ਇਮੈਨੁਅਲ ਮੈਕਰੋਂ ਵੱਲੋਂ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਘਰਾਂ ਅੰਦਰ ਰਹਿਣ ਦੀ ਕੀਤੀ ਜਾ ਰਹੀ ਅਪੀਲ ਦੇ ਬਾਵਜੂਦ ਨੌਜਵਾਨਾਂ ਅਤੇ ਪੁਲੀਸ ਵਿਚਕਾਰ ਝੜਪਾਂ ਲਗਾਤਾਰ ਜਾਰੀ ਹਨ। ਅਧਿਕਾਰੀਆਂ ਮੁਤਾਬਕ ਕਰੀਬ 2500 ਅੱਗਾਂ ਲਾਈਆਂ ਗਈਆਂ ਅਤੇ ਸਟੋਰਾਂ ਨੂੰ ਲੁੱਟਿਆ ਗਿਆ ਹੈ। ਉਧਰ ਪੈਰਿਸ ਨੇੜਲੇ ਕਸਬੇ ਨਾਨਟੇਰੇ 'ਚ ਮੰਗਲਵਾਰ ਨੂੰ ਪੁਲਿਸ ਦੀ ਗੋਲੀ ਨਾਲ ਮਾਰੇ ਗਏ ਨੌਜਵਾਨ ਨਾਹੇਲ ਨੂੰ ਪਰਿਵਾਰ ਨੇ ਅੱਜ ਦਫ਼ਨਾ ਦਿੱਤਾ। ਪੈਰਿਸ ਤੋਂ ਲੈ ਕੇ ਮਾਸੇਲੇ ਅਤੇ ਲਿਓਨ ਤੱਕ ਦੰਗਿਆਂ ਦੀ ਅੱਗ ਭੜਕੀ ਹੋਈ ਹੈ ਅਤੇ ਫਰੈਂਚ ਗੁਆਇਨਾ 'ਚ ਗੋਲੀ ਲੱਗਣ ਕਾਰਨ 54 ਵਰ੍ਹਿਆਂ ਦੇ ਇਕ ਵਿਅਕਤੀ ਦੀ ਮੌਤ ਹੋ ਗਈ। ਦੰਗਿਆਂ 'ਚ ਸੈਂਕੜੇ ਪੁਲੀਸ ਅਤੇ ਅੱਗ ਬੁਝਾਊ ਦਸਤਿਆਂ ਦੇ ਮੁਲਾਜ਼ਮ ਜ਼ਖ਼ਮੀ ਹੋਏ ਹਨ ਪਰ ਅਧਿਕਾਰੀਆਂ ਨੇ ਜ਼ਖ਼ਮੀ ਹੋਏ ਸਿਰਫ਼ ਪ੍ਰਦਰਸ਼ਨਕਾਰੀਆਂ ਦੀ ਗਿਣਤੀ ਹੀ ਜਾਰੀ ਕੀਤੀ ਹੈ। ਫਰਾਂਸੀਸੀ ਫੁੱਟਬਾਲ ਟੀਮ ਦੇ ਉੱਘੇ ਖਿਡਾਰੀ ਕਿਲਿਆਨ ਐੱਮਬਾਪੇ ਨੇ ਨੌਜਵਾਨ ਨੂੰ ਹਿੰਸਾ ਖ਼ਤਮ ਕਰਨ ਦੀ ਅਪੀਲ ਕੀਤੀ ਹੈ।



ਸ. ਬਲਬੀਰ ਸਿੰਘ ਰਾਗੀ

ਇੰਗਲੈਂਡ ਦੇ ਇਤਿਹਾਸ ਨੂੰ ਉਜਾਗਰ ਕਰਨ ਦੇ ਲਈ ਸ.ਬਲਵੀਰ ਸਿੰਘ ਰਾਗੀ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ। ਇਸ ਦਾ ਕਾਰਨ ਇਹ ਹੈ ਕਿ ਇਸ ਧਰਤੀ ਉਪਰ ਵਸਣ ਵਾਲੇ ਇਨ੍ਹਾਂ ਲੋਕਾਂ ਨੇ ਕੀ-ਕੀ ਸਹਿਣ ਨਹੀਂ ਕੀਤਾ, ਉਨ੍ਹਾਂ ਦੇ ਕਾਰਨ ਹੀ ਅੱਜ ਅਸੀਂ ਮਾਣ ਸਨਮਾਨ ਵਾਲਾ ਜੀਵਨ ਜੀਅ ਰਹੇ ਹਾਂ ਅਤੇ ਹੁਣ ਬ੍ਰਿਟੇਨ ਦੀ ਸੰਸਦ 'ਚ ਸਾਡੇ ਸੰਸਦ ਮੈਂਬਰ ਵੀ ਹਨ ਅਤੇ ਇੰਗਲੈਂਡ ਦੇ ਹਰ ਖੇਤਰ ਵਿਚ ਸਿੱਖ ਭਾਈਚਾਰੇ ਨੇ ਮੱਲ੍ਹਾਂ ਮਾਰੀਆਂ ਹਨ। ਇਸ ਸਭ ਬਾਰੇ ਜਾਗਰੂਕ ਕਰਨ ਲਈ ਹੁਣ ਅਸੀਂ ਅਮਰੀਕਾ ਦੇ ਉਘੇ ਸਿੱਖ ਆਗੂ ਸ. ਬਲਵੀਰ ਸਿੰਘ ਰਾਗੀ ਜੀ ਦੀ ਲਿਖੀ ਕਿਤਾਬ 'ਇਨ ਸਰਵਿਸ ਆਫ਼ ਹਿਜ਼ ਮਾਸਟਰ' ਕਿਤਾਬ ਨੂੰ ਲੜੀਵਾਰ 'ਸਾਡੇ ਲੋਕ' ਅਖ਼ਬਾਰ ਵਿਚ ਛਾਪ ਕੇ ਇੰਗਲੈਂਡ ਦੇ ਇਤਿਹਾਸ ਬਾਰੇ ਅਮਰੀਕਾ 'ਚ ਵਸਦੇ ਭਾਰਤੀ ਭਾਈਚਾਰੇ ਨੂੰ ਜਾਣੂ ਕਰਵਾਉਣਾ ਚਾਹੁੰਦੇ ਹਾਂ, ਤਾਂ ਜੋ 'ਸਾਡੇ ਲੋਕ' ਦੇ ਸਮੂਹ ਪਾਠਕ ਇਸ ਲੜੀਵਾਰ ਪੁਸਤਕ ਨੂੰ ਪੜ੍ਹ ਕੇ ਇੰਗਲੈਂਡ ਅਤੇ ਸਿੱਖਾਂ ਦੇ ਇਤਿਹਾਸ ਦੀ ਨੀਂਹ ਰੱਖ ਕੇ ਗੁਰੂਘਰ ਬਣਾਉਣ ਦੀ ਕਹਾਣੀ ਉਨ੍ਹਾਂ ਦੇ ਪਿਤਾ ਸ. ਧਰਮ ਸਿੰਘ ਰਾਗੀ, ਮਾਤਾ ਨਸੀਬ ਕੌਰ ਰਾਗੀ ਅਤੇ ਉਨ੍ਹਾਂ ਸਿੱਖਾਂ ਦੀ ਹੈ, ਜਿਨ੍ਹਾਂ ਨੇ ਇੰਗਲੈਂਡ ਵਿਚ ਪਹਿਲੇ ਗੁਰਦੁਆਰੇ ਦੀ ਨੀਂਹ ਰੱਖ ਕੇ ਵਿਦੇਸ਼ 'ਚ ਸਿੱਖੀ ਦਾ ਮੁੱਢ ਬੰਨ੍ਹਿਆ। ਇਹ ਸਿੱਖ ਜਗਤ ਦੀ ਚੜ੍ਹਦੀਕਲਾ ਦੀ ਕਹਾਣੀ ਹੈ। - ਸਤਨਾਮ ਸਿੰਘ ਖਾਲਸਾ

# ਕੱਲ੍ਹ ਨੂੰ ਚੁੱਪ ਦਾ ਦਾਨ ਬਖ਼ਸ਼ੀ ਜੋ ਮਰਜ਼ੀ ਹੋ ਜਾਵੇ...

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਹਰਦੇਵ ਸਿੰਘ ਢਿੱਲੋਂ ਜੁੱਤਿਆਂ ਨੂੰ ਕੰਟਰੋਲ ਕਰਨ ਵਿੱਚ ਰੁੱਝੇ ਹੋਏ ਸਨ। ਮੈਨੂੰ ਜੂਨ, 1961 ਦਾ ਉਹ ਪਹਿਲਾ ਦਿਨ ਯਾਦ ਹੈ ਜਦੋਂ ਬੂਟਾ ਸਿੰਘ ਅਤੇ ਉਨ੍ਹਾਂ ਦੇ ਭਰਾ ਨੇ ਕਸ਼ਮੀਰ ਨੂੰ ਦੱਸਿਆ ਸੀ ਕਿ ਕਿਵੇਂ ਰਾਫਲ ਟਿਕਟਾਂ ਨਾਲ ਜੁੱਤੀਆਂ ਸੰਭਾਲਣੀਆਂ ਹਨ। ਇੱਕ ਨੰਬਰ ਜੁੱਤੀ ਰੱਖਣ ਵਾਲੇ ਵਿਅਕਤੀ ਨੂੰ ਦੇਣਾ ਹੈ ਅਤੇ ਦੂਜਾ ਜੁੱਤੀ ਦੇ ਅੰਦਰ ਰੱਖਣਾ ਹੈ। ਇਹ ਪ੍ਰਕਿਰਿਆ ਸਾਰੇ ਸਾਲਾਂ ਵਿੱਚ ਇਸ ਤਰ੍ਹਾਂ ਹੀ ਰਹੀ। ਪਾਪਾ ਜੀ ਨੇ ਉਸ ਰਿਬਨ, ਕੈਂਚੀ ਅਤੇ ਕੁਸ਼ਨ ਨੂੰ ਵਾਰ ਵਾਰ ਚੈੱਕ ਕੀਤਾ ਜਿਹੜੀ ਉਸ ਸਮੇਂ ਮੇਅਰ ਨੂੰ ਦੇਣੀ ਸੀ।

ਬਾਬਾ ਜੀ ਨੇ ਮੇਰੇ ਵੱਲ ਦੇਖਿਆ ਅਤੇ ਕਿਹਾ, 'ਓਏ ਮੁੰਡਿਆ ਤੂੰ ਇਹ ਕੈਂਚੀ ਵਾਲਾ ਸਰਾਹਣਾ ਫੜਨਾ।'

ਮੈਂ ਪਾਪਾ ਜੀ ਅਤੇ ਹੋਰਾਂ ਵੱਲ ਦੇਖਿਆ ਅਤੇ ਉਨ੍ਹਾਂ ਨੇ ਮੈਨੂੰ ਮੁਸਕਰਾਹਟ ਦੇ ਕੇ ਸਹਿਮਤੀ ਦਿੱਤੀ। ਉਸ ਸਮੇਂ ਮੇਰੇ ਲਈ ਇਹ ਮਾਣ ਵਾਲੀ ਗੱਲ ਸੀ ਅਤੇ ਇਹ ਬਾਬਾ ਜੀ ਵੱਲੋਂ ਮੈਨੂੰ ਦਿੱਤੀ ਗਈ ਸੀ। ਮੇਰੇ ਲਈ ਇਹ ਬਹੁਤ ਵੱਡੀ ਗੱਲ ਸੀ। ਬਾਬਾ ਜੀ ਦਾ ਵਿਸ਼ਵਾਸ ਜਿੱਤਣਾ ਅਤੇ ਸਤਿਕਾਰ ਹਾਸਲ ਕਰਨਾ, ਕੋਈ ਆਸਾਨ ਕੰਮ ਨਹੀਂ ਸੀ, ਮੇਰੇ ਲਈ ਇਹ ਮਾਣ ਵਾਲੀ ਗੱਲ ਸੀ ਜਦੋਂ ਮੈਂ ਉਨ੍ਹਾਂ ਦੇ ਨਾਲ ਖੜ੍ਹਾ ਹੋਵਾਂਗਾ। ਮੈਂ ਇਸਨੂੰ ਦੂਜੇ ਬੱਚਿਆਂ ਲਈ ਉਦਾਹਰਨ ਵਜੋਂ ਪੇਸ਼ ਕਰਨਾ ਚਾਹੁੰਦਾ ਸਾਂ। ਮੈਨੂੰ ਇਸ ਪਿੱਛੇ ਉਨ੍ਹਾਂ ਦਾ ਮੰਤਵ ਨਹੀਂ ਪਤਾ, ਪਰ ਮੈਂ ਬਹੁਤ ਮਾਣ ਮਹਿਸੂਸ ਕਰ ਰਿਹਾ ਸੀ ਕਿ ਮੈਂ ਸਮਾਗਮ ਦਾ ਹਿੱਸਾ ਬਣਾਗਾਂ।

ਸਮਾਗਮ ਤੋਂ ਪਹਿਲਾਂ ਰਾਤ ਨੂੰ ਲਗਪਗ 8 ਵਜੇ ਹੀ ਲੋਕਾਂ ਨੇ ਸਾਡੇ ਘਰ ਨੂੰ ਆਉਣਾ ਸ਼ੁਰੂ ਕਰ ਦਿੱਤਾ, ਉਹ ਪੁੱਛ ਰਹੇ ਸਨ ਕਿ ਅਗਲੇ ਦਿਨ ਕੁਝ ਕਰਨ ਦੀ ਜ਼ਰੂਰਤ ਹੈ ਜਾਂ ਕੀ ਉਨ੍ਹਾਂ ਨੂੰ ਜਲਦੀ ਆਉਣ ਦੀ ਲੋੜ ਹੈ। ਬੀਜੀ ਨੇ ਕੁਝ ਲੋਕ ਚੁਣੇ ਜਿਨ੍ਹਾਂ ਦੀ ਉਨ੍ਹਾਂ ਨੂੰ ਸਵੇਰੇ ਜਲਦੀ ਆਉਣ ਦੀ ਲੋੜ ਸੀ। ਬਾਕੀਆਂ ਨੂੰ ਉਨ੍ਹਾਂ ਨੇ ਬਾਅਦ ਵਿੱਚ ਆਉਣ ਅਤੇ ਸਮਾਗਮ ਦਾ ਆਨੰਦ ਮਾਣਨ ਲਈ ਕਿਹਾ। ਬੀਜੀ 'ਤੇ ਕਿਸੇ ਨੇ ਸੁਆਲ ਨਹੀਂ ਕੀਤਾ। ਜਿਸ ਸਮੇਂ ਉਨ੍ਹਾਂ ਨੂੰ ਆਉਣ ਲਈ ਕਿਹਾ, ਉਨ੍ਹਾਂ ਨੇ ਉਹ ਸਵੀਕਾਰ ਕਰ ਲਿਆ। ਬੀਜੀ ਨੇ ਸਾਰਿਆਂ ਨੂੰ ਸਵੇਰੇ ਸੱਤ ਵਜੇ ਆਉਣ ਲਈ ਕਿਹਾ ਤਾਂ ਕਿ ਸਭ ਕੁਝ ਤਿਆਰ ਹੋ ਸਕੇ ਅਤੇ ਸੱਦੇ ਗਏ ਮਹਿਮਾਨਾਂ ਲਈ ਚਾਹ ਬਣਾਈ ਜਾ ਸਕੇ।

ਅਸੀਂ ਬੀਜੀ, ਪਾਪਾ ਜੀ, ਕਸ਼ਮੀਰ, ਸੌਦਾਗਰ ਅਤੇ ਮੈਂ ਗੁਰਦੁਆਰੇ ਤੋਂ ਰਾਤੀਂ 9 ਵਜੇ ਘਰ ਨੂੰ ਗਏ। ਸੌਦਾਗਰ ਪਿੱਛੇ ਹੋ ਗਿਆ ਅਤੇ ਮੈਂ ਵੀ ਉਸ ਨਾਲ ਪਿੱਛੇ ਹੋ ਗਿਆ। ਮੈਂ ਜਾਣਦਾ ਸੀ ਕਿ ਉਹ ਅਜਿਹਾ ਕਿਉਂ ਕਰ ਰਿਹਾ ਹੈ। ਉਹ ਮੇਰੇ ਨਾਲ ਗੱਲ ਕਰਨੀ ਚਾਹੁੰਦਾ ਸੀ। ਉਹ ਹਮੇਸ਼ਾਂ ਅਜਿਹਾ ਕਰਨ ਵੇਲੇ ਘਬਰਾ ਜਾਂਦਾ ਸੀ।

ਉਹ ਕਦੇ ਵੀ ਨਹੀਂ ਜਾਣਦਾ ਸੀ ਕਿ ਮੇਰੀ ਪ੍ਰਤੀਕਿਰਿਆ ਕੀ ਹੋਵੇਗੀ। ਉਨ੍ਹਾਂ ਦਿਨਾਂ ਵਿੱਚ ਮੈਂ ਥੋੜ੍ਹਾ ਗੁੱਸੇ ਵਿੱਚ ਆ ਜਾਂਦਾ ਸੀ। ਮੇਰੀ ਰਾਇ ਬਹੁਤ ਮਜ਼ਬੂਤ ਹੁੰਦੀ ਸੀ ਅਤੇ ਉਸਨੇ ਕਦੇ ਇਸਨੂੰ ਮੋੜਿਆ ਨਹੀਂ।

ਇਸ ਲਈ ਉਸਨੇ ਮੈਨੂੰ ਵੱਡੀ ਮੁਸਕਰਾਹਟ ਦਿੱਤੀ ਅਤੇ ਫਿਰ ਕਿਹਾ, 'ਕੁਝ ਕਹਿਣਾ ਗੁੱਸਾ ਨਾ ਕਰੀਂ।'

ਮੈਂ ਉਸ ਵੱਲ ਦੇਖਿਆ ਅਤੇ ਕਿਹਾ, 'ਕੀ?'

ਉਸਨੇ ਮੇਰੇ ਵੱਲ ਦੇਖਿਆ ਅਤੇ ਕਿਹਾ, 'ਕੱਲ੍ਹ ਨੂੰ ਚੁੱਪ ਦਾ ਦਾਨ ਬਖ਼ਸ਼ੀ ਜੋ ਮਰਜ਼ੀ ਹੋ ਜਾਵੇ, ਇਹ ਪਾਪਾ ਜੀ ਲਈ ਬਹੁਤ ਅਹਿਮ ਦਿਨ ਹੈ, ਆਪਣੀ ਵਿਚਾਰ ਧਾਰਾ ਨਾ ਠੋਕੀਂ।'

ਮੈਂ ਉਸਦੀ ਗੱਲ ਚੰਗੀ ਤਰ੍ਹਾਂ ਸਮਝ ਗਿਆ। ਮੈਂ ਫੈਸਲਾ ਕੀਤਾ ਕਿ ਮੈਨੂੰ ਚੁੱਪ ਰਹਿਣ ਦੀ ਲੋੜ ਹੈ ਅਤੇ ਉਹ ਕੁਝ ਵੀ ਦੁਹਰਾਉਣ ਦੀ ਲੋੜ ਨਹੀਂ ਹੈ ਜੋ ਨੀਂਹ ਪੱਥਰ ਰੱਖਣ ਵਾਲੇ ਦਿਨ ਹੋਇਆ ਸੀ।

ਅਸੀਂ ਲਗਪਗ ਰਾਤ 11 ਵਜੇ ਤੱਕ ਇਕੱਠੇ ਰਹੇ। ਬੀਜੀ ਨੇ ਆਖਿਰ ਸੌਦਾਗਰ ਨੂੰ ਘਰ ਜਾਣ ਲਈ ਕਹਿ ਦਿੱਤਾ। ਉਹ ਸਾਡੇ ਘਰ ਤੋਂ ਅਗਲੀ ਗਲੀ ਵਿੱਚ ਰਹਿੰਦਾ ਸੀ ਅਤੇ ਸਾਨੂੰ ਸਾਰਿਆਂ ਨੂੰ ਸੌਣ ਲਈ ਕਿਹਾ ਕਿਉਂਕਿ ਅਸੀਂ ਅਗਲੇ ਦਿਨ ਜਲਦੀ ਜਾਗਣਾ ਸੀ। ਸੌਦਾਗਰ ਨੇ ਬੀਜੀ ਨੂੰ ਪੁੱਛਿਆ ਕਿ ਉਹ ਸਵੇਰੇ ਕਿਸ ਸਮੇਂ 'ਤੇ ਆਏ। ਉਨ੍ਹਾਂ ਨੇ ਕਿਹਾ ਕਿ ਉਹ ਸਵੇਰੇ 6 ਵਜੇ ਆ ਜਾਵੇ। ਉਹ ਜਾਣਦੇ ਸਨ ਕਿ ਉਹ ਸਵੇਰੇ 5.30 ਵਜੇ ਦਰਵਾਜ਼ੇ 'ਤੇ ਦਸਤਕ ਦੇ ਦੇਵੇਗਾ। ਫਿਰ ਅਸੀਂ ਸੌਣ ਦੀ ਕੋਸ਼ਿਸ਼ ਕੀਤੀ। ਮੈਂ ਸਾਰੇ ਦਿਨ ਵਿੱਚ ਕੀ ਹੋਇਆ ਅਤੇ ਪਿਛਲੇ ਸਾਲਾਂ ਵਿੱਚ ਕੀ ਹੋਇਆ, ਇਨ੍ਹਾਂ ਨੂੰ ਯਾਦ ਕਰਨ ਲੱਗਾ। ਇਸ ਅਨੁਭਵ ਨੇ ਕਿਵੇਂ ਮੇਰੀ ਜ਼ਿੰਦਗੀ ਨੂੰ ਆਕਾਰ ਦਿੱਤਾ ਅਤੇ ਕਿਵੇਂ ਪ੍ਰਭਾਵ ਪਾਇਆ। ਸਵੇਰੇ ਮੇਰੀ ਉਦੋਂ ਅੱਖ ਖੁੱਲ੍ਹ ਗਈ ਜਦੋਂ ਬੀਜੀ ਨੇ ਮੈਨੂੰ ਨਹਾਉਣ ਲਈ ਕਿਹਾ। ਪਾਪਾ ਜੀ ਅਤੇ ਬੀਜੀ ਪਹਿਲਾਂ ਤੋਂ ਹੀ ਜਾਗੇ ਹੋਏ ਸਨ, ਪੱਕਾ ਨਹੀਂ ਪਤਾ ਕਿ ਉਹ ਸੌਂਏ ਵੀ ਸਨ ਜਾਂ ਨਹੀਂ, ਜੇਕਰ ਸੌਂਏ ਸਨ ਤਾਂ ਬਹੁਤ ਹੀ ਘੱਟ ਸਮੇਂ ਲਈ। ਇਹ ਹਮੇਸ਼ਾਂ ਹੁੰਦਾ ਸੀ ਕਿ ਮੈਨੂੰ ਬੀਜੀ ਜਗਾਉਂਦੇ, ਇਹ ਤਿੰਨ ਆਵਾਜ਼ਾਂ ਹੁੰਦੀਆਂ ਸਨ। ਪਹਿਲੀ ਆਵਾਜ਼ ਹੁੰਦੀ, 'ਬੱਲੇ ਪੁੱਤ ਉੱਠ।' ਇਹ ਬਹੁਤ ਪਿਆਰ ਵਾਲੀ ਆਵਾਜ਼ ਹੁੰਦੀ ਸੀ। ਮੈਂ ਕਦੇ ਵੀ ਇਸ ਆਵਾਜ਼ 'ਤੇ ਨਹੀਂ ਜਾਗਿਆ। ਦੂਜੀ ਆਵਾਜ਼ ਹੁੰਦੀ, 'ਬਲਬੀਰ ਉੱਠ।' ਇਹ ਬਹੁਤ ਨਿਮਰ ਪਰ ਸਖ਼ਤ ਹੁੰਦੀ ਸੀ, ਇਹ ਮੈਨੂੰ ਹਲੂਣਦੀ, ਇਹ ਇਸ 'ਤੇ ਨਿਰਭਰ ਕਰਦਾ ਸੀ ਕਿ ਮੈਂ ਕਦੋਂ ਸੌਂਇਆ। ਪਰ ਜ਼ਿਆਦਾਤਰ ਦਿਨਾਂ ਵਿੱਚ ਤੀਜੀ ਆਵਾਜ਼ ਆਉਂਦੀ ਜੋ ਬਹੁਤ ਉੱਚੀ ਅਤੇ ਇੱਕ ਆਦੇਸ਼ ਦੀ ਤਰ੍ਹਾਂ ਹੁੰਦੀ ਸੀ। ਬੀਜੀ ਕਦੇ ਵੀ ਉੱਚਾ ਨਹੀਂ ਬੋਲਦੇ ਸਨ, ਪਰ ਇਹ ਆਵਾਜ਼ ਬਹੁਤ ਉੱਚੀ ਹੁੰਦੀ ਸੀ, 'ਬਲਬੀਰ ਉੱਠਦਾ ਕਿ ਨਹੀਂ?' ਫਿਰ ਮੈਨੂੰ ਉੱਠਣਾ ਪੈਂਦਾ ਸੀ। ਭਾਵੇਂ ਕਿ ਅੱਜ ਮੈਨੂੰ ਪਹਿਲੀ ਆਵਾਜ਼ ਹੀ ਲੋੜੀਂਦੀ ਸੀ, ਮੈਂ ਉੱਠਿਆ ਅਤੇ ਬਾਥਰੂਮ ਜਾ ਕੇ ਬੁਰਸ਼ ਕੀਤਾ ਅਤੇ ਇਸ਼ਨਾਨ ਕੀਤਾ। ਉਨ੍ਹਾਂ ਨੇ ਕਸ਼ਮੀਰ ਅਤੇ ਮੇਰੇ ਲਈ ਕੱਪੜੇ ਰੱਖ ਦਿੱਤੇ ਜਿਹੜੇ ਉਹ ਸਾਡੇ ਅੱਜ ਦੇ ਦਿਨ ਪਹਿਨਣ ਲਈ ਖਰੀਦ ਕੇ ਲਿਆਏ ਸਨ। ਇਸ ਮੌਕੇ ਲਈ ਨਵੇਂ ਸੂਟ, ਨਵੀਆਂ ਸ਼ਰਟਾਂ, ਟਾਈ।

ਜਦੋਂ ਮੈਂ ਬਾਥਰੂਮ ਵਿੱਚੋਂ ਬਾਹਰ ਆਇਆ ਤਾਂ ਦਰਵਾਜ਼ੇ 'ਤੇ ਕਿਸੇ ਨੇ ਦਸਤਕ ਦਿੱਤੀ। ਇਹ ਸੌਦਾਗਰ ਸੀ ਜਿਹੜਾ ਸਹੀ 5.30 ਵਜੇ ਤਿਆਰ ਹੋ ਗਿਆ ਸੀ।

'ਅਜੇ ਤਿਆਰ ਨਹੀਂ ਹੋਇਆ?'

ਮੈਂ ਉਸ ਵੱਲ ਇਸ਼ਾਰਾ ਕੀਤਾ ਅਤੇ ਉਹ ਜਲਦੀ ਹੀ ਚੁੱਪ ਹੋ ਗਿਆ। ਬੀਜੀ ਨੇ ਟਿੱਪਣੀ ਕੀਤੀ, 'ਦੇਖ ਸੌਦਾਗਰ ਤਿਆਰ ਵੀ ਹੋ ਗਿਆ।'

ਸੌਦਾਗਰ ਬੀਜੀ ਦੀ ਟਿੱਪਣੀ 'ਤੇ ਬਹੁਤ ਖੁਸ਼ ਹੋਇਆ, ਪਰ ਮੈਂ ਦੋਨਾਂ ਦੀ ਹੀ ਅਣਦੇਖੀ ਕਰ ਦਿੱਤੀ।

(ਚਲਦਾ)




# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਹੋਏ ਹਮਲੇ ਦੀ ਯਾਦ 'ਚ ਸ਼੍ਰੋਮਣੀ ਕਮੇਟੀ ਵੱਲੋਂ ਕਰਵਾਇਆ ਸਮਾਗਮ

## ਸੰਗਤ ਨੂੰ ਘਟਨਾ ਦੇ ਇਤਿਹਾਸ ਬਾਰੇ ਦਿੱਤੀ ਜਾਣਕਾਰੀ



ਅੰਮ੍ਰਿਤਸਰ : ਪੰਜਾਬੀ ਸੂਬਾ ਮੋਰਚਾ ਦੌਰਾਨ ਸਮੇਂ ਦੀ ਸਰਕਾਰ ਵੱਲੋਂ 4 ਜੁਲਾਈ 1955 ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਕੀਤੇ ਹਮਲੇ ਦੀ ਯਾਦ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸਮਾਗਮ ਕਰਵਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਹਜ਼ੂਰੀ ਰਾਗੀ ਭਾਈ ਹਰਵਿੰਦਰ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਅਰਦਾਸ ਭਾਈ ਬਲਜੀਤ ਸਿੰਘ ਨੇ ਕੀਤੀ। ਇਸ ਮੌਕੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੇ ਕਥਾਵਾਚਕ ਭਾਈ ਹਰਮਿੱਤਰ ਸਿੰਘ ਨੇ ਸੰਗਤ ਨੂੰ ਇਸ ਘਟਨਾ ਦੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ। ਸਮਾਗਮ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵੀ ਸ਼ਿਰਕਤ ਕੀਤੀ। ਇਸ ਦੌਰਾਨ ਗੱਲਬਾਤ ਕਰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਭਾਰਤ ਦੀ ਆਜ਼ਾਦੀ ਵਿਚ 80 ਫ਼ੀਸਦੀ ਤੋਂ ਵੱਧ ਕੁਰਬਾਨੀਆਂ ਵਾਲੇ ਸਿੱਖਾਂ ਦੇ ਸਭ ਤੋਂ ਪਵਿੱਤਰ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ 4 ਜੁਲਾਈ 1955 ਨੂੰ ਸਰਕਾਰ ਵੱਲੋਂ ਹਮਲਾ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਸਰਕਾਰਾਂ ਨੇ ਹਮੇਸ਼ਾ ਹੀ ਸਿੱਖਾਂ ਨਾਲ ਧੱਕਾ ਕੀਤਾ ਹੈ ਅਤੇ ਦੇਸ਼ ਦੀ ਆਜ਼ਾਦੀ ਦੇ ਮਹਿਜ 8 ਸਾਲ ਮਗਰੋਂ ਇਹ ਹਮਲਾ ਸਿੱਖਾਂ ਦੀ ਪੰਜਾਬੀ ਸੂਬੇ ਦੀ ਹੱਕੀ ਮੰਗ ਨੂੰ ਦਬਾਉਣ ਲਈ ਕਾਂਗਰਸ ਸਰਕਾਰ ਦੀ ਧੱਕੇਸ਼ਾਹੀ ਦਾ ਪ੍ਰਤੱਖ ਪ੍ਰਗਟਾਵਾ ਸੀ। ਇਸ ਮਗਰੋਂ ਜੂਨ 1984 ਵਿਚ ਇੰਦਰਾ ਗਾਂਧੀ ਦੀ ਸਰਕਾਰ ਨੇ ਵੀ ਸਿੱਖ ਕੌਮ ਦੇ ਕੇਂਦਰੀ ਅਸਥਾਨ 'ਤੇ ਹਮਲਾ ਕਰ ਕੇ ਡੂੰਘੇ ਜ਼ਖ਼ਮ ਦਿੱਤੇ, ਜਿਸ ਨੂੰ ਕੌਮ ਕਦੇ ਵੀ ਨਹੀਂ ਭੁੱਲ ਸਕਦੀ। ਉਨ੍ਹਾਂ ਇਹ ਵੀ ਕਿਹਾ ਕਿ ਸਿੱਖ ਸੰਸਥਾਵਾਂ ਨੂੰ ਖੋਰਾ ਲਗਾਉਣ ਦੇ ਮੰਤਵ ਨਾਲ ਮੌਜੂਦਾ ਸਮੇਂ ਵੀ ਸਿੱਖ ਕੌਮ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਸਰਕਾਰੀ ਯਤਨ ਸ਼੍ਰੋਮਣੀ ਕਮੇਟੀ ਨੂੰ ਕਮਜ਼ੋਰ ਕਰਨ ਵੱਧ ਰਹੇ ਹਨ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ 1955 'ਚ ਪੰਜਾਬ ਦੀ ਕਾਂਗਰਸ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਅੰਦਰ ਪੁਲਿਸ ਹਮਲਾ ਕੀਤਾ ਸੀ। ਇਸੇ ਤਰ੍ਹਾਂ ਹੀ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਿੱਖ ਗੁਰਦੁਆਰਾ ਐਕਟ ਨੂੰ ਖੰਡਤ ਕਰਨ ਦੀ ਕੋਝੀ ਹਰਕਤ ਕੀਤੀ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਪੰਥ ਨੇ ਹਮੇਸ਼ਾ ਹੀ ਅਜਿਹੀਆਂ ਸਾਜ਼ਿਸ਼ਾਂ ਦਾ ਮੂੰਹ ਤੋੜ ਜਵਾਬ ਦਿੱਤਾ ਹੈ ਅਤੇ ਅਗਾਂਹ ਵੀ ਅਜਿਹੀਆਂ ਸਿੱਖ ਵਿਰੋਧੀ ਹਰਕਤਾਂ ਦਾ ਡਟਵਾਂ ਜਵਾਬ ਦਿੱਤਾ ਜਾਵੇਗਾ। ਸਮਾਗਮ ਦੌਰਾਨ ਢਾਡੀ ਭਾਈ ਗੁਰਬੇਜ ਸਿੰਘ ਚਵਿੰਡਾ, ਭਾਈ ਗੁਰਪ੍ਰੀਤ ਸਿੰਘ ਭੰਗੂ ਤੇ ਪ੍ਰਚਾਰਕ ਭਾਈ ਹਰਪ੍ਰੀਤ ਸਿੰਘ ਵਡਾਲਾ ਨੇ ਸੰਗਤ ਨਾਲ ਇਤਿਹਾਸ ਦੀ ਸਾਂਝ ਪਾਈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਹਰਜਾਪ ਸਿੰਘ ਸੁਲਤਾਨਵਿੰਡ, ਸਕੱਤਰ ਪ੍ਰਤਾਪ ਸਿੰਘ, ਵਧੀਕ ਸਕੱਤਰ ਕੁਲਵਿੰਦਰ ਸਿੰਘ ਰਮਦਾਸ, ਬਲਵਿੰਦਰ ਸਿੰਘ ਕਾਹਲਵਾਂ, ਬਿਜੈ ਸਿੰਘ, ਮੀਤ ਸਕੱਤਰ ਪ੍ਰੋ. ਸੁਖਦੇਵ ਸਿੰਘ, ਸ਼ਾਹਬਾਜ਼ ਸਿੰਘ, ਮਲਕੀਤ ਸਿੰਘ ਬਹਿੜਵਾਲ ਅਤੇ ਸੰਗਤ ਮੌਜੂਦ ਸੀ।

# 4 ਜੁਲਾਈ 1955 ਨੂੰ ਦਰਬਾਰ ਸਾਹਿਬ 'ਤੇ ਹੋਏ ਹਮਲੇ ਦੀ ਯਾਦ 'ਚ ਆਵਾਜ਼-ਏ-ਕੌਮ ਅਤੇ ਫ਼ੈਡਰੇਸ਼ਨ ਭਿੰਡਰਾਂਵਾਲਾ ਵੱਲੋਂ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ

## ਸਿੱਖ ਦੁਨੀਆਂ 'ਚ ਕਿਤੇ ਵੀ ਸੁਰੱਖਿਅਤ ਨਹੀਂ, ਖ਼ਾਲਿਸਤਾਨ ਦੀ ਸਥਾਪਨਾ ਜ਼ਰੂਰੀ : ਨੋਬਲਜੀਤ ਸਿੰਘ/ਰਣਜੀਤ ਸਿੰਘ



ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਭਾਈ ਨੋਬਲਜੀਤ ਸਿੰਘ, ਭਾਈ ਮਨਜੀਤ ਸਿੰਘ, ਭਾਈ ਹਰਜਿੰਦਰ ਸਿੰਘ ਤੇ ਹੋਰ।

ਅੰਮ੍ਰਿਤਸਰ : 4 ਜੁਲਾਈ 1955 ਨੂੰ ਭਾਰਤੀ ਹਕੂਮਤ ਵੱਲੋਂ ਸ੍ਰੀ ਦਰਬਾਰ ਸਾਹਿਬ ਉੱਤੇ ਕੀਤੇ ਹਮਲੇ ਦੀ ਯਾਦ ਨੂੰ ਤਾਜ਼ਾ ਕਰਦਿਆਂ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਆਵਾਜ਼-ਏ-ਕੌਮ ਜਥੇਬੰਦੀ ਵੱਲੋਂ ਅਰਦਾਸ ਕੀਤੀ ਗਈ ਜਿਸ ਵਿੱਚ ਸਿੱਖ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਆਗੂਆਂ ਨੇ ਵੀ ਸ਼ਮੂਲੀਅਤ ਕੀਤੀ। ਇਸ ਮਗਰੋਂ ਦੋਵਾਂ ਜਥੇਬੰਦੀਆਂ ਦੇ ਆਗੂਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਕੋਲ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਜ਼ਿੰਦਾਬਾਦ, ਰਾਜ ਕਰੇਗਾ ਖ਼ਾਲਸਾ, ਖ਼ਾਲਿਸਤਾਨ ਜ਼ਿੰਦਾਬਾਦ ਅਤੇ ਸਿੱਖ ਹੋਮਲੈਂਡ ਜ਼ਿੰਦਾਬਾਦ ਦੇ ਨਾਅਰੇ ਵੀ ਲਾਏ।

ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਆਵਾਜ਼-ਏ-ਕੌਮ ਜਥੇਬੰਦੀ ਦੇ ਸਰਪ੍ਰਸਤ ਭਾਈ ਨੋਬਲਜੀਤ ਸਿੰਘ ਬੁੱਲੋਵਾਲ, ਪ੍ਰਧਾਨ ਭਾਈ ਮਨਜੀਤ ਸਿੰਘ ਕਰਤਾਰਪੁਰ, ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਅਤੇ ਭਾਈ ਹਰਜਿੰਦਰ ਸਿੰਘ ਜਲੰਧਰ ਨੇ ਕਿਹਾ ਕਿ ਸਿੱਖ ਦੁਨੀਆਂ 'ਚ ਕਿਤੇ ਵੀ ਸੁਰੱਖਿਅਤ ਨਹੀਂ ਹਨ, ਇਸ ਲਈ ਖ਼ਾਲਿਸਤਾਨ ਦੀ ਸਥਾਪਨਾ ਬੇਹੱਦ ਜ਼ਰੂਰੀ ਹੈ। ਭਾਰਤ 'ਚ ਸਿੱਖਾਂ ਦਾ ਇਸ਼ਟ, ਬੋਲੀ, ਸੱਭਿਆਚਾਰ ਅਤੇ ਪਹਿਰਾਵਾ ਸੁਰੱਖਿਅਤ ਨਹੀਂ ਹੈ, ਲਗਾਤਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਹੋ ਰਹੀਆਂ ਨੇ, ਬੰਦੀ ਸਿੰਘਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ, ਭਾਈ ਅੰਮ੍ਰਿਤਪਾਲ ਸਿੰਘ ਅਤੇ ਸਾਥੀਆਂ ਨੂੰ ਸਰਕਾਰ ਨੇ ਐਨ ਐਨ ਏ ਲਾ ਕੇ ਜੇਲ੍ਹ ਵਿੱਚ ਨਜ਼ਰਬੰਦ ਕੀਤਾ ਹੋਇਆ ਹੈ। ਇਸੇ ਤਰ੍ਹਾਂ ਪਾਕਿਸਤਾਨ 'ਚ ਭਾਈ ਪਰਮਜੀਤ ਸਿੰਘ ਪੰਜਵੜ ਅਤੇ ਕੈਨੇਡਾ 'ਚ ਭਾਈ ਹਰਦੀਪ ਸਿੰਘ ਨਿੱਝਰ ਦਾ ਕਤਲ ਭਾਰਤ ਦੀਆਂ ਖ਼ੁਫ਼ੀਆ ਏਜੰਸੀਆਂ ਨੇ ਕੀਤਾ ਹੈ ਤੇ ਭਾਈ ਅਵਤਾਰ ਸਿੰਘ ਖੰਡੇ ਦੀ ਮੌਤ ਵੀ ਸ਼ੱਕ ਦੇ ਘੇਰੇ ਵਿੱਚ ਹੈ। ਕੇਂਦਰ ਅਤੇ ਸੂਬਾ ਸਰਕਾਰ ਪੰਥ ਅਤੇ ਪੰਜਾਬ ਹਿਤੈਸ਼ੀ ਨਹੀਂ ਹੈ, ਸਿੱਖਾਂ ਉੱਤੇ ਜਬਰ-ਜ਼ੁਲਮ ਜਾਰੀ ਹੈ। ਹਿੰਦੂ ਹਾਕਮਾਂ ਨੇ ਸਿੱਖਾਂ ਨਾਲ ਅਕ੍ਰਿਤਘਣਤਾ ਕੀਤੀ ਹੈ, ਉਹ ਵਾਅਦੇ ਕਰਕੇ ਮੁੱਕਰ ਜਾਂਦੇ ਰਹੇ ਤੇ ਸਿੱਖ ਸੰਤਾਪ ਭੋਗਦੇ ਰਹੇ।

ਪੰਥਕ ਆਗੂਆਂ ਨੇ ਕਿਹਾ ਕਿ 68 ਸਾਲ ਪਹਿਲਾਂ ਭਾਰਤੀ ਹਕੂਮਤ ਵੱਲੋਂ ਸ੍ਰੀ ਦਰਬਾਰ ਸਾਹਿਬ 'ਤੇ ਕੀਤੇ ਇਸ ਕਹਿਰਵਾਨ ਹਮਲੇ ਬਾਰੇ ਹਰੇਕ ਸਿੱਖ ਪੂਰੀ ਤਰ੍ਹਾਂ ਜਾਣੂ ਹੋਣਾ ਚਾਹੀਦਾ ਹੈ ਤੇ ਸਿੱਖਾਂ ਨੂੰ ਅਹਿਸਾਸ ਹੋਣਾ ਚਾਹੀਦਾ ਹੈ ਉਹ ਭਾਰਤ ਵਿੱਚ ਆਜ਼ਾਦ ਨਹੀਂ, ਗੁਲਾਮ ਹਨ। ਉਹਨਾਂ ਕਿਹਾ ਕਿ ਭਾਰਤੀ ਹਕੂਮਤ ਨੇ ਤਾਂ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰੇ 'ਤੇ ਵੀ ਪਾਬੰਦੀ ਲਗਾ ਦਿੱਤੀ ਜਿਸ ਨੂੰ ਹਟਾਉਣ ਲਈ ਸਿੱਖਾਂ ਵਲੋਂ ਸ੍ਰੀ ਦਰਬਾਰ ਸਾਹਿਬ ਤੋਂ ਮੋਰਚਾ ਲਾਇਆ ਗਿਆ ਸੀ। ਭਾਰਤ ਸਰਕਾਰ ਇਸ ਮੋਰਚੇ ਨੂੰ ਉੱਕਾ ਹੀ ਸਹਿਣ ਕਰਕੇ ਰਾਜ਼ੀ ਨਹੀਂ ਸੀ ਤੇ ਦਰਬਾਰ ਸਾਹਿਬ ਜੀ 'ਤੇ ਹਮਲਾ ਕਰ ਦਿੱਤਾ ਗਿਆ। ਇਸ ਹਮਲੇ ਵਿੱਚ ਸਿੱਖ ਸੰਗਤਾਂ 'ਤੇ ਅੰਨ੍ਹੇਵਾਹ ਲਾਠੀਚਾਰਜ ਕੀਤਾ ਗਿਆ, ਗੋਲ ?ਆਂ ਚਲਾਈਆਂ ਗਈਆਂ ਅਤੇ ਹੰਝੂ ਗੈਸ ਦੇ ਗੋਲੇ ਛੱਡੇ ਗਏ। ਜਿਸ ਦੌਰਾਨ ਸੈਂਕੜਿਆਂ ਦੀ ਗਿਣਤੀ ਵਿੱਚ ਸਿੱਖ ਜ਼ਖਮੀਂ ਹੋਏ ਅਤੇ ਕਈ ਸਿੰਘ ਸ਼ਹੀਦ ਹੋ ਗਏ। ਉਹਨਾਂ ਕਿਹਾ ਕਿ ਇਹਨਾਂ ਹਮਲਿਆਂ ਤੋਂ ਨਿਜ਼ਾਤ ਪਾਉਣ ਲਈ ਸਿੱਖਾਂ ਨੂੰ ਸੰਘਰਸ਼ਸ਼ੀਲ ਹੋਣਾ ਚਾਹੀਦਾ ਹੈ ਤੇ ਖ਼ਾਲਿਸਤਾਨ ਦੀ ਪ੍ਰਾਪਤੀ ਤੋਂ ਬਿਨਾਂ ਦੂਜਾ ਹੋਰ ਕੋਈ ਰਾਹ ਨਹੀਂ ਹੈ। ਇਸ ਮੌਕੇ ਰਣਵੀਰ ਸਿੰਘ ਬੈਂਸਤਾਨੀ, ਗਗਨਦੀਪ ਸਿੰਘ ਸੁਲਤਾਨਵਿੰਡ, ਕਰਨੈਲ ਸਿੰਘ ਘੋੜੇਬਾਹਾ, ਗੁਰਬਚਨ ਸਿੰਘ ਨਲੋਆ, ਜਸਪ੍ਰੀਤ ਸਿੰਘ, ਵਰਿੰਦਰ ਸਿੰਘ ਕੰਧਾਲਾ, ਸੁਖਵਿੰਦਰ ਸਿੰਘ ਨਿਜ਼ਾਮਪੁਰ, ਹਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

## ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਮੋਗਾ ਅਦਾਲਤ 'ਚ ਪੇਸ਼ੀ

# 17 ਜੁਲਾਈ ਤੱਕ ਜੁਡੀਸ਼ੀਅਲ ਰਿਮਾਂਡ 'ਤੇ ਬਠਿੰਡਾ ਜੇਲ੍ਹ ਭੇਜਿਆ

ਮੋਗਾ: ਗੈਂਗਸਟਰ ਲਾਰੈਂਸ ਬਿਸ਼ਨੋਈ ਨੂੰ ਮੋਗਾ ਦੀ ਅਦਾਲਤ 'ਚ ਪੇਸ਼ ਕੀਤਾ ਗਿਆ। ਧਾਰਾ 307 ਤਹਿਤ ਚੱਲ ਰਹੇ ਇੱਕ ਕੇਸ ਵਿੱਚ ਮੋਗਾ ਪੁਲਿਸ ਭਾਰੀ ਸੁਰੱਖਿਆ ਵਿੱਚ ਬਿਸ਼ਨੋਈ ਨੂੰ ਬਠਿੰਡਾ ਜੇਲ੍ਹ 'ਚੋਂ ਲੈ ਕੇ ਮੋਗਾ ਅਦਾਲਤ ਵਿੱਚ ਪਹੁੰਚੀ। ਚਾਰਜ ਫਰੇਸ ਕਰਨ ਤੋਂ ਬਾਅਦ ਅਦਾਲਤ ਨੇ ਲਾਰੈਂਸ ਬਿਸ਼ਨੋਈ ਨੂੰ 17 ਜੁਲਾਈ ਤੱਕ ਜੁਡੀਸ਼ੀਅਲ ਰਿਮਾਂਡ 'ਤੇ ਬਠਿੰਡਾ ਜੇਲ੍ਹ ਭੇਜ ਦਿੱਤਾ ਹੈ। ਤੁਹਾਨੂੰ ਦੱਸ ਦਈਏ ਕਿ 1 ਦਸੰਬਰ 2021 ਨੂੰ ਜੋਧਾ ਅਤੇ ਮੋਨੂੰ ਡਾਗਰ ਨੂੰ ਗੈਂਗਸਟਰ ਗੋਲਡੀ ਬਰਾੜ ਨੇ ਮੋਗਾ ਦੇ ਡਿਪਟੀ ਮੇਅਰ ਦੇ ਭਰਾ ਜਤਿੰਦਰ ਧਮੀਜਾ ਨੂੰ ਗੋਲੀ ਮਾਰਨ ਲਈ ਭੇਜਿਆ ਸੀ। ਗਲਤੀ ਨਾਲ ਦੋਸ਼ੀ ਨੇ ਜਿਤੇਂਦਰ ਧਮੀਜਾ ਨੂੰ ਮਾਰਨ ਦੀ ਬਜਾਏ ਉਸ ਦੇ ਭਰਾ ਸੁਨੀਲ ਧਮੀਜਾ ਤੇ ਉਸ ਦੇ ਬੇਟੇ ਪ੍ਰਥਮ 'ਤੇ ਹਮਲਾ ਕਰ ਦਿੱਤਾ। ਪਿਸਤੌਲ ਲਾਕ ਹੋ ਜਾਣ ਕਾਰਨ ਮੋਨੂੰ ਗੋਲੀ ਨਹੀਂ ਚਲਾ ਸਕਿਆ, ਜਿਸ ਦੌਰਾਨ ਜੋਧਾ ਨੇ ਪ੍ਰਥਮ ਦੀ ਲੱਤ 'ਤੇ ਗੋਲੀ ਮਾਰ ਦਿੱਤੀ। ਦੂਜੇ ਪਾਸੇ ਸੁਨੀਲ ਨੇ ਜ਼ਖਮੀ ਹੋਣ ਦੇ ਬਾਵਜੂਦ ਮੋਨੂੰ ਡਾਗਰ ਨੂੰ ਫੜ ਕੇ ਪੁਲਿਸ ਹਵਾਲੇ ਕਰ ਦਿੱਤਾ। ਹਾਲਾਂਕਿ ਜੋਧਾ ਇਸ ਦੌਰਾਨ ਭੱਜਣ ਵਿੱਚ ਕਾਮਯਾਬ ਹੋ ਗਿਆ। ਦੋਵੇਂ ਹਮਲਾਵਰ ਲਾਰੈਂਸ ਬਿਸ਼ਨੋਈ ਗਰੁੱਪ ਨਾਲ ਸਬੰਧਤ ਸਨ।



ਇਸ ਮਾਮਲੇ ਵਿੱਚ ਮੋਗਾ ਪੁਲਿਸ ਨੇ ਜੋਧਾ ਅਤੇ ਮੋਨੂੰ ਡਾਗਰ ਖ਼ਿਲਾਫ਼ ਕੇਸ ਦਰਜ ਕੀਤਾ ਸੀ। ਇਸੇ ਕੇਸ ਵਿੱਚ ਲਾਰੈਂਸ ਬਿਸ਼ਨੋਈ ਦਾ ਨਾਂ ਵੀ ਦਰਜ ਕੀਤਾ ਗਿਆ ਸੀ। ਇਸ ਮਾਮਲੇ 'ਚ ਸ਼ਨੀਵਾਰ ਨੂੰ ਗੈਂਗਸਟਰ ਲਾਰੈਂਸ ਬਿਸ਼ਨੋਈ ਨੂੰ ਅਦਾਲਤ 'ਚ ਪੇਸ਼ ਕੀਤਾ ਗਿਆ।

ਮੋਗਾ ਦੀ ਅਦਾਲਤ 'ਚ ਹੋਈ ਇਸ ਪੇਸ਼ੀ ਨੂੰ ਲੈ ਕੇ ਮੋਗਾ ਦੇ ਐਸਐਸਪੀ ਨੇ ਦੱਸਿਆ ਕਿ ਸ਼ਨੀਵਾਰ ਨੂੰ ਬਿਸ਼ਨੋਈ ਨੂੰ ਬਠਿੰਡਾ ਜੇਲ੍ਹ ਤੋਂ ਲਿਆ ਕੇ ਮੋਗਾ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਇਸ ਮਾਮਲੇ ਵਿੱਚ ਲਾਰੈਂਸ ਦੇ ਸਾਥੀ ਮੋਨੂੰ ਡਾਗਰ ਅਤੇ ਇੱਕ ਸਾਥੀ ਨੂੰ ਪੇਸ਼ ਕੀਤਾ ਜਾਵੇਗਾ।

# ਲਾਰੈਂਸ ਬਿਸ਼ਨੋਈ ਸਮੇਤ ਹੋਰ ਖ਼ਤਰਨਾਕ ਗੈਂਗਸਟਰਾਂ ਨੂੰ 'ਕਾਲਾ ਪਾਣੀ' ਭੇਜਣ ਦੀ ਤਿਆਰੀ!

ਨਵੀਂ ਦਿੱਲੀ : ਉੱਤਰੀ ਭਾਰਤ ਦੀਆਂ ਜੇਲ੍ਹਾਂ 'ਚ ਬੰਦ 10 ਤੋਂ 12 ਗੈਂਗਸਟਰਾਂ ਨੂੰ ਅੰਡੇਮਾਨ ਨਿਕੋਬਾਰ ਜੇਲ੍ਹ 'ਚ ਸ਼ਿਫਟ ਕਰਨ ਦੀ ਤਿਆਰੀ ਹੋ ਰਹੀ ਹੈ। ਸੂਤਰਾਂ ਅਨੁਸਾਰ ਕੌਮੀ ਜਾਂਚ ਏਜੰਸੀ (ਐੱਨ.ਆਈ.ਏ.) ਨੇ ਗ੍ਰਹਿ ਮੰਤਰਾਲੇ ਨੂੰ ਪੱਤਰ ਲਿਖਿਆ ਹੈ, ਜਿਸ ਵਿਚ ਦਿੱਲੀ ਸਮੇਤ ਪੰਜਾਬ ਅਤੇ ਹਰਿਆਣਾ ਦੀਆਂ ਜੇਲ੍ਹਾਂ ਵਿਚ ਬੰਦ ਅਪਰਾਧੀਆਂ ਨੂੰ ਅੰਡੇਮਾਨ ਦੀਆਂ ਜੇਲ੍ਹਾਂ 'ਚ ਭੇਜਣ ਦੀ ਸਿਫ਼ਾਰਿਸ਼ ਕੀਤੀ ਹੈ। ਸੂਤਰਾਂ ਅਨੁਸਾਰ ਐੱਨ.ਆਈ.ਏ. ਗੈਂਗਸਟਰਾਂ ਨੂੰ ਆਸਾਮ ਦੀ ਡਿਬਰੂਗੜ੍ਹ ਕੇਂਦਰੀ ਜੇਲ੍ਹ ਵਿਚ ਤਬਦੀਲ ਕਰਨ ਦੇ ਬਦਲ 'ਤੇ ਵੀ ਵਿਚਾਰ ਕਰ ਰਹੀ ਹੈ, ਜਿੱਥੇ ਇਸ ਵੇਲੇ 'ਵਾਰਿਸ ਪੰਜਾਬ ਦੇ' ਦੇ ਮੁਖੀ ਅੰਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਸਹਿਯੋਗੀ ਬੰਦ ਹਨ।

ਪਿਛਲੇ ਕੁਝ ਮਹੀਨਿਆਂ 'ਚ ਜੇਲ੍ਹ ਦੇ ਅੰਦਰ ਹੀ ਗੈਂਗਵਾਰ ਅਤੇ ਗੈਂਗਸਟਰਾਂ 'ਤੇ ਹੋਏ ਹਮਲੇ ਤੋਂ ਬਾਅਦ NIA ਇਸ ਕਦਮ 'ਤੇ ਵਿਚਾਰ ਕਰ ਰਹੀ ਹੈ। ਇਸੇ ਲਈ ਏਜੰਸੀ ਨੇ ਖ਼ਤਰਨਾਕ ਗੈਂਗਸਟਰਾਂ ਨੂੰ ਸ਼ਿਫਟ ਕਰਨ ਲਈ ਕੇਂਦਰ ਨੂੰ ਪੱਤਰ ਲਿਖਿਆ ਹੈ। ਗ੍ਰਹਿ ਮੰਤਰਾਲੇ ਦੇ ਸੂਤਰਾਂ ਅਨੁਸਾਰ ਸ਼ੁਰੂਆਤੀ ਪ੍ਰਸਤਾਵ ਗੈਂਗਸਟਰਾਂ ਨੂੰ ਦੱਖਣੀ ਭਾਰਤ ਦੀਆਂ ਜੇਲ੍ਹਾਂ ਵਿਚ ਤਬਦੀਲ ਕਰਨ ਦਾ ਸੀ ਪਰ ਇਹ ਇਕ ਲੰਬੀ ਪ੍ਰਕਿਰਿਆ ਹੋਵੇਗੀ ਕਿਉਂਕਿ ਸੂਬਾ ਸਰਕਾਰਾਂ ਤੋਂ ਇਜਾਜ਼ਤ ਲੈਣੀ ਪਵੇਗੀ।




ਸੂਤਰ ਨੇ ਕਿਹਾ, "ਕਿਉਂਕਿ ਅੰਡੇਮਾਨ ਅਤੇ ਨਿਕੋਬਾਰ ਟਾਪੂ ਇਕ ਕੇਂਦਰ ਸ਼ਾਸਿਤ ਪ੍ਰਦੇਸ਼ ਹੈ ਅਤੇ ਇਸ ਦਾ ਪ੍ਰਸ਼ਾਸਨ ਗ੍ਰਹਿ ਮੰਤਰਾਲੇ ਦੇ ਅਧੀਨ ਆਉਂਦਾ ਹੈ, ਇਸ ਲਈ ਪ੍ਰਕਿਰਿਆ 'ਚ ਘੱਟ ਸਮਾਂ ਲੱਗੇਗਾ। ਏਜੰਸੀ ਫਿਲਹਾਲ ਕਾਨੂੰਨੀ ਰਾਏ ਵੀ ਲੈ ਰਹੀ ਹੈ। ਐੱਨ.ਆਈ.ਏ. ਅਤੇ ਗ੍ਰਹਿ ਮੰਤਰਾਲੇ ਦੇ ਉੱਚ ਅਧਿਕਾਰੀਆਂ ਨੇ ਸੰਵੇਦਨਸ਼ੀਲ ਕੈਦੀਆਂ ਦੇ ਤਬਾਦਲੇ ਨੂੰ ਲੈ ਕੇ ਅਹਿਮ ਮੀਟਿੰਗ ਕੀਤੀ ਹੈ।

**ਸੂਚੀ 'ਚ ਇਹ ਗੈਂਗਸਟਰ ਵੀ :** ਗ੍ਰਹਿ ਮੰਤਰਾਲੇ ਨੂੰ ਲਿਖੇ ਪੱਤਰ ਵਿਚ ਐੱਨ.ਆਈ.ਏ. ਨੇ ਉੱਤਰੀ ਭਾਰਤ ਦੀਆਂ ਜੇਲ੍ਹਾਂ 'ਚੋਂ ਘੱਟੋ-ਘੱਟ 25 ਗੈਂਗਸਟਰਾਂ ਨੂੰ ਦੱਖਣੀ ਸੂਬਿਆਂ ਵਿਚ ਤਬਦੀਲ ਕਰਨ ਦੀ ਮੰਗ ਕੀਤੀ ਸੀ। ਇਸ ਸੂਚੀ 'ਚ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦਾ ਮੁੱਖ ਮੁਲਜ਼ਮ ਲਾਰੈਂਸ ਬਿਸ਼ਨੋਈ ਵੀ ਸ਼ਾਮਲ ਹੈ। ਲਾਰੈਂਸ ਬਿਸ਼ਨੋਈ ਤੋਂ ਇਲਾਵਾ ਜਿਨ੍ਹਾਂ ਮੁੱਖ ਗੈਂਗਸਟਰਾਂ 'ਤੇ ਨਜ਼ਰ ਹੈ, ਉਹ ਹਨ ਹਾਕਿਮ ਬਾਬਾ ਛੇਨੂ, ਕੌਸ਼ਲ ਚੌਧਰੀ, ਅਮਰੀਕ, ਜੋ ਦਿੱਲੀ, ਪੰਜਾਬ ਅਤੇ ਹਰਿਆਣਾ ਦੀਆਂ ਜੇਲ੍ਹਾਂ 'ਚ ਬੰਦ ਹਨ। ਦਿੱਲੀ, ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੇ ਤਕਰੀਬਨ 150 ਅਪਰਾਧੀਆਂ ਦੀ ਸੂਚੀ ਤਿਆਰ ਕੀਤੀ ਜਾ ਰਹੀ ਹੈ, ਜਿਨ੍ਹਾਂ ਨੂੰ ਸੁਰੱਖਿਆ ਦੇ ਮੱਦੇਨਜ਼ਰ ਦੂਰ-ਦੁਰਾਡੇ ਦੀਆਂ ਜੇਲ੍ਹਾਂ ਵਿਚ ਤਬਦੀਲ ਕੀਤਾ ਜਾਵੇਗਾ। 2018 ਅਤੇ 2019 ਵਿੱਚ ਵੀ ਜੰਮੂ ਦੀ ਕਠੂਆ ਜੇਲ੍ਹ ਅਤੇ ਸ੍ਰੀਨਗਰ ਜੇਲ੍ਹ ਤੋਂ ਕੈਦੀਆਂ ਨੂੰ ਦਿੱਲੀ ਤੇ ਪੰਜਾਬ ਦੀਆਂ ਜੇਲ੍ਹਾਂ ਵਿਚ ਲਿਆਂਦਾ ਗਿਆ ਸੀ, NIA ਅਤੇ ਮੰਤਰਾਲੇ ਦੇ ਅਧਿਕਾਰੀ ਇਸ ਪ੍ਰਕਿਰਿਆ ਦੀ ਵੀ ਸਮੀਖਿਆ ਕਰ ਰਹੇ ਹਨ।

# ਵਿਜੀਲੈਂਸ ਨੇ ਸਾਬਕਾ ਮੰਤਰੀ ਬ੍ਰਹਮ ਮਹਿੰਦਰਾ ਦੇ ਫਾਰਮ ਹਾਊਸ ਦੀ ਪੈਮਾਇਸ਼ ਕੀਤੀ

ਮੁਹਾਲੀ : ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਦੌਰਾਨ ਕੈਬਨਿਟ ਮੰਤਰੀ ਰਹੇ ਬ੍ਰਹਮ ਮਹਿੰਦਰਾ ਦੇ ਮੁਹਾਲੀ ਨੇੜਲੇ ਫਾਰਮ ਹਾਊਸ 'ਤੇ ਅੱਜ ਵਿਜੀਲੈਂਸ ਬਿਊਰੋ ਦੀ ਵਿਸ਼ੇਸ਼ ਜਾਂਚ ਟੀਮ ਨੇ ਦਸਤਕ ਦਿੱਤੀ। ਸ੍ਰੀ ਮਹਿੰਦਰਾ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ। ਇਸ ਮਾਮਲੇ ਵਿੱਚ ਅੱਜ ਵਿਜੀਲੈਂਸ ਦੀ ਤਕਨੀਕੀ ਟੀਮ ਨੇ ਮੁਹਾਲੀ ਨੇੜੇ ਮਾਜਰਾ ਫਾਰਮ ਹਾਊਸ ਦੀ ਪੈਮਾਇਸ਼ ਕੀਤੀ। ਜ਼ਿਕਰਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੇ ਖੇਤ ਤੋਂ ਕਰੀਬ 5 ਕਿਲੋਮੀਟਰ ਦੂਰੀ 'ਤੇ ਇਹ ਫਾਰਮ ਹਾਊਸ ਹੈ। ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਵਿਜੀਲੈਂਸ ਬਿਊਰੋ ਵੱਲੋਂ ਕਾਂਗਰਸ ਸਰਕਾਰ ਦੌਰਾਨ ਕੈਬਨਿਟ ਮੰਤਰੀ ਰਹੇ ਕਈ ਸਾਬਕਾ ਮੰਤਰੀਆਂ ਵਿਰੁੱਧ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ਾਂ ਸਬੰਧੀ ਜਾਂਚ ਕੀਤੀ ਜਾ ਰਹੀ ਹੈ।



# Valley Real Estate Center



1. ਟੈਕਸਸ (Texas) ਮਸੂਰੀ (Missouri) ਵਿਚ ਸਾਡੇ ਕੋਲ ਦੋ ਟਰੱਕ ਸਟਾਫ ਬਹੁਤ ਹੀ ਵਧੀਆ ਆਮਦਨ ਵਾਲੇ ਸੇਲ ਉਪਰ ਹਨ।
2. ਸਟਾਕਟਨ (Stockton) ਕੈਲੀਫੋਰਨੀਆ ਵਿਚ 3 ਏਕੜ ਦਾ ਟਰੱਕ ਯਾਰਡ (Truck Yard) ਸੇਲ 'ਤੇ ਹੈ।
3. ਸਾਡੇ ਕੋਲ ਮਨਟੀਕਾ ਕੈਲੇਫੋਰਨੀਆ ਵਿਚ ਪੰਜ ਡੁਪਲੈਕਸ (Duplex) ਸੇਲ ਉਪਰ ਹਨ।



**ਹੋਰ ਜਾਣਕਾਰੀ ਲਈ ਸੰਪਰਕ ਕਰੋ**

Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਪ੍ਰਧਾਨ ਮੰਤਰੀ ਮੋਦੀ ਦੀ ਪ੍ਰਧਾਨਗੀ 'ਚ ਮੰਤਰੀ ਮੰਡਲ ਦੀ ਬੈਠਕ



ਨਵੀਂ ਦਿੱਲੀ : ਕੇਂਦਰੀ ਮੰਤਰੀ ਮੰਡਲ 'ਚ ਫੇਰਬਦਲ ਦੀਆਂ ਅਟਕਲਾਂ ਵਿਚਾਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਮਵਾਰ ਨੂੰ ਇੱਥੇ ਮੰਤਰੀ ਮੰਡਲ ਦੀ ਬੈਠਕ ਦੀ ਪ੍ਰਧਾਨਗੀ ਕੀਤੀ। ਪੀ. ਐੱਮ. ਨੇ ਕਿਹਾ ਕਿ ਉਨ੍ਹਾਂ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਬੀਤੇ 9 ਸਾਲਾਂ 'ਚ ਵਿਕਾਸ ਦੇ ਕਈ ਕਾਰਜ ਕੀਤੇ ਹਨ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ, ਰਾਜਧਾਨੀ ਸਥਿਤ ਪ੍ਰਗਤੀ ਮੈਦਾਨ ਦੇ ਨਵੇਂ ਬਣੇ ਕਾਨਫਰੰਸ ਰੂਮ 'ਚ ਹੋਈ ਇਸ ਬੈਠਕ 'ਚ ਪ੍ਰਧਾਨ ਮੰਤਰੀ ਨੇ ਆਪਣੇ ਮੰਤਰੀ ਮੰਡਲ ਦੇ ਮੈਂਬਰਾਂ ਨੂੰ ਅਗਲੇ 9 ਮਹੀਨਿਆਂ 'ਚ ਲੋਕਾਂ ਨੂੰ ਕੇਂਦਰ ਸਰਕਾਰ ਦੇ ਕੰਮਾਂ ਬਾਰੇ ਜਾਣਕਾਰੀ ਦੇਣ ਲਈ ਹਰ ਸੰਭਵ ਕੋਸ਼ਿਸ਼ ਕਰਨ ਲਈ ਕਿਹਾ।

ਸੂਤਰਾਂ ਨੇ ਦੱਸਿਆ ਕਿ ਬੈਠਕ 'ਚ 2047 ਤੱਕ ਬੁਨਿਆਦੀ ਢਾਂਚੇ ਤੋਂ ਲੈ ਕੇ ਬਜਟ ਦੇ ਆਕਾਰ ਤੱਕ ਕਈ ਖੇਤਰਾਂ 'ਚ ਭਾਰਤ ਦੀ ਸੰਭਾਵੀ ਵਿਕਾਸ ਯਾਤਰਾ 'ਤੇ ਇਕ ਪੇਸ਼ਕਾਰੀ ਵੀ ਦਿੱਤੀ ਗਈ। ਸਾਲ 2047 'ਚ ਭਾਰਤ ਆਪਣੀ ਆਜ਼ਾਦੀ ਦਾ ਸ਼ਤਾਬਦੀ ਸਾਲ ਮਨਾਏਗਾ। ਮੋਦੀ ਨੇ 2023 ਤੋਂ 2047 ਤੱਕ ਦੇ ਸਫ਼ਰ ਨੂੰ ਦੇਸ਼ ਲਈ 'ਅੰਮ੍ਰਿਤਕਾਲ' ਦੱਸਿਆ। ਕਰੀਬ ਸਾਢੇ 4 ਘੰਟੇ ਤੱਕ ਚੱਲੀ ਬੈਠਕ 'ਚ ਉਨ੍ਹਾਂ ਦੀ ਮਿਸਰ ਯਾਤਰਾ 'ਤੇ ਵੀ ਚਾਨਣਾ ਪਾਇਆ ਗਿਆ। ਬੈਠਕ ਤੋਂ ਬਾਅਦ ਪ੍ਰਧਾਨ ਮੰਤਰੀ ਨੇ ਇਕ ਟਵੀਟ 'ਚ ਕਿਹਾ,"ਮੰਤਰੀ ਮੰਡਲ ਨਾਲ ਇਕ ਸਾਰਥਕ ਬੈਠਕ, ਜਿੱਥੇ ਅਸੀਂ ਵੱਖ-ਵੱਖ ਨੀਤੀਗਤ ਮੁੱਦਿਆਂ 'ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ।" ਉਨ੍ਹਾਂ ਬੈਠਕ ਨਾਲ ਜੁੜੀਆਂ ਤਸਵੀਰਾਂ ਵੀ ਸਾਂਝੀਆਂ ਕੀਤੀਆਂ। ਬੈਠਕ 'ਚ ਪ੍ਰਧਾਨ ਮੰਤਰੀ ਤੋਂ ਇਲਾਵਾ ਗ੍ਰਹਿ ਮੰਤਰੀ ਅਮਿਤ ਸ਼ਾਹ, ਰਾਜਨਾਥ ਸਿੰਘ, ਨਿਤਿਨ ਗਡਕਰੀ, ਨਿਰਮਲਾ ਸੀਤਾਰਾਮਨ, ਪੀਊਸ਼ ਗੋਇਲ, ਸਮ੍ਰਿਤੀ ਈਰਾਨੀ, ਧਰਮਿੰਦਰ ਪ੍ਰਧਾਨ, ਐੱਸ. ਜੈਸ਼ੰਕਰ, ਨਰਿੰਦਰ ਸਿੰਘ ਤੋਮਰ ਸਮੇਤ ਕੈਬਨਿਟ ਦੇ ਸਾਰੇ ਮੰਤਰੀ ਮੌਜੂਦ ਸਨ। ਇਸ ਸਾਲ 'ਚ ਕੇਂਦਰੀ ਮੰਤਰੀ ਮੰਡਲ ਦੀ ਇਹ ਦੂਜੀ ਬੈਠਕ ਹੈ। ਪ੍ਰਧਾਨ ਮੰਤਰੀ ਮੋਦੀ ਨੇ ਅਜਿਹੀ ਹੀ ਇਕ ਬੈਠਕ ਜਨਵਰੀ 'ਚ ਆਮ ਬਜਟ ਪੇਸ਼ ਹੋਣ ਤੋਂ ਪਹਿਲਾਂ ਕੀਤੀ ਸੀ।

# ਮਹਾਰਾਸ਼ਟਰ 'ਚ 45 ਲੋਕ ਸਭਾ ਸੀਟਾਂ ਜਿੱਤਣਾ ਚਾਹੁੰਦੇ ਹਨ ਮੋਦੀ

ਨਵੀਂ ਦਿੱਲੀ : ਏਕਨਾਥ ਸ਼ਿੰਦੇ ਨੂੰ ਮਹਾਰਾਸ਼ਟਰ ਦਾ ਮੁੱਖ ਮੰਤਰੀ ਬਣਾਉਣ ਪਿੱਛੇ ਭਾਜਪਾ ਦੇ ਕਈ ਮੰਤਵਾਂ ਵਿੱਚੋਂ ਇੱਕ ਇਸ ਪ੍ਰਭਾਵ ਨੂੰ ਦੂਰ ਕਰਨਾ ਸੀ ਕਿ ਉਸ ਨੇ 2022 ਵਿੱਚ ਦੇਵੇਂਦਰ ਫੜਨਵੀਸ ਨੂੰ ਮੁੱਖ ਮੰਤਰੀ ਬਣਾਉਣ ਲਈ ਐੱਮ. ਵੀ. ਏ. ਸਰਕਾਰ ਨੂੰ ਅਸਥਿਰ ਕੀਤਾ ਸੀ। ਪਹਿਲਾ ਮੰਤਵ ਆਪਣੇ ਸਾਰੇ ਸਹਿਯੋਗੀਆਂ ਨੂੰ ਇਹ ਸੰਕੇਤ ਦੇਣਾ ਸੀ ਕਿ ਭਾਜਪਾ ਅਜਿਹਾ ਨਹੀਂ ਕਰਦੀ। ਉਹ 'ਇਕੱਲੇ ਚੱਲੋ' ਨੀਤੀ ਦੀ ਪਾਲਣਾ ਨਹੀਂ ਕਰਦੀ ਅਤੇ ਆਪਣੇ ਸਾਥੀਆਂ ਦੀ ਪਰਵਾਹ ਕਰਦੀ ਹੈ। ਭਾਜਪਾ ਆਪਣੇ ਸਹਿਯੋਗੀਆਂ ਦੇ ਘੱਟ ਗਿਣਤੀ ਦੇ ਹੋਣ ਦੇ ਬਾਵਜੂਦ ਉਨ੍ਹਾਂ ਦੇ ਲੋਕ ਆਧਾਰ ਨੂੰ ਨਿਗਲਣ ਵਿੱਚ ਯਕੀਨ ਨਹੀਂ ਰੱਖਦੀ।

ਇਹ ਨਿਤੀਸ਼ ਕੁਮਾਰ ਲਈ ਇੱਕ ਸੰਕੇਤ ਸੀ ਕਿ ਭਾਜਪਾ ਨੇ ਉਨ੍ਹਾਂ ਨੂੰ ਬਿਹਾਰ ਦਾ ਮੁੱਖ ਮੰਤਰੀ ਬਣਾਈ ਰੱਖਣ ਦੀ ਹਰ ਸੰਭਵ ਕੋਸ਼ਿਸ਼ ਕੀਤੀ। ਇਹ ਵੱਖਰੀ ਗੱਲ ਹੈ ਕਿ ਨਿਤੀਸ਼ ਐੱਨ. ਡੀ. ਏ. ਤੋਂ ਬਾਹਰ ਚਲੇ ਗਏ।

ਭਾਜਪਾ 2024 ਦੀਆਂ ਲੋਕ ਸਭਾ ਚੋਣਾਂ ਤੱਕ ਸ਼ਾਂਤੀ ਬਣਾਈ ਰੱਖਣਾ ਚਾਹੁੰਦੀ ਹੈ । ਉਹ ਸਾਰੇ ਵਿਵਾਦਪੂਰਨ ਮੁੱਦਿਆਂ ਨੂੰ ਛੱਡ ਰਹੀ ਹੈ ਕਿਉਂਕਿ ਮੋਦੀ ਦੇ ਮਨ ਵਿਚ ਮਿਸ਼ਨ-2024 ਹੈ। ਤੀਜਾ ਅਤੇ ਸਭ ਤੋਂ ਅਹਿਮ ਮੰਤਵ ਇਹ ਹੈ ਕਿ ਮੋਦੀ ਮਹਾਰਾਸ਼ਟਰ ਦੀਆਂ 48 ਲੋਕ ਸਭਾ ਸੀਟਾਂ ਵਿੱਚੋਂ ਐੱਨ. ਡੀ. ਏ. ਲਈ 45 ਸੀਟਾਂ ਚਾਹੁੰਦੇ ਹਨ।

2 ਸਾਲ ਪਹਿਲਾਂ ਮਹਾਰਾਸ਼ਟਰ ਵਿੱਚ ਐੱਨ. ਸੀ. ਪੀ. 'ਚ ਫੁੱਟ ਪੈਣ ਪਿੱਛੋਂ ਅਜੀਤ ਪਵਾਰ ਪਹਿਲਾਂ ਭਾਜਪਾ ਵਿੱਚ ਸ਼ਾਮਲ ਹੋਏ ਸਨ ਪਰ 3 ਦਿਨਾਂ ਅੰਦਰ ਹੀ ਵਾਪਸ ਆ ਗਏ ਸਨ। ਉਦੋਂ ਦੇਵੇਂਦਰ ਫੜਨਵੀਸ 'ਜੂਨੀਅਰ ਪਵਾਰ' 'ਤੇ ਕੰਮ ਕਰ ਰਹੇ ਸਨ । ਅੰਤ ਵਿੱਚ ਅਜੀਤ ਪਵਾਰ ਆਪਣੇ ਵਿਧਾਇਕਾਂ ਨਾਲ ਦੁਬਾਰਾ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ।



ਭਾਜਪਾ-ਸ਼ਿਵ ਸੈਨਾ ਗਠਜੋੜ ਦੇ ਪਿਛਲੀ ਵਾਰ 42 ਸੰਸਦ ਮੈਂਬਰ ਜਿੱਤੇ ਸਨ । ਹੁਣ ਪ੍ਰਧਾਨ ਮੰਤਰੀ ਜੋ ਸੂਬੇ ਦੀਆਂ ਸਾਰੀਆਂ 48 ਸੀਟਾਂ ਨਹੀਂ ਤਾਂ ਘੱਟੋ-ਘੱਟ 3 ਹੋਰ ਭਾਵ 45 ਸੀਟਾਂ ਜ਼ਰੂਰ ਚਾਹੁੰਦੇ ਹਨ।

ਚੌਥਾ ਮੰਤਵ : ਊਧਵ ਦੀ 'ਸੈਨਾ' ਨੂੰ ਬੀ. ਐੱਮ. ਸੀ. 'ਚੋਂ ਕੱਢਣਾ ਬਹੁਤ ਸਪੱਸ਼ਟ ਹੈ। ਊਧਵ ਠਾਕਰੇ ਦੀ ਅਗਵਾਈ ਵਾਲੀ ਸ਼ਿਵ ਸੈਨਾ ਨੇ ਕਿਉਂਕਿ ਭਾਜਪਾ ਨਾਲੋਂ ਗਠਜੋੜ ਤੋੜ ਲਿਆ ਸੀ, ਇਸ ਲਈ ਪਾਰਟੀ ਉਨ੍ਹਾਂ 23 ਲੋਕ ਸਭਾ ਸੀਟਾਂ ਨੂੰ ਜਿੱਤਣ ਬਾਰੇ ਚਿੰਤਤ ਸੀ ਜੋ ਉਸ ਨੇ ਗੱਠਜੋੜ 'ਚ ਰਹਿੰਦਿਆਂ ਜਿੱਤੀਆਂ ਸਨ। ਸ਼ਿਵ ਸੈਨਾ ਨੂੰ ਉਦੋਂ 19 ਸੀਟਾਂ ਮਿਲੀਆਂ ਸਨ। ਡਰਾਈਵਰ ਦੀ ਸੀਟ 'ਤੇ ਸ਼ਿੰਦੇ ਅਤੇ ਉਨ੍ਹਾਂ ਦੇ ਪਿੱਛੇ ਅਜੀਤ ਪਵਾਰ ਨਾਲ ਭਾਜਪਾ ਹੁਣ 5 ਸੂਬਿਆਂ ਜਾਂ ਬੀ. ਐੱਮ. ਸੀ. ਦੀਆਂ ਚੋਣਾਂ ਲੜ ਸਕਦੀ ਹੈ। ਇਸ ਲਈ ਭਾਜਪਾ ਸਹਿਯੋਗੀਆਂ ਨੂੰ ਖੁਸ਼ ਰੱਖਣਾ ਚਾਹੁੰਦੀ ਹੈ ਅਤੇ ਉਨ੍ਹਾਂ ਨਾਲ ਰਹਿਣਾ ਚਾਹੁੰਦੀ ਹੈ।

ਭਾਜਪਾ ਨੇ ਰਾਹੁਲ ਨਾਰਵੇਕਰ ਨੂੰ ਮਹਾਰਾਸ਼ਟਰ ਵਿਧਾਨ ਸਭਾ ਦਾ ਸਪੀਕਰ ਇਸੇ ਲਈ ਨਿਯੁਕਤ ਕੀਤਾ ਹੈ ਤਾਂ ਜੋ ਦੂਜੀਆਂ ਪਾਰਟੀਆਂ ਦੇ ਆਗੂਆਂ ਨੂੰ ਇਹ ਸੰਕੇਤ ਦਿੱਤਾ ਜਾ ਸਕੇ ਕਿ ਭਾਜਪਾ ਦਲ-ਬਦਲੂਆਂ ਨੂੰ ਸਨਮਾਨਜਨਕ ਅਹੁਦੇ ਦਿੰਦੀ ਹੈ।

ਇਹ ਐੱਮ. ਵੀ. ਏ ਤੇ ਹੋਰ ਵਿਧਾਇਕਾਂ ਲਈ ਵੀ ਸੰਕੇਤ ਹੈ ਕਿ ਜੇ ਉਹ ਊਧਵ ਨੂੰ ਇਕੱਲੇ ਛੱਡ ਦਿੰਦੇ ਹਨ ਤਾਂ ਉਨ੍ਹਾਂ ਨੂੰ ਵੀ ਢੁਕਵਾਂ ਸਨਮਾਨ ਮਿਲ ਸਕਦਾ ਹੈ।

ਭਾਜਪਾ ਨੇ ਹਰਿਆਣਾ ਵਿੱਚ ਆਪਣੀ ਸਹਿਯੋਗੀ ਜੇ.ਜੇ.ਪੀ. ਦੇ ਉਪ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਨੂੰ ਕਾਫੀ ਤਾਕਤ ਦਿੱਤੀ ਹੋਈ ਹੈ। ਆਸਾਮ ਦੇ ਮੁੱਖ ਮੰਤਰੀ ਹੇਮੰਤ ਬਿਸਵਾ ਸਰਮਾ ਵੀ ਮੂਲ ਰੂਪ ਵਿੱਚ ਕਾਂਗਰਸ ਤੋਂ ਹੀ ਆਏ ਹਨ । ਉੱਤਰੀ-ਪੂਰਬੀ ਸੂਬਿਆਂ ਵਿੱਚ ਬਹੁਤ ਸਾਰੇ ਆਗੂ ਵੀ ਕਾਂਗਰਸ ਦੇ ਹੀ ਹਨ ਜਿਨ੍ਹਾਂ ਨੂੰ ਪੂਰਾ ਸਨਮਾਨ ਅਤੇ ਅਧਿਕਾਰ ਦਿੱਤਾ ਗਿਆ ਹੈ।

# ਇਰਾਕ ਵਿੱਚ 'ਬੰਦੀ' ਬਣਾ ਕੇ ਰੱਖੀ ਪੰਜਾਬੀ ਔਰਤ ਘਰ ਪਰਤੀ

## *ਠੱਗ ਟਰੈਵਲ ਏਜੰਟਾਂ ਖ਼ਿਲਾਫ਼ ਸਖ਼ਤ ਕਾਰਵਾਈ ਹੋਵੇਗੀ: ਧਾਲੀਵਾਲ*

ਅੰਮ੍ਰਿਤਸਰ : ਇੱਥੋਂ ਧੋਖੇ ਨਾਲ ਠੱਗ ਟਰੈਵਲ ਏਜੰਟ ਵੱਲੋਂ 10 ਮਹੀਨੇ ਪਹਿਲਾਂ ਇਰਾਕ ਭੇਜੀ ਗਈ ਪੰਜਾਬੀ ਔਰਤ, ਜੋ ਉੱਥੇ ਗੁਲਾਮ ਬਣਾ ਕੇ ਰੱਖੀ ਗਈ ਸੀ, ਅੱਜ ਇੱਥੇ ਗੁਰੂ ਰਾਮਦਾਸ ਕੌਮਾਂਤਰੀ ਹਵਾਈ ਅੱਡੇ 'ਤੇ ਪਰਤ ਆਈ ਹੈ। ਉਸ ਦਾ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਹਵਾਈ ਅੱਡੇ 'ਤੇ ਸਵਾਗਤ ਕੀਤਾ। ਅੰਮ੍ਰਿਤਸਰ ਦੀ ਰਹਿਣ ਵਾਲੀ ਇਸ ਔਰਤ ਨੇ ਦੱਸਿਆ ਕਿ ਲਗਪਗ 10 ਮਹੀਨੇ ਪਹਿਲਾਂ ਉਹ ਧਾਰੀਵਾਲ ਦੇ ਕੇ ਏਜੰਟ ਰਾਹੀਂ ਇਰਾਕ ਗਈ ਸੀ, ਜਿਥੇ ਉਸ ਦੇ ਸਾਰੇ ਪੈਸੇ ਅਤੇ ਪਾਸਪੋਰਟ ਏਜੰਟ ਨੇ ਆਪਣੇ ਕੋਲ ਰੱਖ ਲਏ। ਉਸ ਕੋਲੋਂ 5 ਮਹੀਨੇ ਕੰਮ ਕਰਵਾਇਆ ਅਤੇ 4 ਮਹੀਨੇ ਬਿਨਾਂ ਕੰਮ ਤੋਂ ਰੱਖਿਆ ਗਿਆ। ਉਸ ਨੇ ਕਿਹਾ ਕਿ ਇੱਥੇ ਉਸ ਨੂੰ ਪੈਕਿੰਗ ਦਾ ਕੰਮ ਕਰਨ ਬਾਰੇ ਆਖਿਆ ਗਿਆ ਸੀ ਜਦੋਂ ਕਿ ਉਥੇ ਘਰਾਂ ਦੇ ਕੰਮ ਤੇ ਹੋਰ ਕਈ ਤਰ੍ਹਾਂ ਦੇ ਕੰਮ ਲਏ ਜਾਂਦੇ ਹਨ। ਉਸ ਕੋਲੋਂ ਸਵੇਰ 6 ਤੋਂ ਰਾਤ 10 ਵਜੇ ਤਕ ਕੰਮ ਲਿਆ ਜਾਂਦਾ ਸੀ। ਪੰਜ ਮਹੀਨੇ ਮਗਰੋਂ ਉਸ ਕੋਲੋਂ ਢਾਈ ਲੱਖ ਰੁਪਏ ਦੀ ਮੰਗ ਕੀਤੀ ਗਈ। ਉਸ ਨੇ ਕਿਸੇ ਰਾਹੀਂ ਅੰਮ੍ਰਿਤਸਰ ਸੰਪਰਕ ਕੀਤਾ ਅਤੇ ਪਰਵਾਸੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨਾਲ ਗੱਲ ਹੋਈ, ਜਿਨ੍ਹਾਂ ਨੇ ਵਾਪਸੀ ਲਈ ਪ੍ਰਬੰਧ ਕੀਤਾ। ਉਸ ਨੇ ਦੱਸਿਆ ਕਿ ਉਥੇ ਹੋਰ ਵੀ ਕਈ ਪੰਜਾਬੀ ਔਰਤਾਂ ਅਜਿਹੇ ਮਾੜੇ ਹਾਲਾਤ ਦਾ ਸਾਹਮਣਾ ਕਰ ਰਹੀਆਂ ਹਨ।



ਅੰਮ੍ਰਿਤਸਰ ਹਵਾਈ ਅੱਡੇ 'ਤੇ ਪਹੁੰਚੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਇਹ ਔਰਤ , ਜੋ ਠੱਗ ਟਰੈਵਲ ਏਜੰਟ ਦੇ ਧੋਖੇ ਨਾਲ ਇਰਾਕ 'ਚ ਫਸੀ ਸੀ, ਨੂੰ ਭਾਰਤ ਵਾਪਸ ਲਿਆਂਦਾ ਗਿਆ ਹੈ। ਉਨ੍ਹਾਂ ਠੱਗ ਟਰੈਵਲ ਏਜੰਟਾਂ ਨੂੰ ਚਿਤਾਵਨੀ ਦਿੱਤੀ ਕਿ ਅਜਿਹੇ ਕੰਮ ਛੱਡ ਦੇਣ ਨਹੀਂ ਤਾਂ ਉਨ੍ਹਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਹੋਰਨਾਂ ਲੜਕੀਆਂ ਜਿਹੜੀਆਂ ਵਿਦੇਸ਼ 'ਚ ਫਸੀਆਂ ਹਨ, ਉਨ੍ਹਾਂ ਨੂੰ ਵਾਪਸ ਲਿਆਂਦਾ ਜਾਵੇਗਾ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਠੱਗ ਟਰੈਵਲ ਏਜੰਟਾਂ ਦੀਆਂ ਸੂਚੀਆਂ ਤਿਆਰ ਹੋ ਰਹੀਆਂ ਹਨ ਅਤੇ ਇਸ ਬਾਬਤ 10 ਜੁਲਾਈ ਨੂੰ ਐੱਨਆਰਆਈ ਵਿਭਾਗ ਦੀ ਮੀਟਿੰਗ ਵੀ ਰੱਖੀ ਗਈ ਹੈ।

# ਕਾਂਗਰਸ, ਸਪਾ ਅਤੇ ਬਸਪਾ ਨੇ ਕਦੇ ਵੀ ਪੱਛੜੇ ਸਮਾਜ ਨੂੰ ਸੰਵਿਧਾਨਕ ਮਾਨਤਾ ਨਹੀਂ ਦਿੱਤੀ : ਸ਼ਾਹ

ਲਖਨਊ : ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ ਐਤਵਾਰ ਨੂੰ ਵਿਰੋਧੀ ਪਾਰਟੀਆਂ 'ਤੇ ਤਿੱਖਾ ਵਾਰ ਕਰਦੇ ਹੋਏ ਕਿਹਾ ਕਿ ਕਾਂਗਰਸ, ਸਪਾ ਅਤੇ ਬਸਪਾ ਕਈ ਵਾਰ ਸੱਤਾ 'ਚ ਰਹੇ ਜਾਂ ਸੱਤਾ 'ਚ ਹਿੱਸੇਦਾਰ ਰਹੇ ਪਰ ਇਨ੍ਹਾਂ ਪਾਰਟੀਆਂ ਨੇ ਕਦੇ ਵੀ ਪੱਛੜੇ ਸਮਾਜ ਨੂੰ ਸੰਵਿਧਾਨਕ ਮਾਨਤਾ ਨਹੀਂ ਦਿੱਤੀ। ਰਾਸ਼ਟਰੀ ਜਨਤੰਤਰਿਕ ਗਠਜੋੜ (ਰਾਜਗ) ਦੀ ਸਹਿਯੋਗੀ ਅਤੇ ਕੇਂਦਰੀ ਮੰਤਰੀ ਅਨੁਪ੍ਰਿਆ ਪਟੇਲ ਦੀ ਅਗਵਾਈ ਵਾਲੇ ਅਪਨਾ ਦਲ (ਸੋਨੇਲਾਲ) ਵੱਲੋਂ ਸੰਗਠਨ ਦੇ ਸੰਸਥਾਪਕ ਡਾਕਟਰ ਸੋਨੇਲਾਲ ਪਟੇਲ ਦੇ 74ਵੇਂ ਜਨਮ ਦਿਨ 'ਤੇ ਆਯੋਜਿਤ 'ਜਨ ਸਵਾਭਿਮਾਨ ਦਿਵਸ' ਸਮਾਰੋਹ ਨੂੰ ਸੰਬੋਧਨ ਕਰ ਰਹੇ ਸਨ।

ਸ਼ਾਹ ਨੇ ਕਿਹਾ ਕਿ ਕਾਂਗਰਸ ਪਾਰਟੀ, ਸਮਾਜਵਾਦੀ ਪਾਰਟੀ ਅਤੇ ਬਸਪਾ (ਬਹੁਜਨ ਸਮਾਜ ਪਾਰਟੀ) ਕਈ ਵਾਰ ਸੱਤਾ 'ਚ ਰਹੇ, ਸੱਤਾ 'ਚ ਹਿੱਸੇਦਾਰ ਰਹੇ ਪਰ ਕਦੇ ਪੱਛੜੇ ਸਮਾਜ ਨੂੰ ਸੰਵਿਧਾਨਕ ਮਾਨਤਾ ਨਹੀਂ ਦਿੱਤੀ।



ਇਨ੍ਹਾਂ ਪਾਰਟੀਆਂ ਨੇ ਕਦੇ ਵੀ ਦਲਿਤ ਅਤੇ ਆਦਿਵਾਸੀ ਭਰਾਵਾਂ ਦੇ ਕਮਿਸ਼ਨ ਵਾਂਗ ਕਮਿਸ਼ਨ ਨਹੀਂ ਬਣਾਇਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੱਛੜੇ ਸਮਾਜ ਲਈ ਕਮਿਸ਼ਨ ਬਣਾ ਕੇ ਪੱਛੜੇ ਸਮਾਜ ਨੂੰ ਸੰਵਿਧਾਨਕ ਮਾਨਤਾ ਦੇਣ ਦਾ ਕੰਮ ਕੀਤਾ ਅਤੇ ਇਸ ਨਾਲ ਪੱਛੜੇ ਵਰਗ ਦੇ ਕਲਿਆਣ ਦਾ ਰਾਹ ਪੱਧਰਾ ਹੋਇਆ।

# ਸੁਪਰੀਮ ਕੋਰਟ ਨੇ ਦਿੱਲੀ ਸਰਕਾਰ ਤੋਂ ਇਸ਼ਤਿਹਾਰਾਂ ਦਾ ਹਿਸਾਬ ਮੰਗਿਆ


ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਦਿੱਲੀ ਦੀ 'ਆਪ' ਸਰਕਾਰ ਨੂੰ ਪਿਛਲੇ ਤਿੰਨ ਵਿੱਤੀ ਵਰ੍ਹਿਆਂ 'ਚ ਇਸ਼ਤਿਹਾਰਾਂ 'ਤੇ ਖ਼ਰਚੇ ਗਏ ਪੈਸਿਆਂ ਦੀ ਜਾਣਕਾਰੀ ਦੇਣ ਲਈ ਕਿਹਾ ਹੈ। ਜਸਟਿਸ ਐੱਸ ਕੇ ਕੌਲ ਦੀ ਪ੍ਰਧਾਨਗੀ ਵਾਲੇ ਬੈਂਚ ਨੇ ਇਹ ਨਿਰਦੇਸ਼ ਜਾਰੀ ਕੀਤਾ ਕਿਉਂਕਿ ਦਿੱਲੀ ਸਰਕਾਰ ਨੇ ਫੰਡਾਂ ਦੀ ਘਾਟ ਕਾਰਨ ਖੇਤਰੀ ਰੈਪਿਡ ਟਰਾਂਜ਼ਿਟ ਸਿਸਟਮ (ਆਰਆਰਟੀਐੱਸ) ਪ੍ਰਾਜੈਕਟ ਵਿੱਚ ਯੋਗਦਾਨ ਪਾਉਣ ਵਿੱਚ ਅਸਮਰੱਥਾ ਜ਼ਾਹਰ ਕੀਤੀ ਸੀ।

ਸੂਤਰਾਂ ਮੁਤਾਬਕ ਮਾਮਲਾ ਆਰਆਰਟੀਐੱਸ ਦੇ ਦਿੱਲੀ-ਗਾਜ਼ੀਆਬਾਦ-ਮੇਰਠ ਹਿੱਸੇ ਨਾਲ ਸਬੰਧਤ ਹੈ। ਕੁੱਲ 30,274 ਕਰੋੜ ਰੁਪਏ ਦੀ ਪ੍ਰਾਜੈਕਟ ਲਾਗਤ ਵਿੱਚੋਂ ਦਿੱਲੀ ਸਰਕਾਰ ਨੇ ਲਗਭਗ 1,180 ਕਰੋੜ ਰੁਪਏ ਦੇਣੇ ਸਨ। ਇਸ ਵਿੱਚੋਂ 415 ਕਰੋੜ ਰੁਪਏ ਅਜੇ ਜਾਰੀ ਕੀਤੇ ਜਾਣੇ ਹਨ। ਸਰਵਉੱਚ ਅਦਾਲਤ ਦੇ ਇਸ ਹੁਕਮ ਮਗਰੋਂ ਦਿੱਲੀ ਦੀ ਸਿਆਸਤ ਵਿੱਚ ਉਬਾਲ ਆ ਗਿਆ ਹੈ ਤੇ ਵਿਰੋਧੀ ਧਿਰ ਭਾਜਪਾ ਨੇ ਇਸ ਮਾਮਲੇ 'ਚ ਹੱਲਾ ਬੋਲਿਆ ਹੈ।



ਦਿੱਲੀ ਭਾਜਪਾ ਦੇ ਪ੍ਰਧਾਨ ਵਰਿੰਦਰ ਸਚਦੇਵਾ ਨੇ ਅੱਜ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਸੁਪਰੀਮ ਕੋਰਟ ਦੇ ਫ਼ੈਸਲੇ ਦਾ ਸਵਾਗਤ ਕੀਤਾ ਜਿਸ ਵਿੱਚ ਅਦਾਲਤ ਨੇ ਕੇਜਰੀਵਾਲ ਸਰਕਾਰ ਨੂੰ ਸ਼ੀਸ਼ਾ ਦਿਖਾਉਂਦਿਆਂ ਕਿਹਾ ਹੈ ਕਿ ਇਸ਼ਤਿਹਾਰਾਂ ਦਾ ਪੈਸਾ ਜਨਤਾ ਦੀ ਸਹੂਲਤ ਲਈ ਹੈ। ਸ੍ਰੀ ਸਚਦੇਵਾ ਨੇ ਕਿਹਾ ਕਿ ਦਿੱਲੀ ਸਰਕਾਰ ਨੇ ਅਦਾਲਤ ਵਿੱਚ ਕਿਹਾ ਕਿ ਜਨਤਾ ਦੀ ਸੇਵਾ ਲਈ ਵਿਕਾਸ ਕਾਰਜਾਂ ਲਈ ਪੈਸਾ ਨਹੀਂ ਹੈ, ਜਿਸ ਦੇ ਜਵਾਬ ਵਿੱਚ ਅਦਾਲਤ ਨੇ ਸਪੱਸ਼ਟ ਕਿਹਾ ਕਿ ਇਸ਼ਤਿਹਾਰਾਂ ਲਈ ਪੈਸਾ ਹੈ, ਪਰ ਜਨਤਾ ਦੀ ਸਹੂਲਤ ਲਈ ਨਹੀਂ। ਉਨ੍ਹਾਂ ਕਿਹਾ ਕਿ ਅਦਾਲਤ ਨੇ ਕੇਜਰੀਵਾਲ ਸਰਕਾਰ ਨੂੰ ਪਿਛਲੇ ਤਿੰਨ ਸਾਲਾਂ ਵਿੱਚ ਇਸ਼ਤਿਹਾਰਾਂ 'ਤੇ ਖ਼ਰਚੇ ਪੈਸਿਆਂ ਦਾ ਵੇਰਵਾ ਦੇਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਇੱਕ ਆਰ.ਟੀ.ਆਈ. ਮੁਤਾਬਕ ਪਿਛਲੇ ਪੰਜ ਸਾਲਾਂ ਵਿੱਚ ਕੇਜਰੀਵਾਲ ਸਰਕਾਰ ਨੇ ਇਸ਼ਤਿਹਾਰਾਂ ਉੱਤੇ 1868 ਕਰੋੜ ਰੁਪਏ ਖ਼ਰਚੇ ਹਨ ਭਾਵ 1 ਕਰੋੜ 20 ਲੱਖ ਰੁਪਏ ਪ੍ਰਤੀ ਦਿਨ।

# ਬਾਬਾ ਵਰਿਆਮ ਸਿੰਘ ਦੇ ਚਲਾਣੇ ਤੇ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਨੇ ਗਹਿਰਾ ਦੁਖ ਪ੍ਰਗਟਾਇਆ



ਅੰਮ੍ਰਿਤਸਰ : ਗੁਰੂ ਨਾਨਕ ਦਲ ਮੜੀਆਂ ਵਾਲਾ ਤਰਨਾਦਲ ਬਟਾਲਾ ਦੇ ਮੁਖੀ ਬਾਬਾ ਮਾਨ ਸਿੰਘ ਦੇ ਸਪੁੱਤਰ ਬਾਬਾ ਵਰਿਆਮ ਸਿੰਘ ਬੀਤੀ ਰਾਤ ਅਚਨਚੇਤ ਗੁਰ ਪਿਆਨਾ ਕਰ ਜਾਣ ਤੇ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਮੁੱਖੀ ਬੁੱਢਾ ਦਲ ਨੇ ਗਹਿਰੇ ਦੁਖ ਦਾ ਪ੍ਰਗਟਾਵਾ ਕੀਤਾ ਹੈ।

ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਵੱਲੋਂ ਜਾਰੀ ਇਕ ਸ਼ੋਕ ਸੰਦੇਸ਼ ਵਿੱਚ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਨੇ ਕਿਹਾ ਨਿਹੰਗ ਮੁਖੀ ਬਾਬਾ ਮਾਨ ਸਿੰਘ ਦੇ ਸਪੁੱਤਰ ਬਾਬਾ ਵਰਿਆਮ ਸਿੰਘ ਬਹੁਤ ਹੀ ਚੜਦੀਕਲਾ ਤੇ ਗੁਰਬਾਣੀ ਵਿੱਚ ਰੰਗੇ ਚੰਗੇ ਪੁਰਸ਼ ਸਨ, ਉਹ ਗੁਰਬਾਣੀ ਕੀਰਤਨ ਦੇ ਰਾਗੀ ਅਤੇ ਚੰਗੇ ਵਿਆਖਿਆਕਾਰ ਸਨ। ਉਨ੍ਹਾਂ ਦੇ ਚਲਾਣੇ ਨਾਲ ਵੱਡਾ ਘਾਟਾ ਪਿਆ ਹੈ ਉਨ੍ਹਾਂ ਦਾ ਅੰਤਮ ਸਸਕਾਰ 4 ਜੁਲਾਈ ਨੂੰ ਸਵੇਰੇ 10 ਵਜੇ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ ਪਿੰਡ ਮੜੀਆਵਾਲ ਬਟਾਲਾ ਵਿਖੇ ਹੋਵੇਗਾ।

# ਸਿੰਧ ਵਿੱਚ ਗੁਰਦੁਆਰਾ ਸਾਹਿਬ ਤੇ ਹਮਲਾ ਅਤਿ ਨਿੰਦਣਯੋਗ: ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਅਕਾਲੀ

ਅੰਮ੍ਰਿਤਸਰ: ਪਾਕਿਸਤਾਨ ਦੇ ਪ੍ਰਾਂਤ ਸਿੰਧ ਦੇ ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਪਹਿਲੀ ਸ੍ਰੀ ਗੁਰੂ ਨਾਨਕ ਦੇਵ ਜੀ ਵਿੱਚ ਚੱਲਦੇ ਕੀਰਤਨ ਨੂੰ ਰੋਕਣਾ, ਰਾਗੀਆਂ, ਪਾਠੀਆਂ ਅਤੇ ਸਿੱਖਾਂ ਵਿਰੁੱਧ ਸਖ਼ਤ ਇਤਰਾਜ਼ਯੋਗ ਸ਼ਬਦਾਵਲੀ ਵਰਤਣ ਤੇ ਤਿਖੇ ਰੋਸ ਦਾ ਪ੍ਰਗਟਾਵਾ ਕਰਦਿਆਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਨੇ ਕਿਹਾ ਉਥੋਂ ਦੇ ਕੁੱਝ ਸਮਾਜ ਵਿਰੋਧੀ ਅਨਸਰਾਂ ਵੱਲੋਂ ਸਿੱਖ ਧਰਮ ਵਿੱਚ ਸਿੱਧਾ ਦਖਲ ਹੀ ਨਹੀਂ ਦਿੱਤਾ ਗਿਆ ਸਗੋਂ ਧਰਮ ਅਸਥਾਨ ਦਾ ਅਪਮਾਨ ਵੀ ਕੀਤਾ ਹੈ। ਉਨ੍ਹਾਂ ਭਾਰਤ ਸਰਕਾਰ ਨੂੰ ਪਾਕਿਸਤਾਨ ਵਿਚ ਸਿੱਖਾਂ ਤੇ ਹੋ ਰਹੇ ਹਮਲਿਆਂ ਸਬੰਧੀ ਸਖ਼ਤ ਨੋਟਿਸ ਲੈਣ ਲਈ ਕਿਹਾ ਹੈ ਅਤੇ ਇਨ੍ਹਾਂ ਹਮਲਿਆਂ ਨੂੰ ਰੋਕਣ ਲਈ ਮੂਹਰੇ ਆਉਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਪਾਕਿਸਤਾਨ ਸਰਕਾਰ ਦੇ ਵੱਖ-ਵੱਖ ਪ੍ਰਾਤਾਂ ਵਿੱਚ ਪੁਰਾਣੇ ਸਮੇਂ ਤੋਂ ਸਿੱਖ ਵਸ ਰਹੇ ਹਨ ਪਰ ਆਏ ਦਿਨ ਸਿੱਖਾਂ ਨੂੰ ਗੁੰਡਾ ਅਨਸਰਾਂ ਵੱਲੋਂ ਗੋਲੀਆਂ ਨਾਲ ਮਾਰਿਆ ਜਾ ਰਿਹਾ ਹੈ। ਸਿੱਖਾਂ ਦੇ ਧਰਮ ਅਸਥਾਨਾਂ ਤੇ ਹਮਲੇ



ਕੀਤੇ ਜਾ ਰਹੇ ਹਨ। ਅਜੇ ਪਿਛਲੇ ਦਿਨੀ ਪਖਤੂਨਖਣਾ ਦੇ ਪਿਛਾਵਰ ਸ਼ਹਿਰ ਵਿਚ ਦੋ ਸਿੱਖਾਂ ਤੇ ਗੋਲੀਆਂ ਨਾਲ ਹਮਲਾ ਕੀਤਾ ਗਿਆ ਜਿਸ ਵਿਚੋਂ ਸ. ਮਨਮੋਹਣ ਸਿੰਘ ਮੌਕੇ ਤੇ ਮਾਰਿਆ ਗਿਆ ਸੀ। ਹੁਣ ਸਿੰਧ ਵਿੱਚ ਜੋ ਹਮਲਾ ਹੋਇਆ ਹੈ ਉਸ ਨੇ ਸਪੱਸ਼ਟ ਕਰ ਦਿਤਾ ਹੈ ਕਿ ਇਹ ਹਮਲੇ ਸਰਕਾਰੀ ਸ਼ਹਿ ਤੇ ਹੋ ਰਹੇ ਹਨ ਪੀੜਤਾਂ ਦੀਆਂ ਸ਼ਕਾਇਤਾਂ ਨਹੀਂ ਸੁਣੀਆਂ ਜਾ ਰਹੀਆਂ ਸਗੋਂ ਥਾਣੇ ਵਿਚ ਸਿੱਖ ਪੀੜਤਾਂ ਵਿਰੁੱਧ ਹੀ ਕਾਰਵਾਈ ਕਰਨ ਦੀਆਂ ਧਮਕੀਆਂ ਦਿਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਪਾਕਿਸਤਾਨ ਸਰਕਾਰ ਘੱਟ ਗਿਣਤੀਆਂ ਦੀ ਰਖਵਾਲੀ ਕਰਨ ਵਿਚ ਸਹੀ ਦਿਸ਼ਾ ਵਿਚ ਕੰਮ ਨਹੀਂ ਕਰ ਰਹੀ। ਜਿਸ ਤੇ ਉਨ੍ਹਾਂ ਗਹਿਰਾ ਦੁਖ ਪ੍ਰਗਟਾਇਆ ਹੈ। ਉਨ੍ਹਾਂ ਕਿਹਾ ਬਹੁਤੇ ਸਿੱਖ ਤਾਂ ਏਸੇ ਦੁਖਾਂਤ ਕਾਰਨ ਪਾਕਿਸਤਾਨ ਦੇ ਵੱਖ ਵੱਖ ਸ਼ਹਿਰਾਂ ਵਿਚੋਂ ਹਿਜ਼ਰਤ ਕਰ ਕੇ ਭਾਰਤ ਆ ਰਹੇ ਹਨ। ਭਾਰਤ ਵਿੱਚ ਡਿਬੜੂਗੜ੍ਹ ਜੇਲ੍ਹ ਵਿੱਚ ਵਾਪਰੀ ਘਟਨਾ ਤੇ ਬਾਬਾ ਬਲਬੀਰ ਸਿੰਘ ਨੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਜੇਲ੍ਹ ਵਿੱਚ ਬੰਦ ਅੰਮ੍ਰਿਤਧਾਰੀ ਸਿੱਖਾਂ ਨੂੰ ਭੋਜਨ ਵਿੱਚ ਤੰਬਾਕੂ ਮਲਾ ਕੇ ਦੇਣਾ ਅਤਿ ਦਰਜੇ ਦੀ ਜਲਾਲਤ ਭਰੀ ਕਾਰਵਾਈ ਹੈ। ਉਨ੍ਹਾਂ ਇਸ ਦੀ ਸਖ਼ਤ ਨਿੰਦਾ ਕੀਤੀ ਹੈ ਅਤੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਸਬੰਧਤ ਸਰਕਾਰਾਂ ਤੁਰੰਤ ਸਿੱਧਾ ਦਖ਼ਲ ਦੇਣ।

# ਗੁਰੂ ਸਾਹਿਬਾਨ ਦੇ ਇਤਿਹਾਸਕ ਸ਼ਸਤਰਾਂ ਅਤੇ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਦੇ ਚੰਡੀਗੜ੍ਹ ਪੁੱਜਣ 'ਤੇ ਹੋਵੇਗਾ ਨਿੱਘਾ ਸੁਆਗਤ



**ਸ਼ਤਾਬਦੀ ਮੇਲੇ ਦੀ ਸੰਪੂਰਨਤਾ ਦੀ ਅਰਦਾਸ ਕਰਦੇ ਹੋਏ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ**

ਅੰਮ੍ਰਿਤਸਰ : ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਨੇ ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਦੀ ਵਿਦੇਸ਼ ਫੇਰੀ ਬਾਰੇ ਇੱਕ ਲਿਖਤੀ ਪ੍ਰੈਸ ਨੋਟ ਰਾਹੀ ਜਾਣਕਾਰੀ ਦਿਤੀ ਹੈ ਕਿ ਸਿੱਖ ਜਰਨੈਲ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਦੀ ਦੂਸਰੀ ਸ਼ਹੀਦੀ ਸ਼ਤਾਬਦੀ ਅਤੇ ਸ. ਜੱਸਾ ਸਿੰਘ ਰਾਮਗੜ੍ਹੀਆ ਦੀ ਤੀਸਰੀ ਜਨਮ ਸ਼ਤਾਬਦੀ ਨੂੰ ਸਮਰਪਿਤ ਸ਼ਤਾਬਦੀ ਮੇਲਾ ਕਨੇਡਾ ਦੇ ਸਰੀ ਸ਼ਹਿਰ ਵਿੱਚ ਖਾਲਸਾਈ ਜਾਹੋ ਜਲਾਲ ਨਾਲ ਮਨਾਇਆ ਗਿਆ। ਇਨ੍ਹਾਂ ਸਮਾਗਮਾਂ ਵਿਚ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14 ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨ ਲਈ ਪੁਜੇ ਹਨ। ਉਨ੍ਹਾਂ ਕਿਹਾ ਗੁਰੂ ਸਾਹਿਬਾਨ, ਸਾਹਿਬਜ਼ਾਦਿਆਂ, ਗੁਰੂ ਮਹਿਲਾਂ ਅਤੇ ਸਿੱਖ ਜਰਨੈਲਾਂ ਦੇ ਪੁਰਾਤਨ ਇਤਿਹਾਸਕ ਸ਼ਸਤਰਾਂ ਅਤੇ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦਾ ਅਮਰੀਕਾ ਅਤੇ ਕਨੇਡਾ ਦੀ ਧਰਤੀ ਟੋਰਾਂਟੋ ਏਅਰਪੋਰਟ ਤੇ ਪਹੰਚਣ ਮੌਕੇ ਬਹੁਤ ਵੱਡੀ ਗਿੱਣਤੀ 'ਚ ਗੁਰੂ ਕੀਆਂ ਲਾਡਲੀਆਂ ਨਿਹੰਗ ਸਿੰਘ ਫ਼ੌਜਾਂ ਵੱਲੋ ਜੈਕਾਰਿਆਂ, ਨਰਸਿੰਙ ?ਆਂ ਦੀਆਂ ਧੁੰਨਾਂ ਤੇ ਫੁੱਲਾਂ ਦੀ ਵਰਖਾ ਕਰ ਕੇ ਨਿੱਘਾ ਸੁਆਗਤ ਕੀਤਾ ਗਿਆ। ਉਨ੍ਹਾਂ ਕਿਹਾ ਇਹ ਵਰਨਣਯੋਗ ਹੈ ਕਿ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਦੀ ਅਗਵਾਈ 'ਚ ਅਮਰੀਕਾ 'ਚ ਜਿੱਥੇ ਅਕਾਲੀ ਬਾਬਾ ਫੂਲਾ ਸਿੰਘ ਜੀ ਦੇ ਨਾਮਪੁਰ ਨਿਹੰਗ ਸਿੰਘਾਂ ਦੀ ਛਾਉਣੀ ਸਥਾਪਤ ਕੀਤੀ ਗਈ ਹੈ, ਉੱਥੇ ਹੀ ਬੁੱਢਾ ਦਲ ਵੱਲੋਂ ਅਕਾਲੀ ਬਾਬਾ ਫੂਲਾ ਸਿੰਘ ਜੀ ਦੀ 200 ਸਾਲਾ ਸ਼ਹੀਦੀ ਸ਼ਤਾਬਦੀ ਅਤੇ ਬਾਬਾ ਜੱਸਾ ਸਿੰਘ ਰਾਮਗੜੀਆਂ ਦੀ 300 ਸਾਲਾ ਜਨਮ ਸ਼ਤਾਬਦੀਆਂ ਭਾਰਤ ਭਰ 'ਚ ਵਿਸ਼ਾਲ ਪੱਧਰ ਤੇ ਮਨਾਈਆ ਗਈਆ ਹਨ, ਉੱਥੇ ਵਿਦੇਸ਼ਾਂ ਵਿੱਚ ਵੀ ਬਹੁਤ ਵੱਡੇ ਪੱਧਰ ਤੇ ਸਮਾਗਮ ਕੀਤੇ ਗਏ ਹਨ। ਇਹ ਪਹਿਲੀ ਵਾਰ ਹੋਇਆ ਹੇ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਵੱਲੋਂ ਅਮਰੀਕਾ ਸਥਿਤ ਛਾਉਣੀ ਸਥਾਪਤ ਕੀਤੀ ਗਈ ਹੈ ਉਥੇ ਸ਼ਸਤਰਾਂ ਦੇ ਦਰਸ਼ਨ ਵੀ ਸੰਗਤਾਂ ਨੂੰ ਹੋਏ ਹਨ। ਸ. ਬੇਦੀ ਨੇ ਦਸਿਆ ਕਿ ਸੰਗਤਾਂ ਦੇ ਵਿਸ਼ੇਸ਼ ਸੱਦੇ ਤੇ ਕਨੇਡਾ ਦੀ ਧਰਤੀ ਤੇ ਪਹੁੰਚੇ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਵੱਲੋਂ ਜਿੱਥੇ ਸ਼ਤਾਬਦੀ ਜੋੜ ਮੇਲੇ 'ਚ ਸਮੂਲੀਅਤ ਕੀਤੀ ਗਈ ਹੈ ਉੱਥੇ ਹੀ ਬੁੱਢਾ ਦਲ ਦੇ ਕੋਲ ਸਿੱਖ ਗੁਰੂਆਂ, ਸਾਹਿਬਜ਼ਾਦਿਆਂ, ਗੁਰੂ ਮਹਿਲਾਂ ਅਤੇ ਸਿੱਖ ਜਰਨੈਲਾਂ ਦੇ ਪੁਰਾਤਨ ਇਤਿਹਾਸਿਕ ਸ਼ਸਤ੍ਰਾਂ ਦੇ ਦਰਸ਼ਨ ਵੀ ਸਿੱਖ ਸੰਗਤਾਂ ਨੂੰ ਕਰਵਾਏ ਗਏ ਹਨ। ਵੱਖ-ਵੱਖ ਥਾਵਾਂਪੁਰ ਢਾਡੀ ਦਰਬਾਰ ਹੋਏ, ਗਤਕੇ ਦੇ ਅਖਾੜੇ ਸਜੇ ਅਤੇ ਨਿਹੰਗ ਸਿੰਘ ਫੌਜਾਂ ਵੱਲੋਂ ਮਹੱਲੇ ਖੇਡੇ ਗਏ। ਇਸ ਮੇਲੇ ਦੀ ਸਮਾਪਤੀ ਨਾਲ ਨਿਹੰਗ ਮੁਖੀ ਬਾਬਾ ਬਲਬੀਰ ਸਿੰਘ 7 ਜੁਲਾਈ ਨੂੰ ਵਾਪਸ ਭਾਰਤ ਪਰਤ ਆਉਣਗੇ। ਉਨ੍ਹਾਂ ਹੋਰ ਕਿਹਾ ਕਿ ਗੁਰੂ ਸਾਹਿਬਾਨ ਦੇ ਇਤਿਹਾਸਕ ਸ਼ਸਤਰਾਂ ਅਤੇ ਬਾਬਾ ਜੀ ਦੇ ਚੰਡੀਗੜ੍ਹ ਪੁੱਜਣ ਤੇ ਸਭ ਨਿਹੰਗ ਸਿੰਘ ਫੌਜਾਂ ਵੱਲੋਂ ਨਿੱਘਾ ਸੁਆਗਤ ਕੀਤਾ ਜਾਵੇਗਾ। ਏਅਰਪੋਰਟ ਤੋਂ ਇਤਿਹਾਸਕ ਸ਼ਸਤਰਾਂ ਨੂੰ ਨਗਰ ਕੀਰਤਨ ਦੀ ਸ਼ਕਲ ਵਿੱਚ ਗੁ: ਮਾਤਾ ਸੁੰਦਰ ਕੌਰ ਜੀ ਸੈਕਟਰ 70 ਮੋਹਾਲੀ ਛਾਉਣੀ ਬੁੱਢਾ ਦਲ ਵਿਖੇ ਲਿਆਂਦਾ ਜਾਵੇਗਾ।

# ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਕਨੇਡਾ ਦੇ ਸ਼ਹਿਰ ਸਰੀ ਵਿਖੇ ਪੁੱਜੇ ਸੰਗਤਾਂ ਵੱਲੋਂ ਨਿੱਘਾ ਸੁਆਗਤ

ਅੰਮ੍ਰਿਤਸਰ : ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁੱਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਆਪਣੇ ਸਾਥੀ ਸਿੰਘਾਂ ਸਮੇਤ ਕਨੇਡਾ ਦੇ ਸ਼ਹਿਰ ਸਰੀ ਵਿਖੇ ਸਥਿਤ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਬੀ.ਸੀ ਦੇ ਦਰਸ਼ਨ ਕੀਤੇ ਜਿਥੇ ਗੁਰਦੁਆਰਾ ਕਮੇਟੀ ਦੇ ਅਹੁਦੇਦਾਰਾਂ ਤੇ ਸਥਾਨਕ ਸਿੱਖਾਂ ਨੇ ਗੁਰੂ ਸਾਹਿਬਾਨ, ਸਾਹਿਬਜ਼ਾਦਿਆਂ, ਮਹਾਨ ਸਿੱਖ ਜਰਨੈਲਾਂ ਦੇ ਇਤਿਹਾਸਕ ਪਾਵਨ ਸ਼ਸਤਰਾਂ ਅਤੇ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਤੇ ਫੁੱਲਾਂ ਦੀ ਵਰਖਾ ਕਰਕੇ ਖਾਲਸਾਈ ਜੈਕਾਰਿਆਂ ਨਾਲ ਦਾ ਭਰਵਾ ਸਵਾਗਤ ਕੀਤਾ।

ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਨੇ ਜਾਰੀ ਇਕ ਪੈਸ ਨੋਟ ਵਿੱਚ ਕਿਹਾ ਕਿ ਬਾਬਾ ਬਲਬੀਰ ਸਿੰਘ ਅਕਾਲੀ ਧਰਮ ਪ੍ਰਚਾਰ ਦੇ ਦੌਰੇ ਪੁਰ ਕਨੇਡਾ ਵਿਖੇ ਹਨ। ਉਨ੍ਹਾਂ ਕਿਹਾ ਕਿ ਸਰੀ ਦੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਖੇ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਨੇ ਬੁੱਢਾ ਦਲ ਪਾਸ ਗੁਰੂ ਸਾਹਿਬਾਨ, ਸਾਹਿਬਜ਼ਾਦਿਆਂ, ਬੁੱਢਾ ਦਲ ਦੇ ਮੁਖੀ ਰਹੇ ਮਹਾਨ ਸਿੱਖ ਜਰਨੈਲਾਂ ਦੇ ਸ਼ਸਤਰਾਂ, ਇਤਿਹਾਸਕ ਨਿਸ਼ਾਨੀਆਂ ਦੇ ਦਰਸ਼ਨ ਸੰਗਤਾਂ ਨੂੰ ਕਰਵਾਏ ਅਤੇ ਇਨ੍ਹਾਂ ਸਸ਼ਤਰਾਂ ਦਾ ਇਤਿਹਾਸ ਅਤੇ ਦੇਸ਼ ਅਤੇ ਕੌਮ ਦੀ ਰੱਖਿਆ, ਬਾਣੀ ਬਾਣੇ ਦੀ ਸੁਰੱਖਿਆ ਲਈ ਬੁੱਢਾ ਦਲ ਦਾ ਸਮੁੱਚਾ ਸਿੱਖ ਸੰਘਰਸ਼ ਵੀ ਸੰਗਤਾਂ ਨਾਲ ਸਾਂਝਾ ਕੀਤਾ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ ਬਾਬਾ ਬਲਬੀਰ ਸਿੰਘ ਦਾ ਜਿਥੇ ਨਿੱਘਾ ਸੁਆਗਤ ਕੀਤਾ ਉਥੇ ਸਾਰੇ ਜਥੇ ਦਾ ਢੁਕਵਾਂ ਮਾਨ ਸਨਮਾਨ ਵੀ ਕੀਤਾ ਗਿਆ। ਉਨ੍ਹਾਂ ਦਸਿਆ ਕਿ ਬਾਬਾ ਬਲਬੀਰ ਸਿੰਘ, ਟਰਾਂਟੋ, ਵੈਨਕੁਵਰ ਦੇ ਗੁਰੂ ਘਰਾਂ ਦੀ ਯਾਤਰਾ ਵੀ ਕਰਨਗੇ। ਉਨ੍ਹਾਂ ਨਾਲ ਬਾਬਾ ਜਸਵਿੰਦਰ ਸਿੰਘ ਜੱਸੀ ਖਾਲਸਾ ਇੰਚਾਰਜ ਬੁੱਢਾ ਦਲ ਯੂਨਿਟ ਅਮਰੀਕਾ ਵੀ ਹਾਜ਼ਰ ਸਨ।






**ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਕਨੇਡਾ ਵਿਖੇ ਗੁ: ਦੂਖ ਨਿਵਾਰਨ ਸਾਹਿਬ ਵਿਖੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਅਤੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਬਾਬਾ ਬਲਬੀਰ ਸਿੰਘ ਦਾ ਸਨਮਾਨ ਕਰਦੇ ਹੋਏ।**

# ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੀ ਤਿਆਰੀ 'ਚ ਸਰਕਾਰ, ਨਿਯਮ ਬਣਾਉਣ ਦੀ ਕਵਾਇਦ ਸ਼ੁਰੂ

ਚੰਡੀਗੜ੍ਹ : ਹਰਿਆਣਾ ਸਰਕਾਰ ਜਲਦ ਹੀ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਵਾਉਣ ਦੀ ਤਿਆਰੀ 'ਚ ਹੈ। ਸਰਕਾਰ ਨੇ ਇਸ ਲਈ ਨਿਯਮ ਬਣਾਉਣ ਦੀ ਕਵਾਇਦ ਵੀ ਸ਼ੁਰੂ ਕਰ ਦਿੱਤੀ ਹੈ। ਹਰਿਆਣਾ ਕੈਬਨਿਟ ਨੇ ਮੰਗਲਵਾਰ ਨੂੰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬਧਕ ਕਮੇਟੀ (ਵਾਰਡਾਂ ਦੀ ਹੱਦਬੰਦੀ ਅਤੇ ਚੋਣ) ਨਿਯਮ, 2023 ਦੇ ਨਿਰਮਾਣ ਸਬੰਧੀ ਪ੍ਰਸਤਾਅ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਕ ਪ੍ਰੈੱਸ ਬਿਆਨ ਵਿਚ ਇਹ ਜਾਣਕਾਰੀ ਦਿੱਤੀ ਗਈ ਹੈ। ਪਿਛਲੇ ਸਾਲ ਸੁਪਰੀਮ ਕੋਰਟ ਵੱਲੋਂ ਹਰਿਆਣਾ ਸਿੱਖ ਗੁਰਦੁਆਰਾ (ਪ੍ਰਬੰਧਨ) ਐਕਟ



2014 ਦੀ ਸੰਵਿਧਾਨਕ ਵੈਧਤਾ ਨੂੰ ਬਰਕਰਾਰ ਰੱਖਣ ਤੋਂ ਬਾਅਦ ਹਰਿਆਣਾ ਵਿਚ ਗੁਰਦੁਆਰਿਆਂ ਦੇ ਮਾਮਲਿਆਂ ਦੇ ਪ੍ਰਬੰਧਨ ਲਈ ਇਕ ਵੱਖਰੀ ਕਮੇਟੀ ਦਾ ਗਠਨ ਕੀਤਾ ਸੀ। ਇਸ ਤੋਂ ਬਾਅਦ, ਹਰਿਆਣਾ ਸਰਕਾਰ ਨੇ ਇਕ ਐਡਹਾਕ ਗੁਰਦੁਆਰਾ ਕਮੇਟੀ- ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਨ ਕਮੇਟੀ ਦਾ ਗਠਨ ਕੀਤਾ ਸੀ। ਬਿਆਨ ਵਿਚ ਕਿਹਾ ਗਿਆ ਹੈ ਕਿ ਐੱਚ.ਐੱਸ.ਜੀ.ਐੱਮ.ਸੀ. ਦਾ ਕਾਰਜਕਾਲ 18 ਮਹੀਨਿਆਂ ਵਿਚ ਖ਼ਤਮ ਹੋ ਰਿਹਾ ਹੈ।

# ਐੱਸ. ਜੀ. ਪੀ. ਸੀ. ਹੁਣ ਗੁਰਬਾਣੀ ਪ੍ਰਸਾਰਣ ਲਈ ਆਪਣਾ ਸੈਟੇਲਾਈਟ ਚੈਨਲ ਸ਼ੁਰੂ ਕਰਨ ਦੀ ਤਿਆਰੀ 'ਚ

ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ. ਜੀ. ਪੀ. ਸੀ.) ਨੇ ਪਹਿਲਾਂ ਹੀ ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਕੀਰਤਨ ਦਾ ਸਿੱਧਾ ਪ੍ਰਸਾਰਣ ਕਰਨ ਲਈ ਆਪਣਾ ਯੂ-ਟਿਊਬ ਚੈਨਲ ਸ਼ੁਰੂ ਕਰਨ ਦਾ ਫ਼ੈਸਲਾ ਕਰ ਲਿਆ ਹੈ। ਉੱਥੇ ਹੀ ਸੈਟੇਲਾਈਟ ਚੈਨਲ ਰਾਹੀਂ ਪ੍ਰਸਾਰਣ ਲਈ ਰੂਪ-ਰੇਖਾ ਵੀ ਤਿਆਰ ਕੀਤੀ ਜਾ ਰਹੀ ਹੈ। ਹਾਲਾਂਕਿ ਇਸ ਬਾਰੇ ਆਖ਼ਰੀ ਫ਼ੈਸਲਾ ਹੋਣਾ ਅਜੇ ਬਾਕੀ ਹੈ।

ਸ਼੍ਰੋਮਣੀ ਕਮੇਟੀ ਦੇ ਸੂਤਰਾਂ ਮੁਤਾਬਕ ਇਕ ਮੀਟਿੰਗ ਦੌਰਾਨ ਸੈਟੇਲਾਈਟ ਚੈਨਲ ਦੇ ਪ੍ਰਸਾਰਣ ਦੇ ਖੇਤਰ ਦੇ ਮਾਹਿਰਾਂ ਨਾਲ ਚੈਨਲ ਚਲਾਉਣ ਦੇ ਉਪਕਰਨਾ ਅਤੇ ਰੂਪ-ਰੇਖਾ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ। ਸੂਤਰਾਂ ਮੁਤਾਬਕ ਵੇਰਵਿਆਂ ਨੂੰ ਅੰਤਿਮ ਰੂਪ ਦੇਣ ਲਈ ਸਬ ਕਮੇਟੀ ਦੀ ਅਗਲੀ ਮੀਟਿੰਗ ਜਲਦੀ ਹੀ ਹੋਵੇਗੀ।

ਦੱਸਣਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਸਿੱਖ ਗੁਰਦੁਆਰਾ ਐਕਟ 1925 'ਚ ਸੋਧ ਕੀਤੇ ਜਾਣ ਤੋਂ ਬਾਅਦ ਲਾਈਵ ਟੈਲੀਕਾਸਟ ਦਾ ਮੁੱਦਾ ਵੱਡੇ ਵਿਵਾਦ 'ਚ ਘਿਰ ਗਿਆ ਸੀ। ਇਸ ਦਾ ਸ਼੍ਰੋਮਣੀ ਕਮੇਟੀ ਵੱਲੋਂ ਵਿਰੋਧ ਕੀਤਾ ਗਿਆ ਸੀ। ਇਸ ਤੋਂ ਬਾਅਦ ਐੱਸ. ਜੀ. ਪੀ. ਸੀ. ਵੱਲੋਂ ਆਪਣਾ ਯੂ-ਟਿਊਬ ਚੈਨਲ ਸ਼ੁਰੂ ਕਰਨ ਦੀ ਤਿਆਰੀ ਕਰਨ ਸਬੰਧੀ ਖ਼ਬਰ ਸਾਹਮਣੇ ਆਈ ਸੀ।

# ਮੰਗਾਂ ਮੰਨੇ ਜਾਣ ਮਗਰੋਂ ਅੰਮ੍ਰਿਤਪਾਲ ਤੇ ਸਾਥੀਆਂ ਦੀ ਭੁੱਖ ਹੜਤਾਲ ਸਮਾਪਤ




ਅੰਮ੍ਰਿਤਸਰ : ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਅਤੇ ਸਾਥੀਆਂ ਨੇ ਪ੍ਰਸ਼ਾਸਨ ਵੱਲੋਂ ਮੰਗਾਂ ਪ੍ਰਵਾਨ ਕੀਤੇ ਜਾਣ ਮਗਰੋਂ ਆਪਣੀ ਭੁੱਖ ਹੜਤਾਲ ਸਮਾਪਤ ਕਰ ਦਿੱਤੀ ਹੈ। ਇਹ ਜਾਣਕਾਰੀ ਉਨ੍ਹਾਂ ਦੇ ਕੇਸ ਦੀ ਪੈਰਵੀ ਕਰ ਰਹੇ ਸ਼੍ਰੋਮਣੀ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੇ ਅੱਜ ਇਥੇ ਦਿੱਤੀ। ਉਨ੍ਹਾਂ ਦੱਸਿਆ ਕਿ ਅੰਮ੍ਰਿਤਪਾਲ ਸਿੰਘ ਨੇ ਆਪਣੇ ਪਿਤਾ ਨੂੰ ਜੇਲ੍ਹ 'ਚੋਂ ਫੋਨ ਕਰਕੇ ਦੱਸਿਆ ਹੈ ਕਿ ਪ੍ਰਸ਼ਾਸਨ ਨੇ ਬੰਦੀ ਸਿੱਖ ਨੌਜਵਾਨਾਂ ਦੀ ਆਪਣੇ ਘਰ ਫ਼ੋਨ ਕਰਨ ਦੇਣ ਦੀ ਮੰਗ ਪ੍ਰਵਾਨ ਕਰ ਲਈ ਹੈ। ਇਸ ਤੋਂ ਇਲਾਵਾ ਉਨ੍ਹਾਂ ਸਭ ਲਈ ਭੋਜਨ ਤਿਆਰ ਕਰਨ ਵਾਲਾ ਖਾਨਸਾਮਾ ਵੀ ਬਦਲ ਦਿੱਤਾ ਗਿਆ ਹੈ। ਅੰਮ੍ਰਿਤਪਾਲ ਦੇ ਪਿਤਾ ਨੇ ਦੋਸ਼ ਲਾਇਆ ਕਿ ਸਰਕਾਰਾਂ ਵੱਲੋਂ ਜੇਲ੍ਹ ਵਿੱਚ ਕੇਸ ਦੀ ਸੁਣਵਾਈ ਅਧੀਨ ਇਨ੍ਹਾਂ ਸਿੱਖ ਨੌਜਵਾਨਾਂ ਨੂੰ ਬੇਲੋੜਾ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਜਾਣਬੁੱਝ ਕੇ ਸਿੱਖ ਨੌਜਵਾਨਾਂ ਨੂੰ ਪੰਜਾਬ ਤੋਂ ਦੂਰ ਅਸਾਮ ਦੀ ਜੇਲ੍ਹ ਵਿੱਚ ਭੇਜਿਆ ਗਿਆ, ਜਿਥੋਂ ਦਾ ਅਮਲਾ ਨਾ ਸਿੱਖ ਰਵਾਇਤਾਂ ਤੋਂ ਜਾਣੂ ਹੈ ਤੇ ਨਾ ਹੀ ਪੰਜਾਬੀ ਭਾਸ਼ਾ ਸਮਝਦਾ ਹੈ। ਇਸ ਕਰਕੇ ਸਿੱਖ ਕੈਦੀਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਤੋਂ ਪਹਿਲਾਂ ਅੰਮ੍ਰਿਤਪਾਲ ਦੀ ਪਤਨੀ ਕਿਰਨਦੀਪ ਕੌਰ ਨੇ ਡਿਬਰੂਗੜ੍ਹ ਜੇਲ੍ਹ ਵਿੱਚ ਸਿੱਖ ਕੈਦੀਆਂ ਵੱਲੋਂ ਭੁੱਖ ਹੜਤਾਲ ਆਰੰਭਣ ਦੀ ਸੂਚਨਾ ਦਿੱਤੀ ਸੀ। ਉਸ ਨੇ ਦੋਸ਼ ਲਾਇਆ ਸੀ ਕਿ ਜੇਲ੍ਹ ਵਿੱਚ ਬੰਦ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਆਪਣੇ ਘਰਾਂ ਵਿੱਚ ਫੋਨ ਕਰਨ ਦੀ ਪ੍ਰਵਾਨਗੀ ਨਹੀਂ ਦਿੱਤੀ ਜਾ ਰਹੀ ਸੀ। ਉਸ ਨੇ ਇਹ ਵੀ ਦੱਸਿਆ ਕਿ ਸੀ ਜੇਲ੍ਹ ਵਿੱਚ ਸਿੱਖ ਕੈਦੀਆਂ ਨੂੰ ਜੋ ਭੋਜਨ ਦਿੱਤਾ ਜਾਂਦਾ ਹੈ, ਉਸ ਵਿੱਚੋਂ ਤੰਬਾਕੂ ਵਰਗੇ ਪਦਾਰਥ ਮਿਲੇ ਹਨ। ਕਿਰਨਦੀਪ ਕੌਰ ਨੇ ਦੱਸਿਆ ਸੀ ਕਿ ਉਹ ਹਰ ਹਫ਼ਤੇ ਅੰਮ੍ਰਿਤਪਾਲ ਸਿੰਘ ਨੂੰ ਮਿਲਣ ਲਈ ਡਿਬਰੂਗੜ੍ਹ ਜੇਲ੍ਹ ਜਾਂਦੀ ਹੈ। ਇਸ ਹੜਤਾਲ ਬਾਰੇ ਉਸ ਨੂੰ ਇਸ ਹਫ਼ਤੇ ਹੀ ਪਤਾ ਲੱਗਿਆ ਸੀ। ਕਿਰਨਦੀਪ ਨੇ ਕਿਹਾ ਕਿ ਅਸਾਮ ਜੇਲ੍ਹ ਵਿੱਚ ਮੁਲਾਕਾਤ ਲਈ ਜਾਣ ਵਾਸਤੇ ਹਰ ਵਾਰ ਹਜ਼ਾਰਾਂ ਰੁਪਏ ਖਰਚ ਹੁੰਦੇ ਹਨ ਤੇ ਹਰ ਪਰਿਵਾਰ ਲਈ ਇਹ ਖਰਚਾ ਕਰ ਸਕਣਾ ਸੰਭਵ ਨਹੀਂ ਹੈ। ਜੇਕਰ ਫੋਨ 'ਤੇ ਗੱਲਬਾਤ ਦੀ ਆਗਿਆ ਮਿਲੇ ਤਾਂ ਇਹ ਖਰਚਾ ਬਚ ਸਕਦਾ ਹੈ।

# ਸੁੱਕੇ ਪ੍ਰਸ਼ਾਦਿਆਂ ਦਾ ਘਪਲਾ: ਸ਼੍ਰੋਮਣੀ ਕਮੇਟੀ ਨੇ 52 ਕਰਮਚਾਰੀਆਂ ਨੂੰ ਮੁਅੱਤਲ ਕੀਤਾ



ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਨੇ ਵੱਡੀ ਕਾਰਵਾਈ ਕਰਦਿਆਂ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਵਿੱਚ ਸੁੱਕੇ ਪ੍ਰਸ਼ਾਦਿਆਂ ਦੇ ਘਪਲੇ ਵਿੱਚ 52 ਕਰਮਚਾਰੀਆਂ ਨੂੰ ਮੁਅੱਤਲ ਕਰ ਦਿੱਤਾ ਹੈ। ਇਨ੍ਹਾਂ ਵਿੱਚ ਮੈਨੇਜਰ ਪੱਧਰ ਦੇ ਕਈ ਅਧਿਕਾਰੀ ਅਤੇ ਹੋਰ ਹੇਠਲੇ ਅਧਿਕਾਰੀ ਸ਼ਾਮਲ ਹਨ। ਇਸ ਤੋਂ ਪਹਿਲਾਂ ਇਸ ਮਾਮਲੇ ਵਿੱਚ 2 ਸਟੋਰ ਕੀਪਰ ਮੁਅੱਤਲ ਕੀਤੇ ਗਏ ਸਨ। ਅੱਜ ਇਸ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਦੇ ਫਲਾਇੰਗ ਵਿਭਾਗ ਵੱਲੋਂ ਆਪਣੀ ਜਾਂਚ ਰਿਪੋਰਟ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਸੌਂਪੀ ਗਈ , ਜਿਸ ਤੋਂ ਬਾਅਦ ਇਹ ਕਾਰਵਾਈ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਅਧਿਕਾਰੀਆਂ ਦੇ ਮੁਤਾਬਕ ਲੰਗਰ ਘਰ ਦੇ ਸੁੱਕੇ ਪ੍ਰਸ਼ਾਦਿਆਂ ਦੀ ਵਿਕਰੀ ਦੀ ਰਕਮ ਨਾ ਜਮ੍ਹਾਂ ਕਰਾਉਣ ਦਾ ਇਹ ਮਾਮਲਾ ਕਰੋਨਾ ਕਾਲ ਵੇਲੇ ਦੇ 2019 ਤੋਂ ਲੈ ਕੇ 2021 ਦਾ ਹੈ। ਇਸ ਸਮੇਂ ਦੌਰਾਨ ਲੰਗਰ ਘਰ ਦੇ ਸੁੱਕੇ ਅਤੇ ਬਚੇ ਹੋਏ ਪ੍ਰਸ਼ਾਦੇ ਵੇਚੇ ਗਏ ਪਰ ਉਸ ਦੀ ਰਕਮ ਜਮ੍ਹਾਂ ਨਹੀਂ ਕਰਵਾਈ। ਇਹ ਘਪਲਾ 60 ਤੋਂ 70 ਲੱਖ ਰੁਪਏ ਦਾ ਦੱਸਿਆ ਜਾ ਰਿਹਾ। ਇਸ ਮਾਮਲੇ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ 'ਤੇ ਸਵਾਲੀਆ ਚਿੰਨ੍ਹ ਲਾਇਆ ਸੀ।

# ਰਾਅ ਦਾ ਦਫ਼ਤਰ ਘੇਰਨ ਜਾਂਦੇ ਦਲ ਖਾਲਸਾ ਦੇ ਕਾਰਕੁਨ ਹਿਰਾਸਤ 'ਚ ਲਏ



ਅੰਮ੍ਰਿਤਸਰ : ਖਾਲਿਸਤਾਨ ਦੇ ਸੰਘਰਸ਼ ਨਾਲ ਜੁੜੇ ਵਿਅਕਤੀਆਂ ਨੂੰ ਵਿਦੇਸ਼ ਵਿੱਚ ਕਤਲ ਕੀਤੇ ਜਾਣ ਵਿਰੁੱਧ ਦਲ ਖ਼ਾਲਸਾ ਵੱਲੋਂ ਅੱਜ ਭਾਰਤੀ ਖੁਫੀਆ ਏਜੰਸੀ ਦੇ ਦਫ਼ਤਰ ਵੱਲ ਰੋਸ ਪ੍ਰਦਰਸ਼ਨ ਕਰਨ ਜਾਂਦੇ ਦਲ ਖ਼ਾਲਸਾ ਦੇ 86 ਕਾਰਕੁਨਾਂ ਨੂੰ ਪੁਲੀਸ ਨੇ ਹਿਰਾਸਤ ਵਿੱਚ ਲੈ ਲਿਆ। ਇਸ ਤੋਂ ਪਹਿਲਾਂ ਸਿੱਖ ਜਥੇਬੰਦੀ ਵੱਲੋਂ ਕੈਨੇਡਾ ਵਿੱਚ ਕਤਲ ਕੀਤੇ ਗਏ ਹਰਦੀਪ ਸਿੰਘ ਨਿੱਜਰ ਨਮਿਤ ਸ੍ਰੀ ਅਖੰਡ ਪਾਠ ਦੇ ਭੋਗ ਸ੍ਰੀ ਦਰਬਾਰ ਸਾਹਿਬ ਸਮੂਹ ਵਿੱਚ ਪਾਏ ਗਏ। ਭੋਗ ਮਗਰੋਂ ਦਲ ਖਾਲਸਾ ਦੇ ਆਗੂ ਪਰਮਜੀਤ ਸਿੰਘ ਮੰਡ ਦੀ ਅਗਵਾਈ ਹੇਠ 100 ਨੌਜਵਾਨਾਂ ਦਾ ਇੱਕ ਜੱਥਾ ਭਾਰਤੀ ਖੁਫੀਆ ਏਜੰਸੀ 'ਰਾਅ' ਦੇ ਦਫਤਰ ਦੇ ਬਾਹਰ ਰੋਸ ਪ੍ਰਦਰਸ਼ਨ ਕਰਨ ਲਈ ਰਵਾਨਾ ਹੋਇਆ ਪਰ ਪੁਲੀਸ ਨੇ ਇਨ੍ਹਾਂ ਨੂੰ ਹੈਰੀਟੇਜ ਸਟਰੀਟ ਨੇੜੇ ਹੀ ਹਿਰਾਸਤ ਵਿੱਚ ਲੈ ਲਿਆ। ਦਲ ਖਾਲਸਾ ਵੱਲੋਂ ਇੱਥੇ ਦਰਬਾਰ ਸਾਹਿਬ ਸਮੂਹ ਵਿੱਚ ਕੈਨੇਡਾ 'ਚ ਕਤਲ ਕੀਤੇ ਗਏ ਹਰਦੀਪ ਸਿੰਘ ਨਿੱਜਰ ਨਮਿਤ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਅਕਾਲ ਤਖਤ ਵੱਲੋਂ ਗਿਆਨੀ ਮਲਕੀਅਤ ਸਿੰਘ ਅਤੇ ਪੰਥਕ ਜਥੇਬੰਦੀਆਂ ਦੇ ਆਗੂਆਂ ਨੇ ਸਮਾਗਮ ਵਿੱਚ ਸ਼ਿਰਕਤ ਕੀਤੀ ਅਤੇ ਭਾਈ ਨਿੱਜਰ ਨੂੰ ਸ਼ਹੀਦ ਦਾ ਦਰਜਾ ਦਿੱਤਾ। ਇਸ ਮੌਕੇ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਅਤੇ ਦਲ ਖਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਨੇ ਦੋਸ਼ ਲਾਇਆ ਕਿ ਭਾਰਤੀ ਸੁਰੱਖਿਆ ਅਦਾਰੇ ਖਾਲਿਸਤਾਨੀ ਸਿੱਖਾਂ ਨੂੰ ਦੁਨੀਆ ਭਰ ਵਿੱਚ ਲੁਕਵੇਂ ਅਤੇ ਗੈਰ-ਕਾਨੂੰਨੀ ਢੰਗ ਨਾਲ ਖਤਮ ਕਰ ਰਹੇ ਹਨ, ਜਿਸ ਨੂੰ ਰੋਕਿਆ ਜਾਣਾ ਚਾਹੀਦਾ ਹੈ।

# ਐੱਨਆਈਏ ਨੇ ਅੰਮ੍ਰਿਤਸਰ ਦੇ ਦੋ ਭਰਾਵਾਂ ਦੀ ਜਾਇਦਾਦ ਕੁਰਕ ਕੀਤੀ

ਨਵੀਂ ਦਿੱਲੀ : ਕੌਮੀ ਜਾਂਚ ਏਜੰਸੀ (ਐੱਨਆਈਏ) ਨੇ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਨਸ਼ੀਲੇ ਪਦਾਰਥਾਂ ਦੇ ਅਤਿਵਾਦ ਦੇ ਮਾਮਲੇ ਵਿੱਚ ਮੁਲਜ਼ਮ ਦੋ ਭਰਾਵਾਂ ਦੇ ਘਰ ਨੂੰ ਕੁਰਕ ਕਰ ਲਿਆ ਹੈ। ਇਹ ਰਿਹਾਇਸ਼ੀ ਜਾਇਦਾਦ ਨੂੰ ਗੈਰਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ ਦੀ ਧਾਰਾ 25 (1) ਦੇ ਤਹਿਤ ਅਤਿਵਾਦ ਦੀ ਕਮਾਈ ਵਜੋਂ ਕੁਰਕ ਕੀਤਾ ਗਿਆ ਹੈ। ਇਸ ਮਾਮਲੇ ਵਿੱਚ ਦੋਵਾਂ ਨੂੰ ਪਹਿਲਾਂ ਐੱਨਆਈਏ ਦੁਆਰਾ ਗ੍ਰਿਫ਼ਤਾਰ ਕੀਤਾ ਜਾ ਚੁੱਕਿਆ ਹੈ। ਸਰਹੱਦ ਪਾਰ ਤੋਂ ਦਰਾਮਦ ਕੀਤੇ ਨਮਕ ਦੇ ਓਹਲੇ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਕੀਤੀ ਜਾ ਰਹੀ ਸੀ। ਤਸਕਰੀ ਕੀਤੇ ਨਸ਼ੀਲੇ ਪਦਾਰਥਾਂ ਦੀ ਵਿਕਰੀ ਦੀ ਕਮਾਈ ਪੰਜਾਬ ਵਿੱਚ ਚੱਲ ਅਤੇ ਅਚੱਲ ਜਾਇਦਾਦ ਬਣਾਉਣ ਲਈ ਵਰਤੀ ਜਾ ਰਹੀ ਸੀ। ਇਸ ਤੋਂ ਇਲਾਵਾ ਕਸ਼ਮੀਰ ਘਾਟੀ ਵਿੱਚ ਹਿਜ਼ਬ-ਉਲ-ਮੁਜਾਹਿਦੀਨ ਦੇ ਅਤਿਵਾਦੀਆਂ ਨੂੰ ਫੰਡ ਦਿੱਤਾ ਜ ਰਿਹਾ ਸੀ। ਏਜੰਸੀ ਵੱਲੋਂ ਇਸ ਤੋਂ ਪਹਿਲਾਂ 60 ਕਨਾਲ 10 ਮਰਲੇ ਜ਼ਮੀਨ, 6 ਵਾਹਨ ਅਤੇ 6,35,000 ਰੁਪਏ ਵੀ ਜ਼ਬਤ ਕੀਤੇ ਗਏ ਹਨ।




ਮਾਮਲਾ ਪਾਕਿਸਤਾਨ ਤੋਂ ਭਾਰਤ ਵਿੱਚ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਲਈ ਨਾਰਕੋ ਟੈਰਰ ਮਾਡਿਊਲ ਦੁਆਰਾ ਰਚੀ ਗਈ ਸਾਜ਼ਿਸ਼ ਨਾਲ ਸਬੰਧਤ ਹੈ। ਦੋਵੇਂ ਭਰਾਵਾਂ ਬਿਕਰਮਜੀਤ ਸਿੰਘ ਉਰਫ਼ ਬਿਕਰਮ ਸਿੰਘ ਅਤੇ ਮਨਿੰਦਰ ਸਿੰਘ ਉਰਫ਼ ਮਨੀ ਦੀ

# ਯੂ. ਸੀ. ਸੀ. ਤੋਂ ਚਿੰਤਤ ਸਿੱਖ ਭਾਈਚਾਰੇ ਦੇ ਕਾਰਕੁਨਾਂ ਨੇ ਸਿੱਖ ਪਰਸਨਲ ਲਾਅ ਬੋਰਡ ਬਣਾਉਣ ਦਾ ਕੀਤਾ ਫ਼ੈਸਲਾ



ਨਵੀਂ ਦਿੱਲੀ : ਦੇਸ਼ ਵਿਚ ਇਕਸਾਰ ਸਿਵਲ ਕੋਡ ਨੂੰ ਲੈ ਕੇ ਚੱਲ ਰਹੀ ਬਹਿਸ ਵਿਚਾਲੇ ਸਿੱਖ ਭਾਈਚਾਰੇ ਦੇ ਕਾਰਕੁਨਾਂ ਨੇ ਸਿੱਖ ਪਰਸਨਲ ਲਾਅ ਬੋਰਡ ਦੇ ਗਠਨ ਦਾ ਐਲਾਨ ਕੀਤਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੋਵਾਂ ਨੇ ਮੋਦੀ ਸਰਕਾਰ ਦੇ ਪ੍ਰਸਤਾਵ 'ਤੇ ਆਪਣੇ ਪਹਿਲੇ ਪ੍ਰਤੀਕਰਮ ਵਿੱਚ ਯੂ. ਸੀ. ਸੀ. (ਯੂਨੀਫਾਰਮ ਸਿਵਲ ਕੋਡ) ਦਾ ਵਿਰੋਧ ਕਰਨ ਦਾ ਐਲਾਨ ਕਰ ਚੁੱਕੇ ਹਨ। ਹਾਲਾਂਕਿ ਇਸ ਮੁੱਦੇ ਦੀ ਅਗਵਾਈ ਦਿੱਲੀ ਸਥਿਤ ਸਿੱਖ ਵਰਕਰਾਂ ਦੇ ਇਕ ਗਰੁੱਪ 'ਦਿ ਸਿੱਖ ਕਲੈਕਟਿਵ' ਨੇ ਕੀਤੀ ਸੀ। ਜਿਸ ਨੇ ਸ਼ਨੀਵਾਰ ਨੂੰ ਇਕਸਾਰ ਸਿਵਲ ਕੋਡ 'ਤੇ ਦਿੱਲੀ ਦੇ ਤਿਲਕ ਨਗਰ ਸਥਿਤ ਗੁਰਦੁਆਰਾ ਮੁਖਰਜੀ ਪਾਰਕ ਵਿਚ ਸਿੱਖ ਕਾਰਕੁਨਾਂ ਦੀ ਮੀਟਿੰਗ ਵਿੱਚ ਵਿਚਾਰ ਵਟਾਂਦਰੇ ਤੋਂ ਬਾਅਦ ਸਿੱਖ ਪਰਸਨਲ ਲਾਅ ਬੋਰਡ ਦੇ ਗਠਨ ਦਾ ਐਲਾਨ ਕੀਤਾ ਸੀ। ਗਰੁੱਪ ਨੇ ਐਲਾਨ ਕੀਤਾ ਕਿ ਬੋਰਡ ਸਿੱਖ ਪਰਸਨਲ ਲਾਅ ਲਈ ਕੋਸ਼ਿਸ਼ ਕਰੇਗਾ ਅਤੇ ਇਸ ਮੁੱਦੇ 'ਤੇ ਕੇਂਦਰ ਸਰਕਾਰ ਦੇ ਇਕੱਠੇ ਜੁੜਨ ਅਤੇ ਭਾਈਚਾਰੇ ਦੇ ਅੰਦਰ ਇਕ ਰਾਏ ਬਣਾਉਣ ਦੀ ਵੀ ਕੋਸ਼ਿਸ਼ ਕਰੇਗਾ।

ਹਾਲਾਂਕਿ ਇਹ ਵੇਖਣਾ ਅਜੇ ਬਾਕੀ ਹੈ ਕਿ ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖ਼ਤ ਸਮੇਤ ਪ੍ਰਮੁੱਖ ਸਿੱਖ ਸੰਸਥਾਵਾਂ ਜਾਂ ਸੰਸਥਾਵਾਂ ਇਸ ਘੋਸ਼ਣਾ 'ਤੇ ਕੀ ਪ੍ਰਤੀਕਿਰਿਆ ਕਰਦੀਆਂ ਹਨ ਜਦਕਿ ਯੂ. ਸੀ. ਸੀ. ਅਤੇ ਸਬੰਧਤ ਮੁੱਦਿਆਂ 'ਤੇ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਜਾਂ ਅਕਾਲ ਤਖ਼ਤ ਦੇ ਜਥੇਦਾਰ ਦੁਆਰਾ ਵਿਚਾਰਿਆ ਜਾਣਾ ਬਾਕੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਦਿੱਲੀ ਇਕਾਈ ਦੇ ਮੁਖੀ ਪਰਮਜੀਤ ਸਿੰਘ ਸਰਨਾ ਨੇ ਮੰਗਲਵਾਰ ਨੂੰ ਪਾਰਟੀ ਦੇ ਦਿੱਲੀ ਦਫ਼ਤਰ ਦੇ ਯੂ. ਸੀ. ਸੀ. 'ਤੇ ਇਕ ਬੈਠਕ ਬੁਲਾਈ ਹੈ। ਸਿੱਖ ਕਲੈਕਟਿਵ ਦੇ ਨੁਮਾਇੰਦਿਆਂ ਨੇ ਕਿਹਾ ਕਿ ਉਨ੍ਹਾਂ ਦੀ ਲੜਾਈ ਵਿਲੱਖਣਤਾ ਅਤੇ ਏਕਤਾ ਵਿਚਕਾਰ ਹੈ। ਸਿੱਖ ਮਾਮਲਿਆਂ ਦੇ ਕਾਰਕੁਨ ਅਤੇ ਕਾਲਮਨਵੀਸ ਜਗਮੋਹਨ ਸਿੰਘ, ਜਿਨ੍ਹਾਂ ਨੂੰ ਇਸ ਮੁੱਦੇ 'ਤੇ ਕੰਮ ਕਰਨ ਲਈ ਤਿੰਨ ਮੈਂਬਰੀ ਪੈਨਲ ਦਾ ਕਨਵੀਨਰ ਨਿਯੁਕਤ ਕੀਤਾ ਗਿਆ ਹੈ, ਨੇ ਕਿਹਾ, 'ਅਸੀਂ ਇਕ ਵਿਲੱਖਣ ਅਤੇ ਵੱਖਰਾ ਧਰਮ ਹਾਂ ਪਰ ਸਿਵਲ ਕਾਨੂੰਨਾਂ ਦੀ ਇਕਸਾਰਤਾ ਦੇ ਨਾਮ ਹੇਠ ਪਹਿਲਾਂ ਹੀ ਏਕਤਾ ਦਾ ਸਾਹਮਣਾ ਕਰ ਰਹੇ ਹਾਂ।'

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਪਰੰਪਰਾ, ਸੰਸਕ੍ਰਿਤੀ ਅਤੇ ਘੱਟ ਗਿਣਤੀ ਦੇ ਅਹਿਮ ਪਛਾਣ ਦੇ ਸੰਭਾਵਿਤ ਨੁਕਸਾਨ ਬਾਰੇ ਵਿਚ ਚਿੰਤਾ ਦਾ ਹਵਾਲਾ ਦਿੰਦੇ ਹੋਏ ਯੂ. ਸੀ. ਸੀ. ਦਾ ਵਿਰੋਧ ਕੀਤਾ ਹੈ। ਸ਼੍ਰੋਮਣੀ ਅਕਾਲੀ ਦਲ ਨੇ ਵੀ ਪਹਿਲਾਂ ਹੀ ਵਿਰੋਧ ਵਿਚ ਆਵਾਜ਼ ਬੁਲੰਦ ਕਰਦੇ ਹੋਏ ਕਿਹਾ ਸੀ ਕਿ ਪੂਰੇ ਦੇਸ਼ ਵਿਚ ਯੂ.ਸੀ.ਸੀ. ਲਾਗੂ ਹੋਣ ਨਾਲ ਘੱਟ ਗਿਣਤੀ ਅਤੇ ਆਦਿਵਾਸੀ ਭਾਈਚਾਰੇ 'ਤੇ ਪ੍ਰਭਾਵ ਪਵੇਗਾ।

ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

## ਅਟਵਾਲ ਪਰਿਵਾਰ ਨੂੰ ਭਾਰੀ ਸਦਮਾ

# ਸਤਿਕਾਰਯੋਗ ਸ੍ਰ. ਸੁਦੇਸ਼ ਸਿੰਘ ਅਟਵਾਲ ਨਹੀਂ ਰਹੇ



ਸ੍ਰ. ਸੁਦੇਸ਼ ਸਿੰਘ ਅਟਵਾਲ

ਅਟਵਾਲ ਪਰਿਵਾਰ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ ਜਦੋਂ ਸਤਿਕਾਰਯੋਗ ਸ੍ਰ. ਸੁਦੇਸ਼ ਸਿੰਘ ਅਟਵਾਲ ਅਕਾਲ ਚਲਾਣਾ ਕਰ ਗਏ। ਸ੍ਰ. ਅਟਵਾਲ ਜੀ ਦਾ ਪਿੰਡ ਖੁਰਦਪੁਰ ਹੈ। ਸਾਰੀ ਜ਼ਿੰਦਗੀ ਵਾਹਿਗੁਰੂ ਦਾ ਜਾਪ ਕਰਨ ਵਾਲੇ ਹਰ ਇੱਕ ਨੂੰ ਪਿਆਰ ਮੁਹੱਬਤ ਨਾਲ ਬਲਾਉਣ ਵਾਲੇ ਸ੍ਰ. ਸੁਦੇਸ਼ ਸਿੰਘ ਅਟਵਾਲ ਜੀ ਇੱਕ ਸੱਚੇ ਸੁੱਚੇ ਅਤੇ ਨੇਕ ਸੁਭਾਅ ਦੇ ਮਾਲਕ ਸਨ। ਭਾਵੇਂ ਅੱਜ ਸ੍ਰ. ਸੁਦੇਸ਼ ਸਿੰਘ ਅਟਵਾਲ ਸਾਡੇ ਵਿੱਚ ਨਹੀਂ ਹਨ ਪ੍ਰੰਤੂ ਉਨ੍ਹਾਂ ਦੀਆਂ ਯਾਦਾਂ ਹਮੇਸ਼ਾ ਹੀ ਸਾਡੇ ਨਾਲ ਰਹਿਣਗੀਆਂ। ਵਾਹਿਗੁਰੂ ਜੀ ਦੇ ਚਰਨਾ 'ਚ ਅਰਦਾਸ ਕਰਦੇ ਹਾਂ ਕਿ ਇਸ ਮਹਾਨ ਪਵਿੱਤਰ ਆਤਮਾ ਨੂੰ ਆਪਣੇ ਚਰਨਾ 'ਚ ਨਿਵਾਸ ਬਖਸ਼ੇ ਅਤੇ ਪ੍ਰਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ

**ਉਨ੍ਹਾਂ ਦਾ ਅੰਤਿਮ ਸਸਕਾਰ 8 ਜੁਲਾਈ ਦਿਨ ਸ਼ਨੀਵਾਰ ਨੂੰ ਸਵੇਰੇ 9.00 ਹੋਵੇਗਾ।**

**Funeral**
SATURDAY, JULY 8
9.00 AM - 10.30 AM
CHIMES HAYWARD

FOLLOWED BY ANTIM ARDAAS
GURUDAWARA SAHIB (AKANDPAATH SAHIB PATH STARTS
ON SATURDAY 12.30 PM AND BHOG ON JULY 8TH 12.30 PM)

**ਪ੍ਰਵਾਰ ਨਾਲ ਦੁੱਖ ਸਾਂਝਾ ਕਰਨ ਲਈ**

**ਰਾਜ ਅਟਵਾਲ (510) 469-6687**

**ਰਵੀ ਅਟਵਾਲ (510) 715-2967**

# ਭਾਜਪਾ ਨੂੰ ਪੰਜਾਬ ਦੇ 13 ਲੋਕ ਸਭਾ ਤੇ 117 ਵਿਧਾਨ ਸਭਾ ਹਲਕਿਆਂ 'ਚ ਮਜ਼ਬੂਤ ਕਰਨਾ ਮੇਰਾ ਉਦੇਸ਼: ਜਾਖੜ

ਨਵੀਂ ਦਿੱਲੀ : ਪੰਜਾਬ ਭਾਜਪਾ ਦੇ ਨਵ-ਨਿਯੁਕਤ ਪ੍ਰਧਾਨ ਸੁਨੀਲ ਜਾਖੜ ਨੇ ਅੱਜ ਕਿਹਾ ਹੈ ਕਿ ਉਨ੍ਹਾਂ ਦਾ ਉਦੇਸ਼ ਸਾਰੀਆਂ 13 ਲੋਕ ਸਭਾ ਅਤੇ 117 ਵਿਧਾਨ ਸਭਾ ਸੀਟਾਂ 'ਤੇ ਪਾਰਟੀ ਨੂੰ ਮਜ਼ਬੂਤ ??ਕਰਨਾ ਹੈ। ਅੱਜ ਇਥੇ ਪਾਰਟੀ ਹੈੱਡਕੁਆਰਟਰ ਵਿਖੇ ਭਾਜਪਾ ਪ੍ਰਧਾਨ ਜੇਪੀ ਨੱਢਾ ਨਾਲ ਧੰਨਵਾਦੀ ਮੀਟਿੰਗ ਤੋਂ ਬਾਅਦ ਸ੍ਰੀ ਜਾਖੜ ਨੇ ਤਿੰਨ ਖੇਤੀ ਕਾਨੂੰਨਾਂ ਦਾ ਵਿਰੋਧ ਕਰਦਿਆਂ 2021 ਵਿੱਚ ਐੱਨਡੀਏ ਨੂੰ ਛੱਡਣ ਵਾਲੇ ਸ਼੍ਰੋਮਣੀ ਅਕਾਲੀ ਦਲ ਨਾਲ ਮੁੜ ਗਠਜੋੜ ਦੀਆਂ ਸੰਭਾਵਨਾਵਾਂ ਬਾਰੇ ਕੋਈ ਸਿੱਧੀ ਟਿੱਪਣੀ ਕਰਨ ਤੋਂ ਗੁਰੇਜ਼ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਕਿਸੇ



ਵੀ ਗਠਜੋੜ ਦੀ ਗੱਲਬਾਤ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਦਾ ਵਿਸ਼ੇਸ਼ ਅਧਿਕਾਰ ਹੈ।

# ਹਰਸਿਮਰਤ ਕੌਰ ਬਾਦਲ ਫਿਰ ਤੋਂ ਹੋ ਸਕਦੇ ਹਨ ਮੋਦੀ ਸਰਕਾਰ ਦਾ ਹਿੱਸਾ

ਚੰਡੀਗੜ੍ਹ : ਮਹਾਰਾਸ਼ਟਰ 'ਚ ਹੋਏ ਘਟਨਾਕ੍ਰਮ ਦਾ ਅਸਰ ਪੰਜਾਬ 'ਤੇ ਵੀ ਹੋ ਸਕਦਾ ਹੈ। ਭਾਜਪਾ ਨੇ ਅਗਲੀਆਂ ਲੋਕ ਸਭਾ ਚੋਣਾਂ ਲਈ ਆਪਣੇ ਕੁਨਬੇ ਨੂੰ ਵੱਡਾ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਕੜੀ 'ਚ ਜਿੱਥੇ ਨਵੀਆਂ ਪਾਰਟੀਆਂ ਨੂੰ ਜੋੜਿਆ ਜਾ ਰਿਹਾ ਹੈ, ਉੱਥੇ ਹੀ ਕਿਸੇ ਨਾ ਕਿਸੇ ਕਾਰਨ ਵੱਖ ਹੋਏ ਪੁਰਾਣੇ ਸਾਥੀਆਂ ਨੂੰ ਵੀ ਐੱਨ. ਡੀ. ਏ. ਦਾ ਫਿਰ ਤੋਂ ਹਿੱਸਾ ਬਣਾਉਣ ਦੀ ਦਿਸ਼ਾ 'ਚ ਕੰਮ ਚੱਲ ਰਿਹਾ ਹੈ। ਪੰਜਾਬ 'ਚ ਚਰਚਾ ਹੈ ਕਿ ਐੱਨ. ਡੀ. ਏ. ਸਰਕਾਰ ਦੇ ਮੋਦੀ ਮੰਤਰੀ ਮੰਡਲ ਦੇ ਇਸ ਵਿਸਥਾਰ ਅਤੇ ਫੇਰਬਦਲ ਦੌਰਾਨ ਅਕਾਲੀ ਦਲ ਤੋਂ ਹਰਸਿਮਰਤ ਕੌਰ ਬਾਦਲ ਫਿਰ ਤੋਂ ਮੰਤਰੀ ਬਣਾਏ ਜਾ ਸਕਦੇ ਹਨ। ਹਾਲਾਂਕਿ ਪਹਿਲਾਂ ਦੀ ਤਰ੍ਹਾਂ ਦਬਾਅ ਪਾ ਕੇ ਲਿਆ ਗਿਆ ਫੂਡ ਪ੍ਰੋਸੈਸਿੰਗ ਮੰਤਰਾਲਾ ਇਸ ਵਾਰ ਸ਼ਾਇਦ ਨਾ ਮਿਲ ਸਕੇ।

ਜ਼ਿਕਰਯੋਗ ਹੈ ਕਿ ਅਕਾਲੀ ਦਲ ਵੱਲੋਂ ਹਰਸਿਮਰਤ ਅਤੇ ਉਨ੍ਹਾਂ ਦੇ ਪਤੀ ਸੁਖਬੀਰ ਬਾਦਲ ਹੀ ਲੋਕ ਸਭਾ ਮੈਂਬਰ ਹਨ। ਰਾਜ ਸਭਾ 'ਚ ਲੰਬੇ ਅਰਸੇ ਬਾਅਦ ਅਕਾਲੀ ਦਲ ਦਾ ਕੋਈ ਸੰਸਦ ਮੈਂਬਰ ਨਹੀਂ ਹੈ। ਹਰਸਿਮਰਤ 2014 ਤੋਂ ਮੋਦੀ ਸਰਕਾਰ 'ਚ ਫੂਡ ਪ੍ਰੋਸੈਸਿੰਗ ਮੰਤਰਾਲਾ ਦਾ ਜ਼ਿੰਮਾ ਸੰਭਾਲ ਰਹੇ ਸਨ ਪਰ 3 ਖੇਤੀ ਕਾਨੂੰਨਾਂ ਨੂੰ ਲੈ ਕੇ ਲੋਕਾਂ ਅਤੇ ਖਾਸ ਕਰਕੇ ਕਿਸਾਨਾਂ ਦੀ ਮੋਦੀ ਸਰਕਾਰ ਪ੍ਰਤੀ ਨਾਰਾਜ਼ਗੀ ਵੇਖ ਕੇ ਉਨ੍ਹਾਂ ਨੇ 2020 'ਚ ਮੰਤਰੀ ਮੰਡਲ ਤੋਂ ਅਸਤੀਫਾ ਦੇ ਦਿੱਤਾ ਸੀ। ਹਾਲਾਂਕਿ ਇਸ ਅਸਤੀਫ਼ੇ ਦਾ ਕੋਈ ਰਾਜਨੀਤਕ ਫਾਇਦਾ ਚੁੱਕਣ 'ਚ ਅਕਾਲੀ ਦਲ ਨਾਕਾਮ ਰਿਹਾ। 2022 ਦੀਆਂ ਵਿਧਾਨ ਸਭਾ ਚੋਣਾਂ 'ਚ ਉਸ ਦਾ ਹੁਣ ਤੱਕ ਦਾ ਸਭ ਤੋਂ ਮਾੜਾ ਪ੍ਰਦਰਸ਼ਨ ਦੇਖਣ ਨੂੰ ਮਿਲਿਆ, ਜਦੋਂ ਉਸ ਦੇ ਸਿਰਫ 3 ਵਿਧਾਇਕ ਹੀ ਜਿੱਤ ਕੇ 117 ਮੈਂਬਰੀ ਵਿਧਾਨ ਸਭਾ ਦਾ ਹਿੱਸਾ ਬਣੇ। ਇਸ ਤੋਂ ਬਾਅਦ ਹੋਈਆਂ 2 ਲੋਕ ਸਭਾ ਉੱਪ ਚੋਣਾਂ 'ਚ ਵੀ ਅਕਾਲੀ ਦਲ ਨੂੰ ਹਾਰ ਹੀ ਮਿਲੀ। ਦੂਜੇ ਪਾਸੇ ਉਸ ਦੀ ਸਾਥੀ ਰਹੀ ਭਾਜਪਾ ਬੇਹੱਦ ਮਜ਼ਬੂਤ ਹੁੰਦੀ ਰਹੀ। ਭਾਜਪਾ ਨੂੰ ਪਤਾ ਹੈ ਕਿ ਉਸ ਕੋਲ ਅਜਿਹੇ ਚਿਹਰਿਆਂ ਦੀ ਹਮੇਸ਼ਾ ਕਮੀ ਰਹੀ ਹੈ, ਜਿਨ੍ਹਾਂ ਦਾ ਕੋਈ ਆਧਾਰ ਹੋਵੇ ਜਾਂ ਜਿਨ੍ਹਾਂ ਨੂੰ ਪੂਰੇ ਪੰਜਾਬ 'ਚ ਲੋਕ ਜਾਣਦੇ ਪਛਾਣਦੇ ਹੋਣ। ਇਸ ਲਈ ਭਾਜਪਾ ਨੇ ਹੋਰ ਪਾਰਟੀਆਂ ਤੋਂ ਕਈ ਸੀਨੀਅਰ ਨੇਤਾਵਾਂ ਅਤੇ ਸਾਬਕਾ ਮੰਤਰੀਆਂ ਨੂੰ ਪਾਰਟੀ 'ਚ ਸ਼ਾਮਿਲ ਕਰਨ ਤੋਂ ਗੁਰੇਜ਼ ਨਹੀਂ ਕੀਤਾ।

ਬਦਲੇ ਰਾਜਨੀਤਕ ਹਾਲਾਤ 'ਚ ਅਕਾਲੀ ਦਲ ਵੀ ਸਮਝਦਾ ਹੈ ਕਿ ਉਸ ਤੋਂ ਕਿਤੇ ਜ਼ਿਆਦਾ ਮਜ਼ਬੂਤ ਕਾਂਗਰਸ ਅਤੇ ਉਸ ਤੋਂ ਵੀ ਕਿਤੇ ਜ਼ਿਆਦਾ ਤਾਕਤਵਰ ਆਮ ਆਦਮੀ ਪਾਰਟੀ ਹੈ। ਲੰਘੀਆਂ 2 ਵਿਧਾਨ ਸਭਾ ਚੋਣਾਂ ਹਾਰਨ ਦੇ ਨਾਲ ਹੀ ਪਾਰਟੀ ਸੂਬੇ 'ਚ ਹਾਸ਼ੀਏ 'ਤੇ ਪਹੁੰਚ ਚੁੱਕੀ ਹੈ। ਦੂਜੇ ਪਾਸੇ ਕੇਂਦਰ ਸਰਕਾਰ ਤੋਂ ਵੀ ਉਹ ਬਾਹਰ ਹੈ। ਅਜਿਹੇ 'ਚ ਰਾਜਨੀਤਕ ਵਜੂਦ ਬਚਾਈ ਰੱਖਣ ਲਈ ਉਸ ਨੂੰ ਭਾਜਪਾ ਵਰਗੇ ਮਜ਼ਬੂਤ ਸਹਾਰੇ ਦੀ ਜ਼ਰੂਰਤ ਹੈ।



ਭਾਜਪਾ ਨੂੰ ਵੀ ਪਤਾ ਲੱਗ ਚੁੱਕਾ ਹੈ ਕਿ ਪੰਜਾਬ ਵਰਗੇ ਸੂਬੇ ਵਿਚ ਉਸ ਨੂੰ ਪ੍ਰਾਦੇਸ਼ਿਕ ਦਲ ਦੇ ਰੂਪ 'ਚ ਵੈਸਾਖੀ ਦੀ ਜ਼ਰੂਰਤ ਕਿੱਤੇ ਜ਼ਿਆਦਾ ਹੈ। ਹੁਣ ਇਹ ਤੈਅ ਹੈ ਕਿ ਦੋਵੇਂ ਪਾਰਟੀਆਂ ਮਜ਼ਬੂਰੀ 'ਚ ਹੀ ਸਹੀ ਪਰ ਲੋਕ ਸਭਾ ਚੋਣਾਂ ਤੋਂ ਪਹਿਲਾਂ ਇਕੱਠੀਆਂ ਹੋਣਗੀਆਂ ਜਿਸ ਦੀ ਨੀਂਹ ਕੇਂਦਰ ਸਰਕਾਰ 'ਚ ਅਕਾਲੀ ਦਲ ਦੇ ਸ਼ਾਮਿਲ ਹੋਣ 'ਤੇ ਪਵੇਗੀ।

ਜੇਕਰ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ 'ਚ ਦੁਬਾਰਾ ਗਠਜੋੜ ਹੁੰਦਾ ਹੈ ਤਾਂ ਇਹ ਤੈਅ ਹੈ ਕਿ ਇਸ ਵਾਰ ਸਮਝੌਤੇ ਦੀਆਂ ਸ਼ਰਤਾਂ ਕੁਝ ਅਲੱਗ ਰਹਿਣਗੀਆਂ ਜਿਸ 'ਚ ਭਾਜਪਾ ਦਾ ਪੱਖ ਪਹਿਲਾਂ ਦੇ ਮੁਕਾਬਲੇ ਬਹੁਤ ਭਾਰੀ ਰਹੇਗਾ। ਭਾਜਪਾ ਪਹਿਲਾਂ ਦੀ ਤਰ੍ਹਾਂ 3 ਲੋਕ ਸਭਾ ਸੀਟਾਂ 'ਤੇ ਤਾਂ ਕਦੇ ਵੀ ਚੋਣ ਨਹੀਂ ਲੜੇਗੀ। ਲੰਘੇ 2 ਸਾਲਾਂ 'ਚ ਭਾਜਪਾ ਆਪਣੇ ਪਹਿਲਾਂ ਵਾਲੇ ਰਾਜਨੀਤਕ ਆਧਾਰ ਵਾਲੇ ਇਲਾਕਿਆਂ ਤੋਂ ਬਾਹਰ ਵੀ ਕਾਫ਼ੀ ਪੈਰ ਪਸਾਰ ਚੁੱਕੀ ਹੈ। ਕਾਂਗਰਸ ਤੋਂ ਕੈਪਟਨ ਅਮਰਿੰਦਰ ਸਿੰਘ, ਸੁਨੀਲ ਕੁਮਾਰ ਜਾਖੜ ਅਤੇ ਲਗਭਗ ਅੱਧੀ ਦਰਜਨ ਸਾਬਕਾ ਮੰਤਰੀਆਂ ਦੇ ਆਉਣ ਨਾਲ ਭਾਜਪਾ ਦੇ ਖੇਤਰ 'ਚ ਕਾਫ਼ੀ ਵਾਧਾ ਹੋਇਆ ਹੈ। ਇਸ ਲਈ ਇਹੀ ਮੰਨਿਆ ਜਾ ਰਿਹਾ ਹੈ ਕਿ ਭਾਜਪਾ ਲੋਕ ਸਭਾ ਦੀਆਂ ਅੱਧੀਆਂ ਸੀਟਾਂ ਤਾਂ ਪੰਜਾਬ 'ਚ ਜ਼ਰੂਰ ਮੰਗੇਗੀ। ਅਕਾਲੀ ਦਲ ਇਸ ਸਥਿਤੀ 'ਚ ਨਹੀਂ ਹੈ, ਜਦੋਂ ਉਹ ਕੋਈ ਮੋਲ-ਭਾਅ ਭਾਜਪਾ ਨਾਲ ਕਰ ਸਕੇ। ਦੋਵਾਂ ਪਾਰਟੀਆਂ ਨੂੰ ਇਕ-ਦੂਜੇ ਦੀ ਦਰਕਾਰ ਹੈ ਪਰ ਅਕਾਲੀ ਦਲ ਦੀ ਜ਼ਰੂਰਤ ਇਸ ਲਈ ਕਿਤੇ ਜ਼ਿਆਦਾ ਹੈ ਕਿਉਂਕਿ ਉਸ ਦੀ ਸਾਖ ਅਤੇ ਪਕੜ ਲਗਾਤਾਰ ਪੰਜਾਬ 'ਚ ਕਮਜ਼ੋਰ ਹੁੰਦੀ ਜਾ ਰਹੀ ਹੈ। ਉਸ ਦਾ ਵੋਟ ਬੈਂਕ ਖਿਸਕ ਕੇ ਆਮ ਆਦਮੀ ਪਾਰਟੀ ਵੱਲ ਜਾ ਚੁੱਕਿਆ ਹੈ। ਭਾਜਪਾ ਇਸ ਸਥਿਤੀ 'ਚ ਅਕਾਲੀ ਦਲ ਦਾ ਦਬਾਅ ਨਹੀਂ ਝੱਲੇਗੀ ਜਿਵੇਂ ਕਿ 25 ਸਾਲ ਦੇ ਗਠਜੋੜ 'ਚ ਉਹ ਝੱਲਦੀ ਰਹੀ ਹੈ। ਸਗੋਂ ਹੁਣ ਉਹ ਅਕਾਲੀ ਦਲ 'ਤੇ ਦਬਾਅ ਪਾਉਣ ਦੀ ਸਥਿਤੀ 'ਚ ਹੈ। ਅਕਾਲੀ ਦਲ ਦੇ ਨੇਤਾਵਾਂ ਦਾ ਰਵੱਈਆ ਵੀ ਭਾਜਪਾ ਨੇਤਾਵਾਂ ਪ੍ਰਤੀ ਕਾਫ਼ੀ ਬਦਲਿਆ ਹੋਇਆ ਹੈ। ਇਕ ਭਾਜਪਾ ਨੇਤਾ ਨੇ ਦੱਸਿਆ ਕਿ ਅਕਾਲੀ ਨੇਤਾ ਹੁਣ ਜ਼ਿਲ੍ਹਾ ਪੱਧਰ 'ਤੇ ਕਿਤੇ ਵੀ ਭਾਜਪਾ ਪ੍ਰਤੀ ਕੁੜੱਤਣ ਨਹੀਂ ਦਿਖਾਉਂਦੇ।

# ਸੁਨੀਲ ਜਾਖੜ ਦੇ ਹੱਥ ਪੰਜਾਬ ਭਾਜਪਾ ਦੀ ਕਮਾਨ, ਬਣੇ ਸੂਬਾ ਪ੍ਰਧਾਨ

ਨਵੀਂ ਦਿੱਲੀ : ਪੰਜਾਬ ਦੀ ਸਿਆਸਤ ਨਾਲ ਜੁੜੀ ਇਸ ਵੇਲੇ ਦੀ ਵੱਡੀ ਖ਼ਬਰ ਸੁਨੀਲ ਜਾਖੜ ਨੂੰ ਲੈ ਕੇ ਸਾਹਮਣੇ ਆ ਰਹੀ ਹੈ। ਸੁਨੀਲ ਜਾਖੜ ਨੂੰ ਭਾਜਪਾ ਨੇ ਵੱਡੀ ਜ਼ਿੰਮੇਵਾਰੀ ਸੌਂਪਦਿਆਂ ਪੰਜਾਬ ਭਾਜਪਾ ਦਾ ਸੂਬਾ ਪ੍ਰਧਾਨ ਬਣਾਇਆ ਹੈ। ਇਸ ਤੋਂ ਪਹਿਲਾਂ ਬੀਤੇ ਦਿਨ ਅਸ਼ਵਨੀ ਸ਼ਰਮਾ ਦੇ ਅਸਤੀਫ਼ੇ ਨੂੰ ਲੈ ਕੇ ਕਈ ਤਰ੍ਹਾਂ ਦੀਆਂ ਕਿਆਸਰਾਈਆਂ ਲਗਾਈਆਂ ਜਾ ਰਹੀਆਂ ਸਨ ਪਰ ਦੇਰ ਸ਼ਾਮ ਅਸ਼ਵਨੀ ਸ਼ਰਮਾ ਨੇ ਬਿਆਨ ਦਿੱਤਾ ਸੀ ਕਿ ਭਾਜਪਾ 'ਚ ਅਸਤੀਫ਼ੇ ਦੀ ਰਿਵਾਇਤ ਨਹੀਂ ਹੈ। ਬੀਤੇ ਦਿਨ ਤੋਂ ਹੀ ਸੁਨੀਲ ਜਾਖੜ ਦੇ ਪੰਜਾਬ ਸੂਬਾ ਪ੍ਰਧਾਨ ਬਣਨ ਦੀਆਂ ਚਰਚਾਵਾਂ ਵੀ ਚੱਲ ਰਹੀਆਂ ਸਨ ਜਿਸ 'ਤੇ ਅੱਜ ਪਾਰਟੀ ਪ੍ਰਧਾਨ ਜੇ ਪੀ ਨੱਢਾ ਨੇ ਮੋਹਰ ਲਗਾ ਦਿੱਤੀ ਹੈ।

ਸੁਨੀਲ ਜਾਖੜ ਦੇ ਕਾਂਗਰਸ ਤੋਂ ਵੱਖ ਹੋਣ ਦੀ ਗੱਲ ਕਰੀਏ ਤਾਂ 2021 'ਚ ਉਸ ਕੋਲੋਂ ਕਾਂਗਰਸ ਦੀ ਸੂਬਾ ਪ੍ਰਧਾਨਗੀ ਲੈ ਕੇ ਨਵਜੋਤ ਸਿੰਘ ਸਿੱਧੂ ਨੂੰ ਪ੍ਰਧਾਨ ਬਣਾਇਆ ਗਿਆ ਸੀ। ਇਸ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ। ਸਿਆਸੀ ਪੰਡਿਤਾਂ ਦੀ ਮੰਨੀਏ ਤਾਂ ਉਸ ਵੇਲੇ ਕਾਂਗਰਸ ਨੇ ਜਾਖੜ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਉਣ ਦਾ ਫ਼ੈਸਲਾ ਲਿਆ ਸੀ। ਹਾਲਾਂਕਿ ਜਾਖੜ ਉਦੋਂ ਵਿਧਾਇਕ ਵੀ ਨਹੀਂ ਸਨ। ਜਾਖੜ ਦਾ ਨਾਂ ਆਉਣ ਤੋਂ ਬਾਅਦ ਕਾਂਗਰਸ ਨੇ



ਵਿਧਾਇਕਾਂ ਨਾਲ ਗੱਲਬਾਤ ਕੀਤੀ ਤਾਂ 40 ਤੋਂ ਵਧੇਰੇ ਕਾਂਗਰਸੀ ਵਿਧਾਇਕ ਜਾਖੜ ਦੇ ਨਾਲ ਸਨ ਪਰ ਇਸ ਦੇ ਬਾਵਜੂਦ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਉਣ ਦਾ ਫ਼ੈਸਲਾ ਕੀਤਾ। ਇਸ ਮਗਰੋਂ ਸੁਨੀਲ ਜਾਖੜ ਨੇ ਕਾਂਗਰਸ ਤੋਂ ਪੈਰ ਪਿੱਛੇ ਖਿੱਚਣੇ ਸ਼ੁਰੂ ਕਰ ਦਿੱਤੇ ਸਨ। ਭਾਜਪਾ 'ਚ ਸ਼ਾਮਲ ਹੋਣ ਮਗਰੋਂ ਵੀ ਸੁਨੀਲ ਜਾਖੜ ਸਰਗਰਮ ਸਿਆਸਤ ਦਾ ਹਿੱਸਾ ਨਹੀਂ ਰਹੇ। ਹੁਣ ਵੇਖਣਾ ਇਹ ਹੋਵੇਗਾ ਕਿ ਪੰਜਾਬ ਭਾਜਪਾ ਦੀ ਕਮਾਨ ਮਿਲਣ ਮਗਰੋਂ ਸੁਨੀਲ ਜਾਖੜ ਪੰਜਾਬ ਵਿੱਚ ਭਾਜਪਾ ਦੇ ਵਿਸਥਾਰ ਲਈ ਕਿਹੜੇ ਫ਼ੈਸਲਾ ਲੈਂਦੇ ਹਨ।

# ਅਕਾਲੀ-ਭਾਜਪਾ ਗਠਜੋੜ ਤੋਂ ਪਹਿਲਾਂ ਅਸ਼ਵਨੀ ਸ਼ਰਮਾ ਦੀ ਛੁੱਟੀ ! ਕੀ ਅਕਾਲੀ ਪੈ ਗਏ ਭਾਰੀ ?

ਲੁਧਿਆਣਾ : ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਭਾਜਪਾ ਪ੍ਰਧਾਨਗੀ ਤੋਂ ਛੁੱਟੀ ਹੋਣ ਦੀਆਂ ਖ਼ਬਰਾਂ ਸੋਸ਼ਲ ਮੀਡੀਏ 'ਤੇ ਵੱਡੇ ਪੱਧਰ 'ਤੇ ਵਾਇਰਲ ਹੋ ਰਹੀਆਂ ਹਨ। ਅਸ਼ਵਨੀ ਸ਼ਰਮਾ ਭਾਜਪਾ ਦੀ ਪ੍ਰਧਾਨਗੀ ਤੋਂ ਸੱਚਮੁਚ ਲਾਂਭੇ ਹੋ ਗਏ ਤਾਂ ਕਿਧਰੇ ਪੰਜਾਬ ਵਿਚ ਅਕਾਲੀ ਭਾਜਪਾ ਗਠਜੋੜ ਨਾ ਹੋਣ ਕਾਰਨ ਬਣੇ ਅੜਿੱਕੇ ਕਾਰਨ ਉਨ੍ਹਾਂ ਦੀ ਛੁੱਟੀ ਹੋ ਗਈ। ਇਹ ਸਵਾਲ ਅੱਜ ਭਾਜਪਾ ਲੀਡਰਸ਼ਿਪ ਵਿਚ ਵਾਰ-ਵਾਰ ਉੱਠ ਰਿਹਾ ਸੀ।

ਇੱਥੇ ਦੱਸਣਾ ਬਣਦਾ ਹੈ ਕਿ ਅਸ਼ਵਨੀ ਸ਼ਰਮਾ ਪਿਛਲੇ ਸਮੇਂ ਤੋਂ ਹਿੱਕ ਥਾਪੜ ਕੇ ਤੇ ਪੂਰੇ ਭਰੋਸੇ ਨਾਲ ਆਖਦੇ ਆ ਰਹੇ ਸਨ ਕਿ ਭਾਜਪਾ ਅਕਾਲੀ ਦਲ ਨਾਲ ਕਿਸੇ ਕੀਮਤ 'ਤੇ ਗਠਜੋੜ ਨਹੀਂ ਕਰੇਗੀ। ਉਨ੍ਹਾਂ ਦੇ ਬਿਆਨ 'ਤੇ ਅਕਾਲੀ ਨੇਤਾ ਵੀ ਪਲਟਵਾਰ ਕਰਦੇ ਸਨ। ਹੁਣ ਲਗਦਾ ਹੈ ਕਿ ਭਾਜਪਾ ਨੇ ਅਕਾਲੀ ਦਲ ਨਾਲ ਗਠਜੋੜ ਮੁੜ ਕਰਨ ਦਾ ਇਰਾਦਾ ਬਣਾ ਲਿਆ ਹੈ ਜਿਸ ਦੇ ਚਲਦੇ ਸਭ ਤੋਂ ਪਹਿਲਾਂ ਅਕਾਲੀਆਂ ਦੀ ਪਹਿਲੀ ਮੰਗ ਸ਼ਰਮਾ ਹਟਾਓ ਹੋਣ 'ਤੇ ਲਗਦਾ ਹੈ ਕਿ ਉਨ੍ਹਾਂ ਦੀ ਪ੍ਰਧਾਨਗੀ ਤੋਂ ਛੁੱਟੀ ਹੋ ਗਈ। ਇਸ ਦੀ ਚਰਚਾ ਅੱਜ ਅਕਾਲੀ ਆਗੂ ਇਕ-ਦੂਜੇ ਕੋਲ ਕਰਦੇ ਸੁਣੇ ਗਏ।

ਬਾਕੀ ਹੁਣ ਦੇਖਦੇ ਹਾਂ ਕਿ ਭਾਜਪਾ ਅਕਾਲੀ ਦਲ ਨਾਲ ਗੂੜ੍ਹੀ ਸਾਂਝ ਰੱਖਣ ਵਾਲੇ ਕਿਸੇ ਭਾਜਪਾ ਆਗੂ ਨੂੰ ਪ੍ਰਧਾਨ ਬਣਾਉਂਦੇ ਹਨ ਜਾਂ ਫਿਰ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਜੋ ਕੱਲ ਭਾਜਪਾ ਦੀ ਛਤਰੀ 'ਤੇ ਹਨ, ਉਨ੍ਹਾਂ ਨੂੰ ਕਮਾਂਡ ਸੰਭਾਲਦੇ ਹਨ।

ਪੰਜਾਬ ਵਿਚ ਭਾਜਪਾ ਆਪਣੇ ਪੁਰਾਣੇ ਪ੍ਰਧਾਨ ਅਸ਼ਵਨੀ ਸ਼ਰਮਾ ਨੂੰ ਹਟਾ ਕੇ ਨਵਾਂ ਪ੍ਰਧਾਨ ਥਾਪਣ ਜਾ ਰਹੀ ਹੈ। ਇਸ 'ਤੇ ਇਕ ਪੁਰਾਣੇ ਬਜ਼ੁਰਗ ਨੇਤਾ ਨੇ ਕਿਹਾ ਕਿ ਜੰਗ ਦੇ ਮੈਦਾਨ ਤੋਂ ਪਹਿਲਾਂ ਘੋੜੇ ਬਦਲਣਾ ਚੰਗਾ ਕੰਮ ਨਹੀਂ ਹੁੰਦਾ। ਉਸ ਆਗੂ ਨੇ ਕਿਹਾ ਕਿ ਭਾਵੇਂ ਭਾਜਪਾ ਕਿਸੇ ਨਾਲ ਵੀ ਗਠਜੋੜ ਕਰੇ ਪਰ ਆਪਣੀ ਪਾਰਟੀ ਵਿਚ ਬੈਠੇ ਨੇਤਾਵਾਂ ਨੂੰ ਲਾਂਭੇ ਕਰਕੇ ਜਿਨ੍ਹਾਂ ਨੇ ਲੰਬੇ ਸਮੇਂ ਤੋਂ ਵਰਕਰਾਂ ਵਿਚ ਜੋਸ਼ ਤੇ ਵਰਕਰਾਂ ਨੂੰ ਵੀ ਹੁੰਦਾ ਹੈ। ਸਾਡਾ ਪ੍ਰਧਾਨ ਹੈ ਪਰ ਜਦੋਂ ਨਵਾਂ ਪ੍ਰਧਾਨ ਆਉਂਦਾ ਹੈ ਤਾਂ ਵਰਕਰਾਂ ਦੀ ਓਨੀ ਪੁੱਛ ਪ੍ਰਤੀਤ ਨਹੀਂ ਹੁੰਦੀ ਕਿਉਂਕਿ ਨਵੇਂ ਪ੍ਰਧਾਨ ਨੂੰ ਨਹੀਂ ਪਤਾ ਹੁੰਦਾ ਕਿ ਕਿਹੜੇ ਵਰਕਰ ਦਾ ਕੀ ਰਤਬਾ ਹੈ। ਇਸ ਲਈ ਇਹ ਕੋਈ ਚੰਗਾ ਫੈਸਲਾ ਨਹੀਂ ਲਗਦਾ।

# ਲੋਕ ਸਭਾ ਚੋਣਾਂ 2024: ਪੰਜਾਬ ਦੀਆਂ 13 'ਚੋਂ 9 ਸੀਟਾਂ 'ਤੇ ਭਾਜਪਾ ਪਹਿਲੀ ਵਾਰ ਲੜੇਗੀ ਚੋਣ

ਜਲੰਧਰ : ਲੋਕ ਸਭਾ ਚੋਣਾਂ 2024 ਦੀਆਂ ਤਿਆਰੀਆਂ ਲਈ ਸਿਆਸੀ ਪਾਰਟੀਆਂ ਕੋਲ ਲਗਭਗ 8 ਮਹੀਨਿਆਂ ਦਾ ਸਮਾਂ ਬਚਿਆ ਹੈ। ਬਾਕੀ 2 ਮਹੀਨੇ ਚੋਣ ਪ੍ਰਕਿਰਿਆ ਵਿਚ ਬੀਤ ਜਾਣਗੇ। ਕੌਮੀ ਅਤੇ ਸੂਬਾ ਪੱਧਰੀ ਸਿਆਸੀ ਪਾਰਟੀਆਂ ਵਿਚ ਲੋਕ ਸਭਾ ਚੋਣਾਂ ਨੂੰ ਜਿੱਤਣ ਲਈ ਰਣਨੀਤੀ ਬਣਨ ਲੱਗੀ ਹੈ। ਭਾਰਤੀ ਜਨਤਾ ਪਾਰਟੀ ਵੱਲੋਂ 2024 ਦੀਆਂ ਲੋਕ ਸਭਾ ਚੋਣਾਂ ਵਿਚ ਵੀ 300 ਤੋਂ ਵੱਧ ਸੀਟਾਂ ਜਿੱਤਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਜਿੱਥੋਂ ਤਕ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਦੀ ਗੱਲ ਹੈ ਤਾਂ ਭਾਜਪਾ 9 ਸੀਟਾਂ 'ਤੇ ਪਹਿਲੀ ਵਾਰ ਲੋਕ ਸਭਾ ਚੋਣ ਲੜਨ ਜਾ ਰਹੀ ਹੈ। ਵਰਣਨਯੋਗ ਹੈ ਕਿ ਲਗਭਗ ਢਾਈ ਦਹਾਕਿਆਂ ਤਕ ਸ਼੍ਰੋਮਣੀ ਅਕਾਲੀ ਦਲ ਦੀ ਸਾਥੀ ਰਹੀ ਭਾਰਤੀ ਜਨਤਾ ਪਾਰਟੀ ਸਿਰਫ ਗੁਰਦਾਸਪੁਰ, ਅੰਮ੍ਰਿਤਸਰ ਤੇ



ਹੁਸ਼ਿਆਰਪੁਰ ਦੀਆਂ ਲੋਕ ਸਭਾ ਸੀਟਾਂ 'ਤੇ ਹੀ ਚੋਣ ਲੜਦੀ ਰਹੀ ਹੈ, ਜਦੋਂਕਿ ਬਾਕੀ 10 ਸੀਟਾਂ ਸ਼ ?ਰੋਮਣੀ ਅਕਾਲੀ ਦਲ (ਬ) ਲਈ ਛੱਡ ਦਿੱਤੀਆਂ ਜਾਂਦੀਆਂ ਸਨ। 2019 ਵਿਚ ਹੋਈਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਸਿਰਫ਼ ਗੁਰਦਾਸਪੁਰ ਅਤੇ ਹੁਸ਼ਿਆਰਪੁਰ ਲੋਕ ਸਭਾ ਸੀਟ ਤੋਂ ਹੀ ਚੋਣ ਜਿੱਤ ਸਕੀ ਸੀ ਅਤੇ ਗੁਰਦਾਸਪੁਰ ਸੀਟ ਤੋਂ ਸੰਨੀ ਦਿਓਲ ਤੇ ਹੁਸ਼ਿਆਰਪੁਰ ਤੋਂ ਸੋਮ ਪ੍ਰਕਾਸ਼ ਚੋਣ ਜਿੱਤੇ ਸਨ, ਜਦੋਂਕਿ ਅੰਮ੍ਰਿਤਸਰ ਦੀ ਸੀਟ ਭਾਜਪਾ ਦੇ ਹੱਥੋਂ ਨਿਕਲ ਗਈ ਸੀ। ਇਸ ਸੀਟ 'ਤੇ ਹਰਦੀਪ ਸਿੰਘ ਪੁਰੀ ਚੋਣ ਲੜੇ ਸਨ।

ਹਾਲਾਂਕਿ ਜਲੰਧਰ ਲੋਕ ਸਭਾ ਸੀਟ 'ਤੇ ਵੀ 2 ਮਹੀਨੇ ਪਹਿਲਾਂ ਹੋਈ ਉਪ-ਚੋਣ ਵਿਚ ਭਾਜਪਾ ਨੇ ਇੰਦਰ ਇਕਬਾਲ ਸਿੰਘ ਰਿੰਕੂ 'ਤੇ ਦਾਅ ਖੇਡਿਆ ਸੀ। ਚੋਣ ਸਰਗਰਮੀਆਂ ਦੇ ਅੰਤਿਮ ਹਫ਼ਤੇ ਵਿਚ ਭਾਜਪਾ ਦੇ ਹੱਕ 'ਚ ਕੁਝ ਲਹਿਰ ਤਾਂ ਬਣੀ ਪਰ ਇਹ ਲਹਿਰ ਸਿਰਫ ਸ਼ਹਿਰੀ ਵੋਟਾਂ ਤਕ ਹੀ ਸੀਮਿਤ ਰਹਿ ਗਈ। ਸ਼ਹਿਰੀ ਤੇ ਪੇਂਡੂ ਖੇਤਰਾਂ ਦੀ ਕੁਲ ਵੋਟ ਮਿਲਾ ਕੇ ਭਾਜਪਾ ਨੂੰ 1,34,800 ਵੋਟਾਂ ਮਿਲੀਆਂ ਸਨ, ਜਦੋਂਕਿ ਇਸ ਸੀਟ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ 3,02,279 ਵੋਟਾਂ ਲੈ ਕੇ ਚੋਣ ਜਿੱਤ ਗਏ ਸਨ।

# ਕੈਪਟਨ ਅਮਰਿੰਦਰ ਆਪਣੇ ਪੁੱਤਰ ਨੂੰ ਪੁੱਛੇ ਮੁਖ਼ਤਾਰ ਅੰਸਾਰੀ ਨਾਲ ਕੀ ਰਿਸ਼ਤਾ : ਭਗਵੰਤ ਮਾਨ

ਚੰਡੀਗੜ੍ਹ : ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਖ਼ਤਰਨਾਕ ਗੈਂਗਸਟਰ ਮੁਖ਼ਤਾਰ ਅੰਸਾਰੀ ਨਾਲ ਗੰਢ-ਤੁੱਪ ਸਬੰਧੀ ਸਨਸਨੀਖ਼ੇਜ਼ ਖੁਲਾਸਾ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਆਖਿਆ ਕਿ ਭਾਜਪਾ ਆਗੂ ਨੇ ਅੰਸਾਰੀ ਦੇ ਪੁੱਤਾਂ ਨੂੰ ਰੂਪਨਗਰ ਵਿਚ ਵਕ਼ਫ ਬੋਰਡ ਦੀ ਮਹਿੰਗੀ ਜ਼ਮੀਨ ਅਲਾਟ ਕੀਤੀ ਸੀ। ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਕੈਪਟਨ ਭਾਵੇਂ ਵਾਰ-ਵਾਰ ਅੰਸਾਰੀ ਨੂੰ ਨਾ ਜਾਣਦਾ ਹੋਣ ਦੇ ਦਾਅਵੇ ਕਰ ਰਹੇ ਹਨ ਪਰ ਇਹ ਕਿੰਨੀ ਹੈਰਾਨੀਜਨਕ ਗੱਲ ਹੈ ਕਿ ਕੈਪਟਨ ਸਰਕਾਰ ਨੇ ਇਸ ਗੈਂਗਸਟਰ ਦੀ ਨਾ ਸਿਰ਼ਫ ਜੇਲ੍ਹ ਵਿਚ ਠਹਿਰ ਨੂੰ ਆਰਾਮਦਾਇਕ ਬਣਾਇਆ, ਸਗੋਂ ਉਸ ਨੂੰ ਰੂਪਨਗਰ ਵਿਚ ਮਹਿੰਗੀ ਜ਼ਮੀਨ ਵੀ ਦਿੱਤੀ। ਉਨ੍ਹਾਂ ਕੈਪਟਨ ਨੂੰ ਚੁਣੌਤੀ ਦਿੱਤੀ ਕਿ ਉਹ ਇਹ ਦੱਸਣ ਕਿ ਉਨ੍ਹਾਂ ਦੀ ਸਾਂਝ-ਭਿਆਲੀ ਤੋਂ ਬਿਨਾਂ ਰੂਪਨਗਰ ਵਿਚ ਵਕ਼ਫ ਬੋਰਡ ਦੀ ਮਹਿੰਗੀ ਜ਼ਮੀਨ ਅੰਸਾਰੀ ਦੇ ਪੁੱਤਰਾਂ ਅੱਬਾਸ ਤੇ ਉਮਰ ਅੰਸਾਰੀ ਨੂੰ ਕਿਵੇਂ ਮਿਲ ਗਈ। ਭਗਵੰਤ ਮਾਨ ਨੇ ਕਿਹਾ ਕਿ ਜੇ ਕੈਪਟਨ ਚਾਹੁੰਦੇ ਹਨ ਤਾਂ ਉਹ ਕੈਪਟਨ ਦੀ ਅੰਸਾਰੀ ਨਾਲ ਸਾਂਝ ਬਾਰੇ ਆਉਣ ਵਾਲੇ ਦਿਨਾਂ ਵਿਚ ਹੋਰ ਸਬੂਤ ਵੀ ਦੇ ਦੇਣਗੇ।







ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਨਿਸ਼ਾਨਾ ਸਾਧਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਖ਼ਤਰਨਾਕ ਗੈਂਗਸਟਰ ਮੁਖ਼ਤਾਰ ਅੰਸਾਰੀ ਦੇ ਮੁੱਦੇ ਬਾਰੇ ਅਣਜਾਣਤਾ ਦਾ ਢਕਵੰਜ ਕਰਨ ਤੋਂ ਪਹਿਲਾਂ ਭਾਜਪਾ ਆਗੂ ਨੂੰ ਆਪਣੇ ਪੁੱਤ ਰਣਇੰਦਰ ਸਿੰਘ ਤੋਂ ਜ਼ਰੂਰ ਪੁੱਛਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਰਣਇੰਦਰ ਕਈ ਵਾਰ ਅੰਸਾਰੀ ਨੂੰ ਮਿਲਿਆ ਸੀ ਪਰ ਕਿੰਨੀ ਹੈਰਾਨੀ ਦੀ ਗੱਲ ਹੈ ਕਿ ਲੋਕਾਂ ਨੂੰ ਗੁਮਰਾਹ ਕਰਨ ਲਈ ਕੈਪਟਨ ਇਸ ਮੁੱਦੇ 'ਤੇ ਝੂਠ ਬੋਲ ਰਹੇ ਹਨ। ਭਗਵੰਤ ਮਾਨ ਨੇ ਕਿਹਾ ਕਿ ਅੰਸਾਰੀ ਨੂੰ ਜੇਲ੍ਹ ਵਿਚ ਵੀ. ਵੀ. ਆਈ. ਪੀ. ਸਹੂਲਤਾਂ ਦੇਣ ਲਈ ਉੱਤਰ ਪ੍ਰਦੇਸ਼ ਤੋਂ ਪੰਜਾਬ ਲਿਆਂਦਾ ਗਿਆ ਸੀ। ਉਨ੍ਹਾਂ ਕਿਹਾ ਕਿ ਜਦੋਂ ਉੱਤਰ ਪ੍ਰਦੇਸ਼ ਪੁਲਸ ਨੇ ਇਸ ਗੈਂਗਸਟਰ ਦੀ ਹਿਰਾਸਤ ਲੈਣ ਲਈ ਸੁਪਰੀਮ ਕੋਰਟ ਵਿਚ ਪਹੁੰਚ ਕੀਤੀ ਤਾਂ ਪੰਜਾਬ ਸਰਕਾਰ ਨੇ ਉਸ ਨੂੰ ਬਚਾਉਣ ਲਈ ਬਹੁਤ ਜ਼ਿਆਦਾ ਫੀਸ ਉਤੇ ਵਕੀਲਾਂ ਦੀਆਂ ਸੇਵਾਵਾਂ ਲਈਆਂ।

ਮੁੱਖ ਮੰਤਰੀ ਨੇ ਕਿਹਾ ਕਿ ਇਸ 55 ਲੱਖ ਰੁਪਏ ਦੀ ਰਿਕਵਰੀ ਯਕੀਨੀ ਤੌਰ 'ਤੇ ਕੈਪਟਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਤੋਂ ਕੀਤੀ ਜਾਵੇਗੀ। ਕੈਪਟਨ ਦੇ ਦਾਅਵੇ ਕਿ ਉਹ 9.5 ਸਾਲ ਸੂਬੇ ਦੇ ਮੁੱਖ ਮੰਤਰੀ ਰਹੇ ਹਨ, ਉਤੇ ਟਿੱਪਣੀ ਕਰਦਿਆਂ ਭਗਵੰਤ ਮਾਨ ਨੇ ਉਨ੍ਹਾਂ ਨੂੰ ਚੇਤੇ ਕਰਵਾਇਆ ਕਿ ਸਾਬਕਾ ਮੁੱਖ ਮੰਤਰੀ ਨੇ ਆਪਣੇ ਕਾਰਜਕਾਲ ਦੌਰਾਨ ਜਿੰਨਾ ਸ਼ਫਰ ਕੀਤਾ, ਉਨਾ ਤਾਂ ਉਨ੍ਹਾਂ ਮੁੱਖ ਮੰਤਰੀ ਵਜੋਂ ਆਪਣੇ ਡੇਢ ਸਾਲ ਦੇ ਕਾਰਜਕਾਲ ਵਿਚ ਹੀ ਕਰ ਲਿਆ। ਉਨ੍ਹਾਂ ਕਿਹਾ ਕਿ ਕੈਪਟਨ ਤੇ ਉਹ ਇਕੱਠੇ ਲੋਕ ਸਭਾ ਦੇ ਮੈਂਬਰ ਰਹੇ ਸਨ ਅਤੇ ਇਹ ਰਿਕਾਰਡ ਹੈ ਕਿ ਇਸ ਦੌਰਾਨ ਕੈਪਟਨ ਦੀ ਹਾਜ਼ਰੀ ਸਿਰ਼ਫ ਛੇ ਫੀਸਦੀ ਸੀ, ਜੋ ਕਿ ਭਾਰਤ ਭਰ ਵਿਚੋਂ ਸਭ ਤੋਂ ਘੱਟ ਹੈ, ਜਦੋਂ ਕਿ ਇਸ ਦੇ ਮੁਕਾਬਲੇ ਮੇਰੀ ਹਾਜ਼ਰੀ 90 ਫੀਸਦੀ ਰਹੀ।

ਮੁੱਖ ਮੰਤਰੀ ਨੇ ਕਿਹਾ ਕਿ ਕੈਪਟਨ ਅਯਾਸ਼ੀ ਰਾਜਾ ਹੈ, ਜਿਹੜਾ ਲੋਕਾਂ ਵੱਲੋਂ ਦਿੱਤੀ ਜ਼ਿੰਮੇਵਾਰੀ ਦੀ ਪਰਵਾਹ ਨਾ ਕਰਦਿਆਂ ਹਮੇਸ਼ਾ ਲੋਕਾਂ ਤੋਂ ਦੂਰ ਰਿਹਾ ਹੈ। ਉਨ੍ਹਾਂ ਕਿਹਾ ਕਿ ਕੈਪਟਨ ਵਿਧਾਇਕ ਤੇ ਸੰਸਦ ਮੈਂਬਰ ਅਤੇ ਇੱਥੋਂ ਤੱਕ ਕਿ ਮੁੱਖ ਮੰਤਰੀ ਵਜੋਂ ਆਪਣੇ ਫ਼ਰਜ਼ ਨਿਭਾਉਣ ਵਿਚ ਨਾਕਾਮ ਰਿਹਾ। ਭਗਵੰਤ ਮਾਨ ਨੇ ਕਿਹਾ ਕਿ ਜਦੋਂ ਕੈਪਟਨ ਸੰਸਦ ਮੈਂਬਰ ਬਣਿਆ ਤਾਂ ਉਹ ਸੰਸਦ ਵਿਚ ਨਹੀਂ ਗਿਆ ਅਤੇ ਜਦੋਂ ਮੁੱਖ ਮੰਤਰੀ ਬਣਿਆ ਤਾਂ ਸਕੱਤਰੇਤ ਵਿਚ ਨਹੀਂ ਗਿਆ, ਜਿਸ ਤੋਂ ਪਤਾ ਚੱਲਦਾ ਹੈ ਕਿ ਉਹ ਕਿੰਨਾ ਅਸਮਰੱਥ ਤੇ ਲੋਕਾਂ ਦੀ ਪਹੁੰਚ ਤੋਂ ਦੂਰ ਹੈ।

# ਅੰਸਾਰੀ ਮਾਮਲੇ ਨਾਲ ਗਰਮਾਈ ਪੰਜਾਬ ਦੀ ਸਿਆਸਤ

ਚੰਡੀਗੜ੍ਹ : ਪੰਜਾਬ 'ਚ ਮੁਖ਼ਤਾਰ ਅੰਸਾਰੀ ਮਾਮਲੇ ਤੋਂ ਸਿਆਸੀ ਜੰਗ ਛਿੜ ਗਈ ਹੈ। ਟਵਿੱਟਰ 'ਤੇ ਸ਼ੁਰੂ ਹੋਇਆ ਸਿਆਸੀ ਘਮਸਾਣ ਹੁਣ ਅਗਲੇ ਪੜਾਅ 'ਚ ਦਾਖਲ ਹੋ ਗਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਅਤੇ ਸਾਬਕਾ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਆਹਮੋ-ਸਾਹਮਣੇ ਹੋ ਗਏ ਹਨ। ਭਾਜਪਾ ਨੇਤਾ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਇਸ ਸਿਆਸੀ ਦੰਗਲ ਵਿਚ ਉੱਤਰ ਆਏ ਹਨ। ਮੁੱਖ ਮੰਤਰੀ ਨੇ ਅੱਜ ਸੁਖਜਿੰਦਰ ਸਿੰਘ ਰੰਧਾਵਾ ਨੂੰ ਨੋਟਿਸ ਵੀ ਜਾਰੀ ਕਰ ਦਿੱਤਾ ਹੈ। ਉਨ੍ਹਾਂ ਟਵੀਟ ਕਰਕੇ ਕਿਹਾ ਕਿ 'ਆਹ ਲਵੋ ਰੰਧਾਵਾ ਸਾਹਿਬ 'ਤੁਹਾਡੇ ਅੰਸਾਰੀ' ਵਾਲਾ ਨੋਟਿਸ।' ਚੇਤੇ ਰਹੇ ਕਿ ਗੈਂਗਸਟਰ ਤੋਂ ਸਿਆਸਤਾਨ ਬਣਿਆ ਮੁਖਤਾਰ ਅੰਸਾਰੀ 2019 ਤੋਂ 2021 ਤੱਕ ਰੋਪੜ ਜੇਲ੍ਹ ਵਿਚ ਰਿਹਾ ਜਿਸ ਨੂੰ ਟਰਾਂਜ਼ਿਟ ਰਿਮਾਂਡ 'ਤੇ ਉੱਤਰ ਪ੍ਰਦੇਸ਼ 'ਚੋਂ ਲਿਆਂਦਾ ਗਿਆ ਸੀ। ਉਸ ਦੀ ਰੋਪੜ ਜੇਲ੍ਹ 'ਚ ਮੌਜੂਦਗੀ ਕਾਇਮ ਰੱਖਣ ਲਈ ਤਤਕਾਲੀ ਅਮਰਿੰਦਰ ਸਰਕਾਰ ਨੇ ਵਕੀਲਾਂ ਦੀ ਫ਼ੀਸ 'ਤੇ 55 ਲੱਖ ਰੁਪਏ ਖ਼ਰਚੇ ਸਨ। ਜਿਉਂ ਹੀ ਮੁੱਖ ਮੰਤਰੀ ਨੇ ਐਤਵਾਰ ਇੱਕ ਟਵੀਟ ਕੀਤਾ ਕਿ ਗੈਂਗਸਟਰ ਅੰਸਾਰੀ ਨਾਲ ਸਬੰਧਤ ਅਦਾਲਤੀ ਕੇਸ ਦੇ 55 ਲੱਖ ਰੁਪਏ ਦਾ ਖਰਚਾ ਸਰਕਾਰੀ ਖ਼ਜ਼ਾਨੇ 'ਚੋਂ ਨਹੀਂ ਦਿੱਤਾ ਜਾਵੇਗਾ ਬਲਕਿ ਇਸ ਦੀ ਵਸੂਲੀ ਕੈਪਟਨ ਅਮਰਿੰਦਰ ਸਿੰਘ ਅਤੇ ਸੁਖਜਿੰਦਰ ਸਿੰਘ ਰੰਧਾਵਾ ਤੋਂ ਕੀਤੀ ਜਾਵੇਗੀ, ਉਦੋਂ ਹੀ ਨਵਾਂ ਸਿਆਸੀ ਕਲੇਸ਼ ਛਿੜ ਗਿਆ। ਉਨ੍ਹਾਂ ਪੈਨਸ਼ਨ ਅਤੇ ਹੋਰ ਸਹੂਲਤਾਂ 'ਚੋਂ ਪੈਸਾ ਵਸੂਲਣ ਦੀ ਗੱਲ ਵੀ ਕਹੀ ਸੀ। ਸਾਬਕਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਮੋੜਵੇਂ ਰੂਪ ਵਿਚ ਕਿਹਾ ਕਿ ਜਦੋਂ ਇਸ ਬਾਬਤ ਕੋਈ ਨੋਟਿਸ ਮਿਲੇਗਾ ਤਾਂ ਜੁਆਬ ਦੇਣਗੇ। ਇਸੇ ਤਰ੍ਹਾਂ ਕੈਪਟਨ ਅਮਰਿੰਦਰ ਸਿੰਘ ਨੇ ਵੀ ਕਿਹਾ ਹੈ ਕਿ ਮੁੱਖ ਮੰਤਰੀ ਜਦੋਂ ਪੈਸੇ ਵਸੂਲਣ ਦੀ ਪ੍ਰਕਿਰਿਆ ਸ਼ੁਰੂ ਕਰਨਗੇ ਤਾਂ ਉਹ ਇਸ ਮਾਮਲੇ ਨੂੰ ਹਾਈ ਕੋਰਟ ਵਿਚ ਲੈ ਕੇ ਜਾਣਗੇ। ਇਸ ਤੋਂ ਪਹਿਲਾਂ ਅਮਰਿੰਦਰ ਸਿੰਘ ਨੇ ਟਵੀਟ ਕਰਕੇ ਮੁੱਖ ਮੰਤਰੀ ਨੂੰ ਨਸੀਹਤਾਂ ਦਿੱਤੀਆਂ ਸਨ ਤੇ ਪਲਟਵਾਰ ਕਰਦਿਆਂ ਭਗਵੰਤ ਮਾਨ ਨੇ ਵੀ ਅਮਰਿੰਦਰ ਸਿੰਘ 'ਤੇ ਤਿੱਖੇ ਹਮਲੇ ਬੋਲੇ ਸਨ। ਅੰਸਾਰੀ ਮਾਮਲੇ ਤੋਂ ਪੰਜਾਬ ਦੀ ਸਿਆਸਤ ਇੱਕ ਨਵਾਂ ਮੋੜਾ ਖਾ ਗਈ ਹੈ। ਪਹਿਲੀ ਵਾਰ ਮੁੱਖ ਮੰਤਰੀ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖ਼ ?ਲਾਫ਼ ਮੋਰਚਾ ਖੋਲ੍ਹਿਆ ਹੈ। ਦੱਸਣਯੋਗ ਹੈ ਕਿ ਅੰਸਾਰੀ ਮਾਮਲੇ 'ਤੇ ਵਿਧਾਨ ਸਭਾ ਵਿਚ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਸੁਖਜਿੰਦਰ ਸਿੰਘ ਰੰਧਾਵਾ ਭਿੜ ਚੁੱਕੇ ਹਨ। ਸਿਆਸੀ ਹਲਕਿਆਂ 'ਚ ਚਰਚਾ ਹੈ ਕਿ ਪੈਨਸ਼ਨ ਅਤੇ ਹੋਰ ਸਹੂਲਤਾਂ ਰੋਕ ਕੇ 55 ਲੱਖ ਦੀ ਵਸੂਲੀ ਕਰਨ ਦੇ ਅੱਗੇ ਕਾਫ਼ੀ ਕਾਨੂੰਨੀ ਪੇਚੀਦਗੀਆਂ ਹਨ, ਜਿਨ੍ਹਾਂ ਦੀ ਤੰਦ ਸਰਕਾਰ ਲਈ ਸੁਲਝਾਉਣੀ ਸੌਖੀ ਨਹੀਂ ਹੈ। ਵਿਧਾਨ ਸਭਾ ਸਕੱਤਰੇਤ ਇਸ ਲਈ ਕਿਹੜਾ ਰਾਹ ਅਖ਼ਤਿਆਰ ਕਰੇਗਾ, ਇਹ ਵੀ ਦੇਖਣ ਵਾਲੀ ਗੱਲ ਹੋਵੇਗੀ।

**ਭਗਵੰਤ ਮਾਨ 'ਤੇ ਮਾਣਹਾਨੀ ਦਾ ਕੇਸ ਕਰਾਂਗਾ: ਰੰਧਾਵਾ** : ਸਾਬਕਾ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਅੱਜ ਮੁੱਖ ਮੰਤਰੀ 'ਤੇ ਤਿੱਖੇ ਹਮਲੇ ਕੀਤੇ ਅਤੇ ਚੁਣੌਤੀ ਵਾਲੀ ਸੁਰ ਰੱਖੀ। ਰੰਧਾਵਾ ਨੇ ਕਿਹਾ ਕਿ ਉਹ ਮੁੱਖ ਮੰਤਰੀ ਭਗਵੰਤ ਮਾਨ ਖ਼ਿਲਾਫ਼ ਚਰਿੱਤਰ ਦੀ ਹਾਨੀ ਕਰਨ ਦੇ ਇਲਜ਼ਾਮਾਂ ਤਹਿਤ ਮਾਣਹਾਨੀ ਦਾ ਕੇਸ ਦਾਇਰ ਕਰਨਗੇ। ਉਹ ਕਦੇ ਵੀ ਅਪਮਾਨ ਬਰਦਾਸ਼ਤ ਨਹੀਂ ਕਰਨਗੇ ਅਤੇ ਮੁੱਖ ਮੰਤਰੀ ਖ਼ਿਲਾਫ਼ ਮਾਣਹਾਨੀ ਦਾ ਕੇਸ ਦਾਇਰ ਕਰਨਗੇ। ਉਨ੍ਹਾਂ ਐਤਵਾਰ ਬਤੌਰ ਜੇਲ੍ਹ ਮੰਤਰੀ ਅਮਰਿੰਦਰ ਸਿੰਘ ਨੂੰ ਲਿਖੇ ਪੱਤਰ ਦੇ ਹਵਾਲੇ ਨਾਲ ਕਿਹਾ ਸੀ ਕਿ ਵਕੀਲਾਂ ਨੂੰ ਹਾਇਰ ਕੀਤੇ ਜਾਣ ਦਾ ਫ਼ੈਸਲਾ ਗ੍ਰਹਿ ਵਿਭਾਗ ਕਰਦਾ ਹੈ ਅਤੇ ਇਸ 'ਚ ਉਨ੍ਹਾਂ ਦੀ ਕੋਈ ਭੂਮਿਕਾ ਨਹੀਂ ਰਹੀ ਹੈ।

**ਜਾਂਚ 'ਚ ਨੇਤਾਵਾਂ ਨੂੰ ਕਲੀਨ ਚਿੱਟ..** : ਗੌਰਤਲਬ ਕਿ ਮੁੱਖ ਮੰਤਰੀ ਨੇ ਅਪਰੈਲ ਮਹੀਨੇ ਵਿਚ ਅੰਸਾਰੀ ਮਾਮਲੇ ਵਿਚ 55 ਲੱਖ ਰੁਪਏ ਦੇ ਕਾਨੂੰਨੀ ਖ਼ਰਚੇ ਦੀ ਅਦਾਇਗੀ ਕਰਨ ਤੋਂ ਨਾਂਹ ਕਰ ਦਿੱਤੀ ਸੀ।




ਅਮਰਿੰਦਰ ਸਰਕਾਰ ਸਮੇਂ ਇਸ ਮਾਮਲੇ 'ਚ ਸੀਨੀਅਰ ਵਕੀਲ ਦੀ ਇੱਕ ਪੇਸ਼ੀ 11 ਲੱਖ ਰੁਪਏ ਵਿਚ ਪਈ ਸੀ ਜਿਨ੍ਹਾਂ ਦਾ ਕੁੱਲ ਬਿੱਲ 55 ਲੱਖ ਰੁਪਏ ਬਣਿਆ ਸੀ। ਸਰਕਾਰ ਨੇ ਇਸ ਮਾਮਲੇ ਦੀ ਏਡੀਜੀਪੀ ਆਰਐੱਨ ਢੋਕੇ ਤੋਂ ਜਾਂਚ ਵੀ ਕਰਾਈ ਹੈ। ਇਸ ਜਾਂਚ ਵਿਚ ਸਿਆਸਤਦਾਨਾਂ ਨੂੰ ਕਲੀਨ ਚਿੱਟ ਦਿੱਤੀ ਗਈ ਹੈ ਜਦੋਂ ਕਿ ਜੇਲ੍ਹ ਦੇ ਛੋਟੇ ਅਧਿਕਾਰੀ ਕਟਹਿਰੇ ਵਿਚ ਖੜ੍ਹੇ ਕੀਤੇ ਗਏ ਹਨ।

**ਕੀ ਕਹਿੰਦਾ ਹੈ ਮੁੱਖ ਮੰਤਰੀ ਦਾ ਨੋਟਿਸ** : ਮੁੱਖ ਮੰਤਰੀ ਨੇ ਮੁੱਖ ਸਕੱਤਰ ਦੇ ਨੋਟ ਦੇ ਹਵਾਲੇ ਨਾਲ ਨੋਟਿਸ ਵਿਚ ਕਿਹਾ ਹੈ ਕਿ ਅੰਸਾਰੀ ਦੇ ਬਚਾਅ ਲਈ ਸੀਨੀਅਰ ਵਕੀਲ ਦੁਸ਼ਯੰਤ ਦਵੇ ਨੂੰ ਸ਼ਾਮਲ ਕੀਤੇ ਜਾਣ ਦੀ ਲੋੜ ਨਹੀਂ ਸੀ ਕਿਉਂਕਿ ਇਸ ਕੇਸ ਵਿਚ ਜਨਤਕ ਹਿੱਤ ਜਾਂ ਪੰਜਾਬ ਦੇ ਹਿੱਤ ਸ਼ਾਮਲ ਨਹੀਂ ਸਨ। ਅਜਿਹੇ ਖ਼ਰਚਿਆਂ ਦੀ ਪੂਰਤੀ ਲਈ ਪੰਜਾਬ ਦੇ ਲੋਕਾਂ ਦੇ ਪੈਸੇ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ। ਇਸ ਤਰ੍ਹਾਂ ਕੀਤਾ ਖਰਚਾ ਅਮਰਿੰਦਰ ਸਿੰਘ ਅਤੇ ਸੁਖਜਿੰਦਰ ਸਿੰਘ ਰੰਧਾਵਾ ਦੋਵਾਂ ਤੋਂ ਬਰਾਬਰ ਵਸੂਲਿਆ ਜਾ ਸਕਦਾ ਹੈ ਕਿਉਂਕਿ ਸੀਨੀਅਰ ਵਕੀਲ ਨੂੰ ਕੇਸ ਵਿਚ ਸ਼ਾਮਲ ਕਰਨ ਲਈ ਦੋਵਾਂ ਨੇ ਪ੍ਰਵਾਨਗੀ ਦਿੱਤੀ ਸੀ।

# ਸੰਗਰੂਰ 'ਚ ਅਧਿਆਪਕਾਂ 'ਤੇ ਲਾਠੀਚਾਰਜ ਦੇ ਵਿਰੋਧ 'ਚ 8736 ਅਧਿਆਪਕਾਂ ਨੇ ਮੁੱਖ ਮੰਤਰੀ ਦਾ ਪੁਤਲਾ ਫ਼ੂਕਿਆ

ਸੰਗਰੂਰ : 8736 ਕੱਚੇ ਮੁਲਾਜ਼ਮ ਯੂਨੀਅਨ ਦੀ ਅਗਵਾਈ ਹੇਠ ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ੀ ਕਲੋਨੀ ਦੇ ਨੇੜਲੇ ਪਿੰਡ ਖੁਰਾਣਾ ਵਿਖੇ 22 ਦਿਨਾਂ ਤੋਂ ਟੈਂਕੀ ਉਪਰ ਅਤੇ ਹੇਠਾਂ ਸੰਘਰਸ਼ ਕਰ ਰਹੇ ਕੱਚੇ ਅਧਿਆਪਕਾਂ ਵਲੋਂ ਚਾਰ ਦਿਨ ਪਹਿਲਾਂ ਪੁਲੀਸ ਵਲੋਂ ਕੀਤੇ ਲਾਠੀਚਾਰਜ ਦੇ ਵਿਰੋਧ 'ਚ ਪੰਜਾਬ ਭਰ 'ਚ ਜ਼ਿਲ੍ਹਾ ਹੈਡਕੁਆਟਰਾਂ 'ਤੇ ਪੁਤਲੇ ਫ਼ੂਕਣ ਦੇ ਉਲੀਕੇ ਪ੍ਰੋਗਰਾਮ ਤਹਿਤ ਅੱਜ ਡਿਪਟੀ ਕਮਿਸ਼ਨਰ ਦਫ਼ਤਰ ਅੱਗੇ ਮੁੱਖ ਮੰਤਰੀ ਦਾ ਪੁਤਲਾ ਫ਼ੂਕਦਿਆਂ ਮੁਜ਼ਾਹਰਾ ਕੀਤਾ ਗਿਆ ਅਤੇ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ। ਕੱਚੇ ਅਧਿਆਪਕ ਅੱਜ ਬਾਅਦ ਦੁਪਹਿਰ ਬੱਸ ਸਟੈਂਡ ਨਜ਼ਦੀਕ ਮੰਦਰ ਦੇ ਪਾਰਕ ਵਿਚ ਇਕੱਠੇ ਹੋਏ, ਜਿਥੋਂ ਮੁੱਖ ਮੰਤਰੀ ਦਾ ਪੁਤਲਾ ਚੁੱਕ ਕੇ ਰੋਸ ਮਾਰਚ ਕੀਤਾ ਗਿਆ ਅਤੇ ਡੀਸੀ ਦਫ਼ਤਰ ਅੱਗੇ ਪੁੱਜ ਕੇ ਪੁਤਲਾ ਫ਼ੂਕਦਿਆਂ ਮੁਜ਼ਾਹਰਾ ਕੀਤਾ। ਇਸ ਮੌਕੇ ਯੂਨੀਅਨ ਦੇ ਆਗੂ ਗੁਰਿੰਦਰ ਸੋਹੀ, ਨਿਰਮਲ ਕਲੌਂਦੀ, ਵਿਕਾਸ ਵਡੇਰਾ, ਅਜੀਤ ਪਾਲ, ਮਲਕੀਤ ਸਿੰਘ ਔਲਖ ਅਤੇ ਰੇਸ਼ਮ ਸਿੰਘ ਨੇ ਪੁਲੀਸ ਲਾਠੀਚਾਰਜ ਦੀ ਨਿਖੇਧੀ ਕਰਦਿਆਂ ਕਿਹਾ ਕਿ 1 ਜੁਲਾਈ ਨੂੰ ਸ਼ਾਂਤਮਈ ਰੋਸ ਮਾਰਚ ਕਰਦੇ ਕੱਚੇ ਅਧਿਆਪਕਾਂ ਉਪਰ ਪੁਲੀਸ ਵਲੋਂ ਅੰਨ੍ਹੇਵਾਹ ਲਾਠੀਚਾਰਜ ਕੀਤਾ ਗਿਆ ਅਤੇ ਪੱਗਾਂ ਤੇ ਚੁੰਨੀਆਂ ਰੋਲੀਆਂ ਗਈਆਂ। ਸਰਕਾਰ ਪੁਲੀਸ ਜਬਰ ਨਾਲ ਕੱਚੇ ਅਧਿਆਪਕਾਂ ਦੀ ਆਵਾਜ਼ ਨੂੰ ਦਬਾਉਣਾ ਚਾਹੁੰਦੀ ਸੀ ਪਰ ਅਧਿਆਪਕਾਂ ਦੇ ਹੌਸਲੇ ਬੁਲੰਦ ਹਨ ਅਤੇ ਸੰਘਰਸ਼ ਲਗਾਤਾਰ ਜਾਰੀ ਹੈ। 22 ਦਿਨਾਂ ਤੋਂ ਇੰਦਰਜੀਤ ਸਿੰਘ ਮਾਨਸਾ ਪਿੰਡ ਖੁਰਾਣਾ ਦੀ ਕਰੀਬ ਸੌ ਫੁੱਟ ਉਚੀ ਟੈਂਕੀ 'ਤੇ ਚੜ੍ਹਿਆ ਹੋਇਆ ਹੈ, ਜਦੋਂ ਕਿ ਹੇਠਾਂ ਪੱਕਾ ਮੋਰਚਾ ਜਾਰੀ ਹੈ ਪਰ ਸਰਕਾਰ ਨੂੰ ਸੜਕਾਂ 'ਤੇ ਰੁਲ੍ਹ ਰਹੇ ਪੰਜਾਬ ਦੇ ਧੀਆਂ ਪੁੱਤਾਂ ਦੀ ਕੋਈ ਪ੍ਰਵਾਹ ਨਹੀਂ ਹੈ। ਉਨ੍ਹਾਂ ਕਿਹਾ ਕਿ ਪੁਲੀਸ ਜਬਰ ਦੇ ਖ਼ਿਲਾਫ਼ ਅੱਜ ਪੰਜਾਬ ਭਰ ਦੇ ਸਾਰੇ ਜ਼ਿਲ੍ਹਾ ਹੈਡਕੁਆਟਰਾਂ 'ਤੇ ਮੁੱਖ ਮੰਤਰੀ ਦੇ ਪੁਤਲੇ ਫ਼ੂਕਦਿਆਂ ਰੋਸ ਮੁਜ਼ਾਹਰੇ ਕੀਤੇ ਗਏ ਹਨ। ਉਨ੍ਹਾਂ ਮੰਗ ਕੀਤੀ ਕਿ ਕੱਚੇ ਅਧਿਆਪਕਾਂ ਨੂੰ ਤਨਖਾਹ ਸਕੇਲਾਂ ਸਮੇਤ ਸਾਰੇ ਸਰਕਾਰੀ ਲਾਭ ਅਤੇ ਭੱਤੇ ਦੇ ਕੇ ਰੈਗੂਲਰ ਕੀਤਾ ਜਾਵੇ। ਇਸ ਮੌਕੇ ਸਮੂਹ ਭਰਾਤਰੀ ਤੇ ਕਿਸਾਨ ਜਥੇਬੰਦੀਆਂ ਵਲੋਂ 8736 ਕੱਚੇ ਅਧਿਆਪਕਾਂ ਦੀ ਡਟਵੀਂ ਹਮਾਇਤ ਦਾ ਐਲਾਨ ਕੀਤਾ ਹੈ। ਇਸ ਮੌਕੇ ਤਰਕਸ਼ੀਲ ਸੁਸਾਇਟੀ ਦੇ ਆਗੂ ਜੁਝਾਰ ਸਿੰਘ ਲੌਂਗੋਵਾਲ, ਡੀਟੀਐਫ਼ ਆਗੂ ਪਵਨ ਕੁਮਾਰ, ਜਸਵੀਰ ਨਮੋਲ, ਜਗਜੀਤ ਸਿੰਘ ਐਸਸੀਬੀਸੀ ਅਧਿਆਪਕ ਯੂਨੀਅਨ, ਪੀਐਸਯੂ ਦੇ ਸੁਖਦੀਪ ਸਿੰਘ, ਮਨਪ੍ਰੀਤ ਕੌਰ, ਤਰਸੇਮ ਸਿੰਘ, ਬਲਜਿੰਦਰ



ਸ਼ੇਰਪੁਰ, ਮਨਪ੍ਰੀਤ ਕੌਰ, ਸਰਬਜੀਤ ਕੌਰ, ਗਗਨਦੀਪ ਕੌਰ ਲੱਡਾ, ਮਨਜਿੰਦਰ ਕੌਰ, ਦਮਨ ਸੁਨਾਮ, ਅੰਮ੍ਰਿਤਪਾਲ ਸਿੰਘ, ਗੁਰਵਿੰਦਰ ਸਿੰਘ ਮਲੇਰਕੋਟਲਾ, ਗੁਰਲਾਲ ਸਿੰਘ, ਹਰਦੀਪ ਸਿੰਘ, ਅਵਤਾਰ ਸਿੰਘ, ਜਗਰਾਜ ਸਿੰਘ, ਹਰਿੰਦਰ ਕੌਰ ਮਲੇਰਕੋਟਲਾ ਮੌਜੂਦ ਸਨ।

# ਸਮਾਨ ਨਾਗਰਿਕ ਜ਼ਾਬਤੇ ਦਾ ਸਹੀ ਸਮਾਂ

-ਸੰਜੇ ਗੁਪਤ

ਆਜ਼ਾਦੀ ਤੋਂ ਬਾਅਦ ਜਦ ਸਮਾਨ ਨਾਗਰਿਕ ਜ਼ਾਬਤੇ ਨੂੰ ਲੈ ਕੇ ਸੰਵਿਧਾਨ ਸਭਾ ਵਿਚ ਚਰਚਾ ਹੋਈ ਤਾਂ ਉਸ 'ਤੇ ਸਹਿਮਤੀ ਨਹੀਂ ਬਣ ਸਕੀ ਪਰ ਉਸ ਦੀ ਜ਼ਰੂਰਤ ਮਹਿਸੂਸ ਕੀਤੀ ਗਈ ਅਤੇ ਇਸੇ ਲਈ ਸੰਵਿਧਾਨ ਦੇ ਨੀਤੀ-ਨਿਰਦੇਸ਼ਕ ਸਿਧਾਂਤਾਂ ਵਿਚ ਇਹ ਲਿਖਿਆ ਗਿਆ ਕਿ ਸਰਕਾਰ ਦੇਸ਼ ਦੇ ਸਾਰੇ ਲੋਕਾਂ ਲਈ ਸਮਾਨ ਨਾਗਰਿਕ ਜ਼ਾਬਤੇ ਦਾ ਨਿਰਮਾਣ ਕਰੇਗੀ।

ਸੰਵਿਧਾਨ ਲਾਗੂ ਹੋਣ ਦੇ ਕੁਝ ਹੀ ਸਮੇਂ ਬਾਅਦ ਕਈ ਹਿੰਦੂ ਸੰਗਠਨਾਂ ਦੇ ਵਿਰੋਧ ਤੋਂ ਬਾਅਦ ਵੀ ਹਿੰਦੂ ਕੋਡ ਬਿੱਲ ਲਿਆਂਦਾ ਗਿਆ ਅਤੇ ਹਿੰਦੂ ਮਹਿਲਾਵਾਂ ਨੂੰ ਤਲਾਕ ਦਾ ਅਧਿਕਾਰ ਦੇਣ ਦੇ ਨਾਲ-ਨਾਲ ਉਨ੍ਹਾਂ ਨੂੰ ਸੰਪਤੀ ਵਿਚ ਵੀ ਹੱਕ ਦਿੱਤਾ ਗਿਆ। ਮੰਨਿਆ ਜਾ ਰਿਹਾ ਸੀ ਕਿ ਹਿੰਦੂ ਕੋਡ ਬਿੱਲ ਲਿਆਉਣ ਤੋਂ ਬਾਅਦ ਸਮਾਨ ਨਾਗਰਿਕ ਜ਼ਾਬਤਾ ਬਣਾਉਣ ਦੀ ਦਿਸ਼ਾ ਵਿਚ ਕਦਮ ਚੁੱਕੇ ਜਾਣਗੇ ਪਰ ਅਜਿਹਾ ਨਹੀਂ ਕੀਤਾ ਗਿਆ।

ਸੌੜੇ ਸਿਆਸੀ ਕਾਰਨਾਂ ਅਤੇ ਵੋਟ ਬੈਂਕ ਦੀ ਸਸਤੀ ਰਾਜਨੀਤੀ ਕਾਰਨ ਇਸ ਵਿਸ਼ੇ ਨੂੰ ਠੰਢੇ ਬਸਤੇ ਵਿਚ ਪਾ ਦਿੱਤਾ ਗਿਆ। ਹਾਲਾਂਕਿ ਸਮੇਂ-ਸਮੇਂ 'ਤੇ ਹਾਈ ਕੋਰਟਾਂ ਅਤੇ ਸੁਪਰੀਮ ਕੋਰਟ ਸਮਾਨ ਨਾਗਰਿਕ ਜ਼ਾਬਤੇ ਦੀ ਜ਼ਰੂਰਤ ਦਰਸਾਉਂਦੀਆਂ ਰਹੀਆਂ ਪਰ ਕਿਸੇ ਵੀ ਸਰਕਾਰ ਨੇ ਇਸ ਦਿਸ਼ਾ ਵਿਚ ਠੋਸ ਪਹਿਲ ਨਹੀਂ ਕੀਤੀ। ਅਜਿਹਾ ਉਦੋਂ ਹੋਇਆ ਜਦ ਮਹਿਲਾ ਅਧਿਕਾਰਾਂ ਦੀ ਅਣਦੇਖੀ ਦੇ ਮਾਮਲੇ ਸਾਹਮਣੇ ਆਉਣ 'ਤੇ ਸਮਾਨ ਨਾਗਰਿਕ ਜ਼ਾਬਤੇ ਦਾ ਵਿਸ਼ਾ ਉਜਾਗਰ ਹੁੰਦਾ ਰਿਹਾ।

ਅਜਿਹਾ ਹੀ ਇਕ ਮਾਮਲਾ ਸ਼ਾਹਬਾਨੋ ਦਾ ਸੀ। ਤਲਾਕ ਦੀ ਸ਼ਿਕਾਰ ਮੱਧ ਪ੍ਰਦੇਸ਼ ਦੀ ਮਹਿਲਾ ਸ਼ਾਹਬਾਨੋ ਨੇ ਜਦ ਗੁਜ਼ਾਰਾ ਭੱਤੇ ਲਈ ਅਦਾਲਤ ਦਾ ਬੂਹਾ ਖੜਕਾਇਆ ਤਾਂ ਉਸ ਨੂੰ 20 ਰੁਪਏ ਮਹੀਨੇ ਦਾ ਭੱਤਾ ਦੇਣ ਦਾ ਹੁਕਮ ਦਿੱਤਾ ਗਿਆ। ਸ਼ਾਹਬਾਨੋ ਦੇ ਵਕੀਲ ਪਤੀ ਅਹਿਮਦ ਖ਼ਾਨ ਨੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਜੋ ਚੰਗਾ ਖਾਸਾ ਕਮਾਉਂਦੇ ਸਨ ਪਰ ਹਾਈ ਕੋਰਟ ਨੇ ਹੇਠਲੀ ਅਦਾਲਤ ਦੇ ਫ਼ੈਸਲੇ ਨੂੰ ਬਰਕਰਾਰ ਰੱਖਿਆ ਅਤੇ ਗੁਜ਼ਾਰਾ ਭੱਤੇ ਦੀ ਰਕਮ ਵੀ ਵਧਾ ਦਿੱਤੀ।

ਮਾਮਲਾ ਸੁਪਰੀਮ ਕੋਰਟ ਵਿਚ ਪੁੱਜਾ। ਇੱਥੇ ਵੀ ਸ਼ਾਹਬਾਨੋ ਦੇ ਪੱਖ ਵਿਚ ਫ਼ੈਸਲਾ ਸੁਣਾਇਆ ਗਿਆ। ਉਦੋਂ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਧਾਰਾ 44 ਬੇਵਜ੍ਹਾ ਹੋ ਕੇ ਰਹਿ ਗਈ ਹੈ। ਇਸੇ ਧਾਰਾ ਵਿਚ ਸਮਾਨ ਨਾਗਰਿਕ ਜ਼ਾਬਤੇ ਦਾ ਨਿਰਮਾਣ ਕਰਨ ਦੀ ਗੱਲ ਆਖੀ ਗਈ ਹੈ। ਸੁਪਰੀਮ ਕੋਰਟ ਨੇ ਸ਼ਾਹਬਾਨੋ ਦੇ ਪਤੀ ਦਾ ਪੱਖ ਲੈਣ ਵਾਲੇ ਮੁਸਲਿਮ ਪਰਸਨਲ ਲਾਅ ਬੋਰਡ ਦੀ ਆਲੋਚਨਾ ਕੀਤੀ ਸੀ। ਕਿਹਾ ਸੀ ਕਿ ਤਲਾਕਸ਼ੁਦਾ ਮੁਸਲਿਮ ਮਹਿਲਾਵਾਂ ਬਦਹਾਲੀ ਵਿਚ ਜੀਵਨ ਗੁਜ਼ਾਰ ਰਹੀਆਂ ਹਨ। ਸ਼ਾਹਬਾਨੋ ਮਾਮਲੇ ਵਿਚ ਸੁਪਰੀਮ ਕੋਰਟ ਦਾ ਫ਼ੈਸਲਾ ਮੁਸਲਿਮ ਸੰਗਠਨਾਂ ਨੂੰ ਰਾਸ ਨਹੀਂ ਆਇਆ। ਉਨ੍ਹਾਂ ਨੇ ਰਾਜੀਵ ਗਾਂਧੀ ਸਰਕਾਰ 'ਤੇ ਇਸ ਫ਼ੈਸਲੇ ਨੂੰ ਪਲਟਣ ਦਾ ਦਬਾਅ ਬਣਾਇਆ।



*22ਵੇਂ ਕਾਨੂੰਨ ਕਮਿਸ਼ਨ ਨੇ ਜਦ ਤੋਂ ਸਮਾਨ ਨਾਗਰਿਕ ਜ਼ਾਬਤੇ 'ਤੇ ਸੁਝਾਅ ਮੰਗੇ ਹਨ, ਉਦੋਂ ਤੋਂ ਇਹ ਚਰਚਾ ਚੱਲ ਪਈ ਕਿ ਮੋਦੀ ਸਰਕਾਰ ਸਮਾਨ ਨਾਗਰਿਕ ਜ਼ਾਬਤਾ ਬਣਾਵੇਗੀ। ਇਸ ਚਰਚਾ ਨੂੰ ਉਦੋਂ ਬਲ ਮਿਲਿਆ ਜਦ ਭੋਪਾਲ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਮਾਨ ਨਾਗਰਿਕ ਜ਼ਾਬਤੇ ਦੀ ਜ਼ੋਰਦਾਰ ਤਰੀਕੇ ਨਾਲ ਵਕਾਲਤ ਕੀਤੀ। ਇਸ ਤੋਂ ਬਾਅਦ ਰਾਜਨੀਤਕ ਦਲ ਇਸ 'ਤੇ ਆਪਣਾ ਧਿਆਨ ਕੇਂਦ੍ਰਿਤ ਕਰੀ ਬੈਠੇ ਹਨ।*

ਤਕੜੇ ਬਹੁਮਤ ਦੇ ਬਾਵਜੂਦ ਰਾਜੀਵ ਗਾਂਧੀ ਸਰਕਾਰ ਕੱਟੜਪੰਥੀ ਅਨਸਰਾਂ ਦੇ ਦਬਾਅ ਹੇਠ ਆ ਗਈ ਅਤੇ ਉਸ ਨੇ ਸੁਪਰੀਮ ਕੋਰਟ ਦੇ ਫ਼ੈਸਲੇ ਨੂੰ ਪਲਟ ਦਿੱਤਾ। ਇਸ ਕਾਰਨ ਮੁਸਲਿਮ ਮਹਿਲਾਵਾਂ ਦੀ ਅਣਦੇਖੀ ਦਾ ਸਿਲਸਿਲਾ ਬਰਕਰਾਰ ਰਿਹਾ। ਜਦ ਰਾਜੀਵ ਗਾਂਧੀ ਸਰਕਾਰ ਨੂੰ ਸਮਾਨ ਨਾਗਰਿਕ ਜ਼ਾਬਤੇ ਵੱਲ ਪੁਲਾਂਘ ਪੁੱਟਣੀ ਚਾਹੀਦੀ ਸੀ, ਉਦੋਂ ਉਸ ਨੇ ਸੰਵਿਧਾਨ ਦੀ ਭਾਵਨਾ ਦੇ ਉਲਟ ਕੰਮ ਕਰਦੇ ਹੋਏ ਕੱਟੜਪੰਥੀ ਮੁਸਲਿਮ ਸੰਗਠਨਾਂ ਦੇ ਸਾਹਮਣੇ ਹਥਿਆਰ ਸੁੱਟ ਦਿੱਤੇ।

ਸੁਪਰੀਮ ਕੋਰਟ ਕਈ ਵਾਰ ਇਹ ਕਹਿ ਚੁੱਕਾ ਹੈ ਕਿ ਸਮਾਨ ਨਾਗਰਿਕ ਜ਼ਾਬਤਾ ਬਣਾਉਣਾ ਉਸ ਦਾ ਨਹੀਂ, ਵਿਧਾਨ ਪਾਲਿਕਾ ਦਾ ਕੰਮ ਹੈ ਪਰ ਕਿਸੇ ਵੀ ਸਰਕਾਰ ਨੇ ਇਸ ਬਾਰੇ ਨਹੀਂ ਸੋਚਿਆ। ਇਸ ਦਾ ਇਕ ਕਾਰਨ ਰਿਹਾ ਮੁਸਲਿਮ ਵੋਟ ਬੈਂਕ ਦੀ ਰਾਜਨੀਤੀ। ਸੰਨ 2014 ਵਿਚ ਮੋਦੀ ਸਰਕਾਰ ਦੇ ਆਉਣ ਤੋਂ ਬਾਅਦ ਤੋਂ ਲਗਾਤਾਰ ਸਮਾਨ ਨਾਗਰਿਕ ਜ਼ਾਬਤੇ 'ਤੇ ਚਰਚਾ ਹੋ ਰਹੀ ਹੈ। ਇਸ ਲਈ ਹੋਰ ਵੀ ਕਿਉਂਕਿ ਰਾਮ ਮੰਦਰ ਨਿਰਮਾਣ, ਧਾਰਾ 370 ਦੇ ਖ਼ਾਤਮੇ ਦੇ ਨਾਲ-ਨਾਲ ਸਮਾਨ ਨਾਗਰਿਕ ਜ਼ਾਬਤਾ ਉਸ ਦੇ ਮੂਲ ਮੁੱਦਿਆਂ ਵਿਚ ਸ਼ਾਮਲ ਹੈ। ਸੰਨ 2018 ਵਿਚ 21ਵੇਂ ਕਾਨੂੰਨ ਕਮਿਸ਼ਨ ਨੇ ਇਕ ਮਸ਼ਵਰਾ ਪੱਤਰ ਜਾਰੀ ਕਰ ਕੇ ਸਮਾਨ ਨਾਗਰਿਕ ਜ਼ਾਬਤੇ ਦੀ ਪੈਰਵੀ ਤਾਂ ਨਹੀਂ ਕੀਤੀ ਪਰ ਪਰਿਵਾਰਕ ਕਾਨੂੰਨਾਂ ਵਿਚ ਸੁਧਾਰ ਦੀ ਜ਼ਰੂਰਤ ਪ੍ਰਗਟਾਈ। ਇਸ ਦਾ ਮਤਲਬ ਸੀ ਕਿ ਸ਼ਾਦੀ, ਤਲਾਕ, ਪਾਲਣ-ਪੋਸ਼ਣ, ਜਾਨਸ਼ੀਨੀ ਅਤੇ ਗੋਦ ਲੈਣ ਸਬੰਧੀ ਕਾਨੂੰਨਾਂ ਵਿਚ ਸੁਧਾਰ ਕੀਤੇ ਜਾਣ।

22ਵੇਂ ਕਾਨੂੰਨ ਕਮਿਸ਼ਨ ਨੇ ਜਦ ਤੋਂ ਸਮਾਨ ਨਾਗਰਿਕ ਜ਼ਾਬਤੇ 'ਤੇ ਸੁਝਾਅ ਮੰਗੇ ਹਨ, ਉਦੋਂ ਤੋਂ ਇਹ ਚਰਚਾ ਚੱਲ ਪਈ ਕਿ ਮੋਦੀ ਸਰਕਾਰ ਸਮਾਨ ਨਾਗਰਿਕ ਜ਼ਾਬਤਾ ਬਣਾਵੇਗੀ। ਇਸ ਚਰਚਾ ਨੂੰ ਉਦੋਂ ਬਲ ਮਿਲਿਆ ਜਦ ਭੋਪਾਲ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਮਾਨ ਨਾਗਰਿਕ ਜ਼ਾਬਤੇ ਦੀ ਜ਼ੋਰਦਾਰ ਤਰੀਕੇ ਨਾਲ ਵਕਾਲਤ ਕੀਤੀ। ਇਸ ਤੋਂ ਬਾਅਦ ਰਾਜਨੀਤਕ ਦਲ ਇਸ 'ਤੇ ਆਪਣਾ ਧਿਆਨ ਕੇਂਦ੍ਰਿਤ ਕਰੀ ਬੈਠੇ ਹਨ। ਮੰਨਿਆ ਜਾ ਰਿਹਾ ਹੈ ਕਿ ਬੈਂਗਲੁਰੂ ਵਿਚ ਵਿਰੋਧੀ ਪਾਰਟੀਆਂ ਦੀ ਜੋ ਬੈਠਕ ਹੋਣੀ ਹੈ, ਉਸ ਵਿਚ ਸਮਾਨ ਨਾਗਰਿਕ ਜ਼ਾਬਤੇ 'ਤੇ ਵੀ ਚਰਚਾ ਹੋਵੇਗੀ। ਆਮ ਆਦਮੀ ਪਾਰਟੀ ਨੇ ਸਮਾਨ ਨਾਗਰਿਕ ਜ਼ਾਬਤੇ ਨੂੰ ਸਿਧਾਂਤਕ ਹਮਾਇਤ ਦੇ ਕੇ ਵਿਰੋਧੀ ਪਾਰਟੀਆਂ ਅੱਗੇ ਇਕ ਮੁਸੀਬਤ ਖੜ੍ਹੀ ਕਰ ਦਿੱਤੀ ਹੈ। ਵਿਰੋਧੀ ਪਾਰਟੀਆਂ ਜੋ ਵੀ ਕਹਿਣ, ਉਨ੍ਹਾਂ ਨੇ ਆਪਣੇ ਰਵੱਈਏ ਨਾਲ ਆਪਣੇ ਲਈ ਪਰੇਸ਼ਾਨੀ ਖੜ੍ਹੀ ਕਰ ਲਈ ਹੈ ਕਿਉਂਕਿ ਵਰਤਮਾਨ ਵਿਚ ਕੋਈ ਪ੍ਰਗਤੀਸ਼ੀਲ ਮੁਲਕ ਆਪਣੇ ਨਾਗਰਿਕਾਂ ਲਈ ਵੱਖ-ਵੱਖ ਨਿੱਜੀ ਕਾਨੂੰਨਾਂ ਦੀ ਪੈਰਵੀ ਨਹੀਂ ਕਰ ਸਕਦਾ। ਪ੍ਰਧਾਨ ਮੰਤਰੀ ਵੱਲੋਂ ਸਮਾਨ ਨਾਗਰਿਕ ਜ਼ਾਬਤੇ ਦੀ ਪੈਰਵੀ ਕੀਤੇ ਜਾਣ ਤੋਂ ਪਹਿਲਾਂ ਤੋਂ ਹੀ ਉਤਰਾਖੰਡ, ਗੁਜਰਾਤ ਆਦਿ ਭਾਜਪਾ ਦੀ ਹਕੂਮਤ ਵਾਲੇ ਸੂਬੇ ਇਸ ਤਰ੍ਹਾਂ ਦੇ ਜ਼ਾਬਤੇ ਦੇ ਨਿਰਮਾਣ ਦੀ ਕੋਸ਼ਿਸ਼ ਕਰ ਰਹੇ ਹਨ।

ਧਿਆਨ ਰਹੇ ਕਿ ਗੋਆ ਵਿਚ ਸਮਾਨ ਨਾਗਰਿਕ ਜ਼ਾਬਤਾ ਪਹਿਲਾਂ ਤੋਂ ਹੀ ਲਾਗੂ ਹੈ। ਇਹ ਠੀਕ ਨਹੀਂ ਕਿ ਹਰ ਸੂਬਾ ਆਪਣਾ ਅਲੱਗ ਤੋਂ ਨਾਗਰਿਕ ਜ਼ਾਬਤਾ ਬਣਾਏ। ਇਹ ਕੇਂਦਰੀ ਪੱਧਰ 'ਤੇ ਹੀ ਬਣਨਾ ਚਾਹੀਦਾ ਹੈ। ਦੇਸ਼ ਦੇ ਸਾਰੇ ਨਾਗਰਿਕ ਬਰਾਬਰ ਹਨ ਤਾਂ ਫਿਰ ਉਨ੍ਹਾਂ ਲਈ ਸ਼ਾਦੀ, ਤਲਾਕ, ਜਾਨਸ਼ੀਨੀ ਹਕੂਕ ਆਦਿ ਦੇ ਕਾਨੂੰਨ ਵੀ ਇਕ ਸਮਾਨ ਹੋਣੇ ਚਾਹੀਦੇ ਹਨ। ਅਜਿਹਾ ਹੋਣ ਨਾਲ ਰਾਸ਼ਟਰੀ ਏਕਤਾ ਨੂੰ ਬਲ ਮਿਲੇਗਾ, ਸਾਰੇ ਨਾਗਰਿਕਾਂ ਵਿਚ ਬਰਾਬਰੀ ਦਾ ਭਾਵ ਪੈਦਾ ਹੋਵੇਗਾ ਅਤੇ ਮਹਿਲਾਵਾਂ ਦੇ ਹਿੱਤਾਂ ਦੀ ਅਣਦੇਖੀ ਦੇ ਸਿਲਸਿਲੇ ਨੂੰ ਠੱਲ੍ਹ ਪਵੇਗੀ।

ਅਨੇਕ ਮੁਸਲਿਮ ਸੰਗਠਨ ਅਤੇ ਵਿਸ਼ੇਸ਼ ਤੌਰ 'ਤੇ ਮੁਸਲਿਮ ਪਰਸਨਲ ਲਾਅ ਬੋਰਡ ਸਮਾਨ ਨਾਗਰਿਕ ਜ਼ਾਬਤੇ ਦੇ ਪੱਖ ਵਿਚ ਨਹੀਂ। ਉਹ ਆਪਣੇ ਸਮਾਜ ਨੂੰ ਸਦੀਆਂ ਪੁਰਾਣੀ ਸ਼ਰੀਆ ਦੇ ਹਿਸਾਬ ਨਾਲ ਚਲਾਉਣਾ ਚਾਹੁੰਦੇ ਹਨ। ਅੱਜ ਦੇ ਯੁੱਗ ਵਿਚ ਸਦੀਆਂ ਪੁਰਾਣੇ ਪਰਿਵਾਰਕ ਕਾਨੂੰਨਾਂ ਲਈ ਕੋਈ ਜਗ ?ਹਾ ਨਹੀਂ। ਜਿੱਥੇ ਇਹ ਚੰਗੀ ਗੱਲ ਹੈ ਕਿ ਕੁਝ ਮੁਸਲਿਮ ਸੰਗਠਨ ਸਮਾਨ ਨਾਗਰਿਕ ਜ਼ਾਬਤੇ 'ਤੇ ਹਾਂ-ਪੱਖੀ ਰੁਖ਼ ਦਿਖਾ ਰਹੇ ਹਨ, ਓਥੇ ਹੀ ਬਦਕਿਸਮਤੀ ਹੈ ਕਿ ਮੁਸਲਿਮ ਵੋਟਾਂ ਦੇ ਕਾਰਨ ਅਨੇਕ ਵਿਰੋਧੀ ਪਾਰਟੀਆਂ ਇਸ ਜ਼ਾਬਤੇ ਦਾ ਵਿਰੋਧ ਕਰ ਰਹੀਆਂ ਹਨ?

ਵਿਰੋਧ ਕਰਨ ਵਾਲੇ ਇਸ ਤੋਂ ਅਨਜਾਣ ਨਹੀਂ ਕਿ ਕਈ ਵਰਗਾਂ ਅਤੇ ਖ਼ਾਸ ਤੌਰ 'ਤੇ ਮੁਸਲਿਮ ਮਹਿਲਾਵਾਂ ਦੇ ਅਧਿਕਾਰਾਂ ਦੀ ਉਲੰਘਣਾ ਹੋ ਰਹੀ ਹੈ ਪਰ ਉਹ ਵੋਟ ਬੈਂਕ ਦੇ ਲਾਲਚ ਵਿਚ ਇਕ ਜ਼ਰੂਰੀ ਸੁਧਾਰ ਤੋਂ ਮੂੰਹ ਮੋੜ ਰਹੇ ਹਨ। ਉਨ੍ਹਾਂ ਕੋਲ ਅਜਿਹੇ ਸਵਾਲਾਂ ਦਾ ਕੋਈ ਜਵਾਬ ਨਹੀਂ ਕਿ ਕੀ ਅੱਜ ਦੇ ਆਧੁਨਿਕ ਯੁੱਗ ਵਿਚ ਬਹੁ-ਵਿਆਹ ਜਾਰੀ ਰਹਿਣਾ ਚਾਹੀਦਾ ਹੈ ਜਾਂ ਫਿਰ ਕੀ ਬੇਟੇ-ਬੇਟੀਆਂ ਨੂੰ ਸੰਪਤੀ ਵਿਚ ਬਰਾਬਰ ਦਾ ਹੱਕ ਨਹੀਂ ਮਿਲਣਾ ਚਾਹੀਦਾ? ਵਿਰੋਧੀ ਪਾਰਟੀਆਂ ਨੂੰ ਇਹ ਅਹਿਸਾਸ ਹੋਵੇ ਤਾਂ ਚੰਗਾ ਕਿ ਉਹ ਸਮਾਨ ਨਾਗਰਿਕ ਜ਼ਾਬਤੇ ਦਾ ਵਿਰੋਧ ਕਰ ਕੇ ਆਪਣਾ ਰਾਜਨੀਤਕ ਨੁਕਸਾਨ ਤਾਂ ਕਰਨਗੀਆਂ ਹੀ, ਸਮਾਜ ਸੁਧਾਰ ਦੇ ਰਾਹ ਵਿਚ ਵੀ ਅੜਿੱਕਾ ਸਾਬਿਤ ਹੋਣਗੀਆਂ।

ਇਕਸਾਰ ਸਿਵਲ ਕੋਡ ਦੇ ਮੁੱਦੇ 'ਤੇ ਵਿਰੋਧੀ ਪਾਰਟੀਆਂ ਦੇ ਵੱਖੋ-ਵੱਖਰੇ ਵਿਚਾਰ ਮੰਦਭਾਗੇ ਹਨ। ਸ਼ਿਵ ਸੈਨਾ ਚਾਹੁੰਦੀ ਹੈ ਕਿ ਮੋਦੀ ਸਰਕਾਰ ਇਸ ਸਬੰਧੀ ਜੋ ਕੁਝ ਵੀ ਅੰਤਿਮ ਰੂਪ ਵਿਚ ਜਾਰੀ ਕਰੇਗੀ, ਉਸ ਨੂੰ ਵੇਖ ਕੇ ਹੀ ਕੋਈ ਫ਼ੈਸਲਾ ਲਿਆ ਜਾਵੇ। ਉਂਜ ਵਿਰੋਧੀ ਧਿਰ ਦੀਆਂ ਜ਼ਿਆਦਾਤਰ ਪਾਰਟੀਆਂ ਇਸ ਦਾ ਜ਼ੋਰਦਾਰ ਵਿਰੋਧ ਹੀ ਕਰ ਰਹੀਆਂ ਹਨ। ਉਨ੍ਹਾਂ ਨੇ ਇਹ ਵੀ ਸਪਸ਼ਟ ਕਰ ਦਿੱਤਾ ਹੈ ਕਿ ਉਨ੍ਹਾਂ ਦੀ ਏਕਤਾ ਇਸ ਮੁੱਦੇ 'ਤੇ ਟੁੱਟੇਗੀ ਨਹੀਂ। ਵਿਰੋਧੀ ਧਿਰ ਦੀ ਅਗਲੀ ਮੀਟਿੰਗ ਜੁਲਾਈ 'ਚ ਬੈਂਗਲੁਰੂ ਵਿਖੇ ਹੋਣੀ ਹੈ ਜਿੱਥੇ ਸੰਘਵਾਦ, ਰੁਜ਼ਗਾਰ, ਆਰਥਿਕ ਅੰਕੜਾਂ ਅਤੇ ਵਿਰੋਧੀ ਧਿਰ ਦੀਆਂ ਸਰਕਾਰਾਂ ਵਾਲੇ ਰਾਜਾਂ ਵਿਚ ਕੇਂਦਰ ਦੇ ਕਥਿਤ ਬੇਲੋੜੇ ਦਖ਼ਲ ਜਿਹੇ ਮੁੱਦਿਆਂ 'ਤੇ ਵਿਚਾਰ-ਚਰਚਾ ਹੋਣੀ ਹੈ। ਕੁੱਲ 15 ਵਿੱਚੋਂ 14 ਪਾਰਟੀਆਂ ਸਾਰੇ ਮੁੱਦਿਆਂ 'ਤੇ ਲਗਪਗ ਇਕਮਤ ਹਨ।

## ਇਕਸਾਰ ਨਾਗਰਿਕ ਜ਼ਾਬਤੇ ਨੂੰ ਲੈ ਕੇ ਨਾ ਹੋਵੇ ਸਿਆਸਤ

ਇਕਸਾਰ ਨਾਗਰਿਕ ਜ਼ਾਬਤਾ 'ਤੇ ਕੁਝ ਵਿਰੋਧੀ ਪਾਰਟੀਆਂ ਨੇ ਜਿਵੇਂ ਹਾਂ-ਪੱਖੀ ਅਤੇ ਤਰਕਪੂਰਨ ਰਵੱਈਆ ਅਪਣਾ ਲਿਆ ਹੈ, ਉਸ ਨਾਲ ਕਾਂਗਰਸ ਦੀ ਦੁਬਿਧਾ ਵਧਣੀ ਸੁਭਾਵਕ ਹੈ। ਉਸ ਨੂੰ ਆਪਣੇ ਸਟੈਂਡ 'ਤੇ ਕਾਇਮ ਨਹੀਂ ਰਹਿਣਾ ਚਾਹੀਦਾ ਸਗੋਂ ਆਪਣੀ ਦੁਬਿਧਾ ਹੁਣ ਛੱਡ ਦੇਣੀ ਚਾਹੀਦੀ ਹੈ। ਅਜਿਹਾ ਇਸ ਲਈ ਹੋਣਾ ਚਾਹੀਦਾ ਹੈ ਕਿ ਵਿਰੋਧੀ ਧਿਰ ਦੇ ਕਈ ਆਗੂਆਂ ਦੇ ਨਾਲ-ਨਾਲ ਕਾਂਗਰਸ ਦੇ ਵੀ ਕੁਝ ਆਗੂ ਇਕਸਾਰ ਨਾਗਰਿਕ ਜ਼ਾਬਤੇ ਨੂੰ ਸਮੇਂ ਦੀ ਲੋੜ ਦੱਸ ਰਹੇ ਹਨ।

ਕਾਂਗਰਸ ਨੂੰ ਪਹਿਲਾਂ ਜਿਹੀ ਕੋਈ ਭੁੱਲ ਨਹੀਂ ਕਰਨੀ ਚਾਹੀਦੀ, ਜਿਹੋ ਜਿਹੀ ਉਸ ਨੇ ਸ਼ਾਹਬਾਨੋ ਮਾਮਲੇ 'ਚ ਕੀਤੀ ਸੀ। ਉਸ ਦੀ ਕੀਮਤ ਸਿਰਫ਼ ਉਸ ਨੂੰ ਹੀ ਨਹੀਂ ਸਗੋਂ ਦੇਸ਼ ਨੂੰ ਵੀ ਚੁਕਾਉਣੀ ਪਈ। ਜੇ ਸ਼ਾਹਬਾਨੋ ਮਾਮਲੇ 'ਚ ਰਾਜੀਵ ਗਾਂਧੀ ਦੀ ਸਰਕਾਰ ਕੱਟੜਪੰਥੀ ਤੱਤਾਂ ਅੱਗੇ ਝੁਕਣ ਦੀ ਥਾਂ ਸੰਵਿਧਾਨ ਮੁਤਾਬਕ ਫ਼ੈਸਲਾ ਲੈਂਦੀ ਤੇ ਸੁਪਰੀਮ ਕੋਰਟ ਦੇ ਫ਼ੈਸਲੇ ਨਾਲ ਖੜ੍ਹੀ ਹੁੰਦੀ ਤਾਂ ਅੱਜ ਹਾਲਾਤ ਹੋਰ ਹੋਣੇ ਸਨ ਨਾ ਸਿਰਫ਼ ਉਸ ਦੇ ਸਗੋਂ ਭਾਰਤੀ ਸਮਾਜ ਦੇ ਵੀ।

ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਕਾਂਗਰਸ ਨੂੰ ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਸਿਆਸੀ ਪਾਰਟੀਆਂ ਦਾ ਮੁੱਖ ਕੰਮ ਜਨਤਾ ਨੂੰ ਦਿਸ਼ਾ ਦੇਣਾ ਤੇ ਸਮਾਜ ਸੁਧਾਰ ਦੇ ਕੰਮ ਕਰਨਾ ਵੀ ਹੁੰਦਾ ਹੈ। ਇਕ ਵੇਲਾ ਸੀ ਜਦੋਂ ਕਾਂਗਰਸ ਇਕ ਸਿਆਸੀ ਪਾਰਟੀ ਵਜੋਂ ਸਮਾਜ ਸੁਧਾਰ ਦੇ ਕੰਮਾਂ ਵੱਲ ਵੀ ਧਿਆਨ ਦਿੰਦੀ ਸੀ ਪਰ ਹੌਲੀ-ਹੌਲੀ ਉਸ ਨੇ ਸਮਾਜ ਸੁਧਾਰਾਂ ਤੋਂ ਮੂੰਹ ਮੋੜ ਲਿਆ ਤੇ ਸਿਰਫ਼ ਵੋਟ ਬੈਂਕ ਦੀ ਸਿਆਸਤ ਕਰਨੀ ਸ਼ੁਰੂ ਕਰ ਦਿੱਤੀ। ਇਕਸਾਰ ਨਾਗਰਿਕ ਜ਼ਾਬਤੇ ਦੇ ਮਾਮਲੇ 'ਚ ਜੇ ਵਿਰੋਧੀ ਪਾਰਟੀਆਂ ਦੇ ਨਾਲ-ਨਾਲ ਕਾਂਗਰਸ ਕੋਲ ਕਹਿਣ ਨੂੰ ਕੁਝ ਹੈ ਤਾਂ ਸਿਰਫ਼ ਇਹੋ ਕਿ ਆਖ਼ਰ ਉਸ ਦੀ ਪਹਿਲ ਇਸੇ ਵੇਲੇ ਕਿਉਂ ਕੀਤੀ ਜਾ ਰਹੀ ਹੈ?




ਇਹ ਕੁਝ ਉਹੋ ਜਿਹੀ ਭੈੜੀ ਦਲੀਲ ਹੈ, ਜਿਹੋ ਜਿਹੀ ਅਯੁੱਧਿਆ ਮਾਮਲੇ 'ਚ ਸੁਪਰੀਮ ਕੋਰਟ ਸਾਹਵੇਂ ਦਿੱਤੀ ਗਈ ਸੀ। ਉਦੋਂ ਇਹ ਆਖਿਆ ਗਿਆ ਸੀ ਕਿ ਇਸ ਮਾਮਲੇ ਦੀ ਸੁਣਵਾਈ ਆਮ ਚੋਣਾਂ ਤੋਂ ਬਾਅਦ ਕੀਤੀ ਜਾਣੀ ਚਾਹੀਦੀ ਹੈ। ਇਕਸਾਰ ਨਾਗਕਿਕ ਜ਼ਾਬਤੇ ਦੀ ਪਹਿਲ ਇਸੇ ਸਮੇਂ ਕਿਉਂ, ਇਹ ਕੋਈ ਸੁਆਲ ਨਹੀਂ ਹੋਇਆ। ਕੀ ਕਾਂਗਰਸ ਜਾਂ ਫਿਰ ਹੋਰ ਵਿਰੋਧੀ ਪਾਰਟੀਆਂ ਇਹ ਦੱਸ ਸਕਦੀਆਂ ਹਨ ਕਿ ਇਸ ਕੋਡ ਦੀ ਪਹਿਲ ਲਈ ਕਿਹੜਾ ਸਮਾਂ ਵਾਜਬ ਹੁੰਦਾ?

ਇਹ ਸੁਆਲ ਇਸ ਲਈ ਕਿਉਂਕਿ ਜੋ ਕੰਮ ਕਈ ਦਹਾਕੇ ਪਹਿਲਾਂ ਹੋ ਜਾਣਾ ਚਾਹੀਦਾ ਸੀ, ਉਹ ਹਾਲੇ ਵੀ ਮੁਲਤਵੀ ਪਿਆ ਹੈ। ਇਕਸਾਰ ਨਾਗਰਿਕ ਜ਼ਾਬਤੇ ਸਬੰਧੀ ਕਾਨੂੰਨ ਲਟਕੇ ਰਹਿਣਾ ਇਕ ਤਰ੍ਹਾਂ ਨਾਲ ਸੰਵਿਧਾਨ ਘਾੜਿਆਂ ਦੇ ਸੁਫ਼ਨਿਆਂ ਨੂੰ ਜਾਣ-ਬੁੱਝ ਕੇ ਪੂਰਾ ਨਾ ਕਰਨਾ ਹੈ। ਕਾਂਗਰਸ ਨੂੰ ਇਸ ਨੂੰ ਅੱਖੋਂ ਪ੍ਰੋਖੇ ਨਹੀਂ ਕਰਨਾ ਚਾਹੀਦਾ ਕਿ ਜਵਾਹਰਲਾਲ ਨਹਿਰੂ ਨੇ ਜ਼ੋਰਦਾਰ ਵਿਰੋਧ ਦੇ ਬਾਵਜੂਦ ਹਿੰਦੂ ਕੋਡ ਬਿੱਲ ਦੇ ਮਾਮਲੇ 'ਚ ਕਿਸ ਤਰ੍ਹਾਂ ਦ੍ਰਿੜ੍ਹ ਰਵੱਈਆ ਅਪਣਾਇਆ ਸੀ।

ਇਕਸਾਰ ਨਾਗਰਿਕ ਜ਼ਾਬਤੇ ਦੇ ਮਾਮਲੇ 'ਚ ਵਿਰੋਧ ਲਈ ਵਿਰੋਧ ਵਾਲੀ ਸਿਆਸਤ ਕਰਨ ਤੋਂ ਬਿਹਤਰ ਹੈ ਕਿ ਉਸ ਪ੍ਰਤੀ ਹਾਂ-ਪੱਖੀ ਨਜ਼ਰੀਏ ਤੋਂ ਵਿਚਾਰ ਕੀਤਾ ਜਾਵੇ। ਮੰਨਿਆ ਜਾ ਰਿਹਾ ਹੈ ਕਿ ਸੰਸਦ ਦੇ ਅਗਲੇ ਸੈਸ਼ਨ 'ਚ ਸਰਕਾਰ ਇਕਸਾਰ ਨਾਗਰਿਕ ਜ਼ਾਬਤੇ ਬਾਰੇ ਬਿੱਲ ਲੈ ਕੇ ਆ ਸਕਦੀ ਹੈ। ਅਜਿਹਾ ਹੋਵੇ ਜਾਂ ਨਾ ਹੋਵੇ, ਸਾਰੀਆਂ ਪਾਰਟੀਆਂ ਲਈ ਇਹੋ ਉੱਚਿਤ ਰਹੇਗਾ ਕਿ ਸੰਸਦ ਦੇ ਮੌਨਸੂਨ ਸੈਸ਼ਨ 'ਚ ਉਸ 'ਤੇ ਵਿਆਪਕ ਬਹਿਸ ਹੋਵੇ। ਆਖ਼ਰ ਜਦੋਂ ਜਨਤਾ 'ਚ ਉਸ 'ਤੇ ਬਹਿਸ ਹੋ ਰਹੀ ਹੈ ਤਾਂ ਫਿਰ ਸੰਸਦ 'ਚ ਕਿਉਂ ਨਹੀਂ ਹੋਣੀ ਚਾਹੀਦੀ? ਹੁਣ ਜਨਤਾ ਤੋਂ ਕੋਈ ਓਹਲਾ ਰੱਖਣ ਦੀ ਜ਼ਰੂਰਤ ਨਹੀਂ ਹੈ, ਜੋ ਕੁਝ ਵੀ ਹੈ, ਸਭ ਪਾਰਦਰਸ਼ੀ ਢੰਗ ਨਾਲ ਹੋਣਾ ਚਾਹੀਦਾ ਹੈ।

ਅਮਰੀਕਾ ਦੀ ਉਘੀ ਸਖਸ਼ੀਅਤ ਸ੍ਰ. ਬਲਬੀਰ ਸਿੰਘ ਰਾਗੀ ਕਮਿਉਨਟੀ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ ਜਿਨ੍ਹਾਂ ਦਾ ਪ੍ਰਵਾਰ ਕਈ ਦਹਾਕਿਆਂ ਤੋਂ ਪਹਿਲੀ ਕਤਾਰ ਵਿੱਚ ਸਿੱਖੀ ਅਤੇ ਸਭਿਆਚਾਰ ਦੀ ਨਿਸ਼ਕਾਮ ਸੇਵਾ ਕਰ ਰਿਹਾ ਹੈ। ਰਾਗੀ ਪ੍ਰਵਾਰ ਫਿਜ਼ੀ, ਨਿਊਜ਼ੀਲੈਂਡ ਇੰਗਲੈਂਡ ਅਮਰੀਕਾ ’ਚ ਵਸਿਆ ਹੋਇਆ ਹੈ। ਅਦਾਰਾ ‘ਸਾਡੇ ਲੋਕ’ ਅਖਬਾਰ ਵਲੋਂ ਤਕਰੀਬਨ ਪਿਛਲੇ ਦੋ ਸਾਲ ਤੋਂ ਸ੍ਰ. ਬਲਬੀਰ ਸਿੰਘ ਰਾਗੀ ਦੀ ਲਿਖੀ ਇਤਿਹਾਸਕ ਕਿਤਾਬ (In Service of His Master) ਦਾ ਪੰਜਾਬੀ ’ਚ ਉਲਥਾ ਕਰਕੇ ਛਾਪੀ ਜਾ ਰਹੀ ਹੈ। ਪਾਠਕਾਂ ਦੀ ਭਾਰੀ ਮੰਗ ਉਪਰ ਅਸੀਂ ਉਸਨੂੰ ਦੁਆਰਾ ਛਾਪ ਰਹੇ ਹਾਂ। ਸ੍ਰ. ਬਲਬੀਰ ਸਿੰਘ ਰਾਗੀ ਦੀ ਇਸ ਮਹੀਨੇ ਆਈ ਨਵੀਂ ਕਿਤਾਬ The UNSPOKEN HEART ਜਿਸਨੂੰ ਐਮਾਜ਼ੋਨ ਤੋਂ ਪ੍ਰਪਾਤ ਕੀਤਾ ਜਾ ਸਕਦਾ ਹੈ।

# ਸ੍ਰ. ਬਲਬੀਰ ਸਿੰਘ ਰਾਗੀ ਦੀ ਨਵੀਂ ਕਿਤਾਬ The Unspoken Heart






**ਕੁਝ ਇਸ ਕਿਤਾਬ The Unspoken Heart ਬਾਰੇ**

ਅਣ-ਬੋਲਿਆ ਦਿਲ ਜਾ ਤੁਸੀਂ ਕਹਿ ਸਕਦੇ ਹੋ ਦਿਲ ਦੀਆਂ ਰਮਜ਼ਾਂ ਉਹ ਗੱਲਾਂ ਜਿਸਨੂੰ ਬਿਨਾਂ ਬੋਲਿਆ ਦਿਲ ਸਮਝ ਲਏ। ਇਸ ਨਵੇਂ ਯੁੱਗ ਦੀਆਂ ਅਜ਼ਮਾਇਸ਼ਾਂ ਅਤੇ ਜ਼ਿੰਦਗੀ ਵਿੱਚ ਆਉਣ ਵਾਲੀਆਂ ਪਿਆਰ ਦੀਆਂ ਮੁਸੀਬਤਾਂ ਅਤੇ ਇਹ ਕਿਤਾਬ ਇਲਾਹੀ ਬ੍ਰਹਮਤਾ ’ਤੇ ਕੇਂਦ੍ਰਤ ਕਰਦੀ ਹੈ। ਕਹਾਣੀ ਬਰਗੁਲ ਸਿੰਘ ਰਾਣਾ ਦੁਆਰਾ Path to the Beloved ਪਿਆਰ ਦੀ ਕਹਾਣੀ ਜਾ ਇਸ ਦੇ ਇਰਧ ਗਿਰਦ ਘੁੰਮਦੀ ਹੈ। ਇਸ ਨੂੰ ਪੜ੍ਹਨ ਤੋਂ ਬਾਅਦ, ਤਨਵੀਰ, ਇੱਕ ਸਫਲ ਜਾਣੀ ਪਹਿਚਾਣੀ ਵਕੀਲ, ਆਪਣੀ ਪੂਰੀ ਜ਼ਿੰਦਗੀ ਬਾਰੇ ਸਵਾਲ ਕਰਨਾ ਸ਼ੁਰੂ ਕਰ ਦੇਂਦੀ ਹੈ, ਇਹ ਨੋਟ ਕਰਦੀ ਹੈ ਕਿ ਮੁਹੱਬਤ ਦੇ ਨੇੜੇ ਕਿਸੇ ਵੀ ਚੀਜ਼ ਤੋਂ ਉਹ ਕਿਵੇਂ ਰਹਿਤ ਹੋ ਸਕਦੀ ਹੈ ਅਤੇ ਇਸ ਵਾਰੇ ਹੋਰ ਜਾਣਨ ਲਈ ਪੱਕਾ ਇਰਾਦਾ ਕਰਦੀ ਹੈ।

ਉਹ ਅਸਲ ਜ਼ਿੰਦਗੀ ਵਿੱਚ ਬਰਗੁਲ ਨੂੰ ਮਿਲਣ ਲਈ ਪੱਕਾ ਮਨ ਬਣਾਉਂਦੀ ਹੈ.

ਲੇਖਕ ਨੂੰ ਲੱਭਣ ਅਤੇ ਉਸ ਦੀ ਕਹਾਣੀ ਦੇ ਪਿੱਛੇ ਦੀ ਸੱਚਾਈ ਨੂੰ ਜਾਣਨ ਦੀ ਪ੍ਰਕਿਰਿਆ ਵਿੱਚ ਤਨਵੀਰ ਨੂੰ ਕਈ ਸੱਚਾਈਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਨਾ ਸਿਰਫ਼ ਆਪਣੇ ਬਾਰੇ, ਸਗੋਂ ਪਿਆਰ ਅਤੇ ਵਿਸ਼ਵਾਸ ਦੀ ਉਸਦੀ ਡੂਘਾਈ ਬਾਰੇ।

ਜੇ ਤੁਸੀਂ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਪਿਆਰ ਬਾਰੇ ਪੜ੍ਹਨਾ ਪਸੰਦ ਕਰਦੇ ਹੋ, ਤਾਂ ਸ਼ਾਇਦ ਤੁਹਾਡੇ ਲਈ ਇਹ ਇੱਕ ਸੰਪੂਰਨ ਕਿਤਾਬ ਹੈ! The Unspoken Heart ਇੱਕ ਔਰਤ ਦੇ ਪਿਆਰ ਵਿੱਚ ਪੈਣ ਦੇ ਸਹੀ ਅਰਥਾਂ ਬਾਰੇ ਗੱਲ ਕਰਦਾ ਹੈ। ਸੱਚੇ ਪਿਆਰ ਨੂੰ ਪ੍ਰਾਪਤ ਕਰਨ ਲਈ ਦਿਲ ਤੋੜ ਮਿਹਨਤ ਅਤੇ ਅਜ਼ਮਾਇਸ਼ ਕਰਦਾ ਹੈ।

ਇਹ ਕਿਤਾਬ ਤੁਹਾਨੂੰ ਇਹ ਸਮਝਣ ਵਿੱਚ ਮਦਦ ਕਰੇਗੀ ਕਿ ਕਿਵੇਂ ਮੁਸੀਬਤਾਂ ਦਾ ਸਾਹਮਣਾ ਕਰਦੇ ਹੋਏ ਦ੍ਰਿੜ ਰਹਿਣਾ ਹੈ ਅਤੇ ਆਪਣੇ ਆਪ ਨੂੰ ਤਿਆਰ ਕਰਨਾ ਹੈ ਜਿਨ੍ਹਾਂ ਬਾਰੇ ਤੁਸੀਂ ਅਣਜਾਣ ਸੀ।

ਇਸ ਦੇ ਤੱਤ ’ਤੇ, ਇਹ ਕਿਤਾਬ ਪਾਠਕਾਂ ਨੂੰ ਸਾਰੇ ਸਹੀ ਕਾਰਨਾਂ ਕਰਕੇ ਆਸ਼ਾਵਾਦੀ, ਸਾਹ ਰੋਕ ਕੇ ਅਤੇ ਦ੍ਰਿੜਤਾ ਨਾਲ ਜ਼ਿੰਦਾ ਮਹਿਸੂਸ ਕਰਨ ਦੇ ਯੋਗ ਬਣਾਉਂਦੀ ਹੈ। ਜਦੋਂ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਸੀਂ ਸਿਰਫ਼ ਉਹੀ ਵਿਅਕਤੀ ਹੋ ਜਿਸ ‘ਤੇ ਤੁਸੀਂ ਵਿਸਵਾਸ਼ ਕਰ ਸਕਦੇ ਹੋ, ਤਾਂ! The Unspoken Heart ਤੁਹਾਡੇ ਨਾਲ ਸੰਬੰਧਤ ਪਾਤਰਾਂ ਨਾਲ ਤੁਹਾਡੇ ਭਾਵਨਾਤਮਕ ਸਬੰਧ ਦੁਆਰਾ ਦੋਸਤੀ ਦਾ ਇੱਕ ਭਰੋਸੇਮੰਦ ਸਰੋਤ ਪੇਸ਼ ਕਰਦਾ ਹੈ, ਤੁਹਾਨੂੰ ਤੁਹਾਡੇ ਰਾਹਾਂ ਵਿੱਚ ਮਾਰਗਦਰਸ਼ਨ ਕਰਦਾ ਹੈ। ਅਸੀਂ ਪਾਠਕਾਂ ਦੀ ਜਾਣਕਾਰੀ ਲਈ ਇਸ ਕਿਤਾਬ ਨੂੰ ਪੜ ਚੁੱਕੇ ਕੁਝ ਲੋਕਾਂ ਦੇ ਵਿਚਾਰ ਹੁ-ਬਹੂ ਆਪਜੀ ਨਾਲ ਸਾਂਝੇ ਕਰ ਰਹੇ ਹਾਂ ਇਸ ਨੂੰ ਪੜ੍ਹਨ ਤੋਂ ਬਾਅਦ ਕਿਰਪਾ ਕਰਕੇ ਸੁਝਾਅ (feedback) ਜ਼ਰੂਰ ਦੇਣਾ।

**Independent Reviews**

☛ "This book perfectly captures the beauty and complexities of life. It's a heartwarming and poignant story about love, loss, and the power of true friendship." Leticia Morrow

☛ "I was completely swept away by this book. The characters are so well-developed, and their relationships with one another are both heartwarming and heart-wrenching. I couldn't put it down!" Mathew Lamar

☛ "As someone who has struggled with making and maintaining female bonding, this book hit home for me. It's a beautiful reminder of the power and importance of these relationships in our lives." Sheila Wright

☛ "This book is an absolute must-read for anyone who has ever experienced the joys and struggles of love and friendship. It's a beautifully written story that will stay with you long after you finish it." Angela Kirby

☛ "I loved everything about this book - the characters, the setting, and the story itself. It's a touching tribute to the bonds of female friendships and the power of love." Caroline James

☛ "This book is a masterpiece. It's a powerful and emotional journey that explores the complexities of life with sensitivity and grace." Mike Klaus

☛ "I was completely captivated by this book. The story is both heartwarming and heartbreaking, and the characters are so relatable and authentic. I highly recommend it!" Linda Miguel

☛ "This book is a celebration of female bonding and the love and support that can be found in these relationships. It's a beautiful and moving story that will tug at your heartstrings." Ashley Jameson

☛ "I was blown away by this book. The characters are so fully realized, and their relationships with one another are so nuanced and complex. It's a stunning exploration of the power of love and companionship." Keon Angelo

☛ "This book is an absolute gem. It's a beautiful and touching story that captures the essence of love and the challenges that come with it. I highly recommend it to anyone who has ever had a friend who felt like family." Amy Roger


## NAME OF CHANGE

I Buta Singh s/o S. Sucha Singh resident of Village & Post Office Pharwala, Tehsil Phillaur, District Jalandhar Punjab India, presently residing at 1309 E Via Corsica Pl Fresno, CA USA has changed my name from Buta Singh to Buta Singh Sanghera. All concerned please note.


# ਡਾ. ਜਗਜੀਤ ਸਿੰਘ ਧੂਰੀ ਦੀ ਅਗਵਾਈ ਹੇਠ ਬਣੇਗਾ ਪੌਦੇ ਲਗਾਉਣ ਦਾ ਵਿਸ਼ਵ ਰਿਕਾਰਡ : ਸੁਖਵਿੰਦਰ ਅਰੋੜਾ



ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) ਆਪਣਾ ਪੰਜਾਬ ਫਾਊਂਡੇਸ਼ਨ ਅਤੇ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲ ਐਂਡ ਐਸੋਸੀਏਸ਼ਨਜ਼ ਪੰਜਾਬ ਵੱਲੋਂ ਪੰਜਾਬ ਦੇ ਵਾਤਾਵਰਣ ਨੂੰ ਸੰਭਾਲਣ ਦੀ ਚੁੱਕੀ ਗਈ ਵੱਡੀ ਜ਼ਿੰਮੇਵਾਰੀ ਦੀ ਕੜੀ ਵਿੱਚ 17 ਜੁਲਾਈ ਨੂੰ ਸਮੁੱਚੇ ਪੰਜਾਬ ਵਿੱਚ ਸੱਤ ਲੱਖ ਤੋਂ ਵੱਧ ਪੌਦੇ ਲਗਾਉਣ ਦਾ ਰਿਕਾਰਡ ਬਣਾਇਆ ਜਾ ਰਿਹਾ ਹੈ। ਇਸ ਸਬੰਧੀ ਅੱਜ ਇਥੇ ਮਾਤਾ ਸਾਹਿਬ ਕੌਰ ਡੇ ਬੋਰਡਿੰਗ ਸਕੂਲ ਕੋਟਲੀ ਜੰਡ ਵਿਖੇ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਨੇ ਦੱਸਿਆ ਕਿ ਸੂਬਾ ਪ੍ਰਧਾਨ ਜਗਜੀਤ ਸਿੰਘ ਧੂਰੀ ਦੀ ਅਗਵਾਈ ਹੇਠ ਹੋਈ ਮੀਟਿੰਗ ਦੌਰਾਨ ਪੰਜਾਬ ਦੇ ਵਾਤਾਵਰਣ ਦੀ ਸ਼ੁੱਧਤਾ ਲਈ 17 ਜੁਲਾਈ ਨੂੰ ਮਿਸ਼ਨ ਹਰਿਆਲੀ ਦਿਵਸ ਤਹਿਤ ਸੱਤ ਲੱਖ ਤੋਂ ਵੱਧ ਪੌਦੇ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਇਸ ਦਿਨ ਪੰਜਾਬ ਦੇ ਸਮੁੱਚੇ ਪ੍ਰਾਈਵੇਟ ਸਕੂਲਾਂ ਦੇ ਅਧਿਆਪਕ ਅਤੇ ਵਿਦਿਆਰਥੀ ਵੱਖ-ਵੱਖ ਥਾਵਾਂ ’ਤੇ ਇਸ ਮਿਸ਼ਨ ਦੀ ਪੂਰਤੀ ਲਈ ਪੌਦੇ ਲਗਾਉਣਗੇ। ਸੁਖਵਿੰਦਰ ਸਿੰਘ ਅਰੋੜਾ ਨੇ ਹੋਰ ਦੱਸਿਆ ਕਿ ਫੈਡਰੇਸ਼ਨ ਦੇ ਪ੍ਰਧਾਨ ਜਗਜੀਤ ਸਿੰਘ ਧੂਰੀ ਦੀ ਅਗਵਾਈ ਹੇਠ ਪਹਿਲਾਂ ਵੀ 12 ਸਿਤੰਬਰ 2022 ਨੂੰ ਪੂਰੇ ਪੰਜਾਬ ਵਿੱਚ 5 ਲੱਖ ਪੌਦੇ ਲਗਾ ਕੇ ਇੱਕ ਰਿਕਾਰਡ ਕਾਇਮ ਕੀਤਾ ਗਿਆ ਸੀ ਅਤੇ ਸਰਕਾਰ ਨੂੰ ਪ੍ਰਾਈਵੇਟ ਸਕੂਲਾਂ ਦੀ ਸਮਾਜਿਕ ਦੇਣ ਸਬੰਧੀ ਇੱਕ ਵੱਡਾ ਸੁਨੇਹਾ ਦਿੱਤਾ ਗਿਆ ਸੀ। ਉਹਨਾਂ ਦੱਸਿਆ ਕਿ ਮਿਸ਼ਨ ਦੀ ਪੂਰਤੀ ਲਈ ਡਾਕਟਰ ਧੂਰੀ ਦੀ ਅਗਵਾਈ ਹੇਠ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ ਅਤੇ ਜ਼ਿਲ੍ਹੇ ਪੱਧਰ ਤੇ ਟੀਮਾਂ ਦਾ ਗਠਨ ਕਰਕੇ ਉਹਨਾਂ ਦੀਆਂ ਜੁੰਮੇਵਾਰੀਆਂ ਤੈਅ ਕੀਤੀਆਂ ਜਾ ਰਹੀਆਂ ਹਨ। ਸ੍ਰੀ ਅਰੋੜਾ ਨੇ ਹੋਰ ਦੱਸਿਆ ਕਿ ਜ਼ਿਲ੍ਹੇ ਭਰ ਵਿਚ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਅੰਦਰ ਇਸ ਸਬੰਧੀ ਭਾਰੀ ਉਤਸ਼ਾਹ ਮੌਜੂਦ ਹੈ ਅਤੇ ਸਾਡੀ ਕੋਸ਼ਿਸ਼ ਇਹ ਕਿ ਸਾਡਾ ਜ਼ਿਲ੍ਹਾ ਪੰਜਾਬ ਵਿੱਚੋਂ ਪਹਿਲਾ ਨੰਬਰ ਤੇ ਆਵੇ ਇਸ ਮੌਕੇ ਉਨ੍ਹਾਂ ਨਾਲ ਬਲਬੀਰ ਸਿੰਘ ਮਿਆਣੀ, ਰਜਿੰਦਰ ਸਿੰਘ ਮਾਰਸ਼ਲ, ਤਰਲੋਚਨ ਸਿੰਘ ਬਿੱਟੂ, ਹਰਿੰਦਰ ਸਿੰਘ ਟੇਰਕਿਆਣਾ, ਸਤਵਿੰਦਰ ਸਿੰਘ ਮੁਕੇਰੀਆਂ, ਅਨਿਲ ਮਹਿਤਾ, ਪ੍ਰਿੰਸੀਪਲ ਸ਼ਾਰਧਾ ਦੱਤ, ਪਰਵਿੰਦਰ ਕੌਰ, ਦੀਕਸ਼ਾ ਅਰੋੜਾ ਅਤੇ ਫੈਡਰੇਸ਼ਨ ਦੇ ਹੋਰ ਨੁਮਾਇੰਦੇ ਵੀ ਹਾਜ਼ਰ ਸਨ।

# ਵਰਜੀਨੀਆ 'ਚ 4th July Independence Day ਬੜੀ ਧੂਮ ਧਾਮ ਨਾਲ ਮਨਾਇਆ

## ਸਿੱਖ ਸੈਂਟਰ ਆਫ਼ ਵਰਜੀਨੀਆ ਦੇ ਪ੍ਰਧਾਨ ਬਲਵਿੰਦਰ ਸਿੰਘ ਢਿੱਲੋਂ ਦੀ ਅਗਵਾਈ ਵਿਚ ਭਾਰੀ ਗਿਣਤੀ ਸੰਗਤਾਂ ਨੇ ਕੀਤੀ ਸ਼ਿਰਕਤ



ਵਰਜੀਨੀਆ : ਅੱਜ ਸਿੱਖ ਸੈਂਟਰ ਆਫ਼ ਵਰਜੀਨੀਆ (ਮਨਾਸਸ) ਦੀ ਸਾਧ ਸੰਗਤ ਦੇ ਸਹਿਯੋਗ ਨਾਲ 4th July Independence Day ਬੜੀ ਧੂਮ ਧਾਮ ਨਾਲ ਡੇਲ ਸਿਟੀ ਵਿਚ ਮਨਾਇਆ ਗਿਆ ਜਿਸ ਵਿਚ ਵੱਖ-ਵੱਖ ਤਰ੍ਹਾਂ ਦੀਆਂ ਝਾਕੀਆਂ ਜਿਵੇਂ ਕਿ ਪੁਲਿਸ, Marian, Fire Department ਅਤੇ Motor Cycle Ride, Dancing Car ਅਤੇ ਇਸ ਤੋਂ ਇਲਾਵਾ ਵੱਖ-ਵੱਖ ਪੋਲੀਟਿਸ਼ਨਾਂ ਨੇ ਵੀ ਹਿੱਸਾ ਲਿਆ ਸਿੱਖ ਸੈਂਟਰ ਆਫ਼ ਵਰਜੀਨੀਆ ਦੀ ਸੰਗਤ ਵਲੋਂ ਫ੍ਰੀ ਪਾਣੀ ਦੀ ਸੇਵਾ ਕੀਤੀ ਗਈ ਜਿਸ ਨੂੰ ਲੋਕਾਂ ਨੇ ਬਹੁਤ ਪਸੰਦ ਕੀਤਾ, ਇਸ ਵਿੱਚ ਸ਼ਾਮਲ ਹੋਣ ਵਾਲੀਆਂ ਉਘੀਆਂ ਸਖਸ਼ੀਅਤਾਂ ਵਿੱਚ ਸ੍. ਦਵਿੰਦਰ ਸਿੰਘ ਬਦੇਸਾ, ਸ੍. ਪ੍ਰਤਾਪ ਸਿੰਘ ਗਿੱਲ (ਤਰਨ ਤਾਰਨ), ਸ੍. ਲਖਬੀਰ ਸਿੰਘ ਤੱਖਰ, ਸ੍. ਕੁਲਦੀਪ ਸਿੰਘ ਮੱਲਾ, ਸ੍. ਇੰਦਰਜੀਤ ਸਿੰਘ, ਸ੍. ਦਲਬੀਰ ਸਿੰਘ ਘੋਤਰਾ, ਸ੍. ਰਣਜੀਤ ਸਿੰਘ ਖਾਲਸਾ, ਸ੍. ਬਲਜੀਤ ਸਿੰਘ ਘੁੰਮਣ, ਸ੍. ਰਜਿੰਦਰ ਸਿੰਘ ਭੁੱਲਰ, ਸ੍. ਹਰਜਿੰਦਰ ਸਿੰਘ, ਸ੍. ਅਮਰੀਕ ਸਿੰਘ, ਸ੍. ਇੰਦਰਜੀਤ ਸਿੰਘ ਰਾਣਾ ਤੇ ਸਿੱਖ ਸੈਂਟਰ ਆਫ਼ ਵਰਜੀਨੀਆ ਸਕੂਲ ਦੇ ਇੰਚਾਰਜ ਅਮਨਦੀਪ ਕੌਰ, ਗਗਨਦੀਪ ਕੌਰ, ਰੁਪਿੰਦਰ ਕੌਰ ਚਾਹਲ, ਅਮਰਜੀਤ ਕੌਰ ਪੰਨੂੰ ਤੋਂ ਇਲਾਵਾ ਬੱਚਿਆਂ ਨੇ ਵੀ ਹਿੱਸਾ ਲਿਆ ਅਤੇ ਅਖੀਰ ਵਿਚ ਇਕ ਪਰਿਵਾਰ ਦੀ ਤਰ੍ਹਾਂ ਬੈਠ ਕੇ ਗੁਰੂ ਕੇ ਲੰਗਰ ਦਾ ਵੀ ਆਨੰਦ ਮਾਣਿਆ। ਸਮੂਹ ਸੰਗਤਾਂ ਵਲੋਂ ਸੇਵਾ ਦੇ ਨਾਲ ਨਾਲ ਅਜ਼ਾਦੀ ਦਿਵਸ ਦੀਆਂ ਇੱਕ ਦੂਜੇ ਨੂੰ ਵਧਾਈਆਂ ਦਿੱਤੀਆਂ ਗਈਆਂ।




















# ਵਰਜੀਨੀਆ 'ਚ 4th July Independence Day ਬੜੀ ਧੂਮ ਧਾਮ ਨਾਲ ਮਨਾਇਆ

## ਸਿੱਖ ਸੈਂਟਰ ਆਫ਼ ਵਰਜੀਨੀਆ ਦੇ ਪ੍ਰਧਾਨ ਬਲਵਿੰਦਰ ਸਿੰਘ ਢਿੱਲੋਂ ਦੀ ਅਗਵਾਈ ਵਿਚ ਭਾਰੀ ਗਿਣਤੀ ਸੰਗਤਾਂ ਨੇ ਕੀਤੀ ਸ਼ਿਰਕਤ














# ਅੰਤਰਰਾਸ਼ਟਰੀ ਗੀਤਕਾਰ ਮੱਖਣ ਲੁਹਾਰ ਦੀ ਇੱਕ ਹੋਰ ਐਲਬਮ 'ਰੇਸ਼ਮੀ ਗਰਾਰਾ' (Reshmi Garara) ਬੁਲੰਦ ਅਵਾਜ਼ ਦੇ ਮਾਲਕ ਸੱਤੀ ਪਾਬਲਾ ਵਲੋਂ ਗਾਇਆ

## Mtrack Beat ਵਲੋਂ ਰਿਲੀਜ਼ ਕੀਤਾ ਗੀਤ ਵਿਆਹਾਂ ਸ਼ਾਦੀਆਂ ਪਾਰਟੀਆਂ ਉਪਰ ਪਹਿਲੀ ਪਸੰਦ ਬਣਿਆ



ਗੀਤਕਾਰ
ਮੱਖਣ ਲੋਹਾਰ

ਸੈਕਰਾਮੈਂਟੋ/ਕੈਲੀਫੋਰਨੀਆ : ਪੰਜਾਬੀ ਦੇ ਲੋਕ ਗਾਇਕ ਸਰਦਾਰ ਸੱਤੀ ਪਾਬਲਾ ਵਲੋਂ ਬੁਲੰਦ ਅਵਾਜ ਵਿੱਚ ਗਾਇਆ ਗੀਤ ਅਤੇ ਅੰਤਰਰਾਸ਼ਟਰੀ ਗੀਤਕਾਰ ਮੱਖਣ ਲੁਹਾਰ ਦਾ ਲਿਖਿਆ ਅਤੇ Mtrack ਵਲੋਂ ਰਿਲੀਜ਼ ਕੀਤਾ ਗੀਤ ਰੇਸ਼ਮੀ ਗਰਾਰਾ (Reshmi Garara) ਵਿਆਹਾਂ ਸ਼ਾਦੀਆਂ ਪਾਰਟੀਆਂ ਉਪਰ ਪਹਿਲੀ ਪਸੰਦ ਬਣਿਆ

ਇਥੇ ਇਹ ਜ਼ਿਕਰਯੋਗ ਹੈ ਕੀ ਇੱਕ ਮਹੀਨੇ ਵਿੱਚ ਗੀਤਕਾਰ ਮੱਖਣ ਲੁਹਾਰ ਦਾ ਇਹ ਹਿੱਟ ਹੋਣ ਵਾਲਾ ਦੂਜਾ ਗੀਤ ਹੈ। ਪਹਿਲਾਂ ਵੀ ਇਸ



ਗੀਤਕਾਰ ਦੇ ਮਿਆਰੀ ਗੀਤ ਘਰ ਘਰ ਵੱਜ ਰਹੇ ਹਨ ਅਤੇ ਇੱਕ ਮਹੀਨੇ 'ਚ ਇਹ ਦੂਜਾ ਗੀਤ ਘਰ-ਘਰ ਵੱਜਣ ਲੱਗਾ ਹੈ। ਇਸ ਗੀਤ ਨੂੰ ਗਾਉਣ ਵਾਲਾ ਸੱਤੀ ਪਾਬਲਾ ਇੱਕ ਬੁਲੰਦ ਅਵਾਜ਼ ਦਾ ਮਾਲਕ ਹੈ ਅਤੇ ਕਈ ਦਹਾਕਿਆਂ ਤੋਂ ਸਟੇਜ਼ਾਂ ਦਾ ਸ਼ਿੰਗਾਰ ਬਣਦਾ ਆ ਰਿਹਾ ਹੈ।

ਇਥੇ ਇਸਦਾ ਅਸੀਂ ਪਹਿਲਾਂ ਵੀ ਜ਼ਿਕਰ ਕਰ ਚੁੱਕੇ ਹਾਂ ਕਿ ਅਮਰੀਕਾ ਦੇ ਅੰਤਰਰਾਸ਼ਟਰੀ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਮੱਖਣ ਲੁਹਾਰ ਇੱਕ ਜਾਣਿਆ ਪਹਿਚਾਣਿਆ ਗੀਤਕਾਰ ਹੈ ਜਿਨ੍ਹਾਂ ਦੇ ਗੀਤ ਤਕਰੀਬਨ ਪੰਜਾਬੀ ਦੇ ਹਰ ਨਾਮਵਰ ਗਾਇਕ ਨੇ ਗਾਏ ਹਨ।

ਇਸ ਐਲਬਲ 'ਚ ਮਿਊਜਕ Muzik Factory ਵਲੋਂ ਦਿੱਤਾ ਗਿਆ ਅਤੇ ਇਸ ਨੂੰ ਡਾਇਰੈਕਰ Bhupinder Babbal ਵਲੋਂ ਕੀਤਾ ਗਿਆ ਹੈ ਇਸ ਗੀਤ ਨੂੰ ਪੰਜਾਬੀ ਦੁਨੀਆ ਵਿੱਚ ਭਰਵਾਂ ਹੁਗਾਰਾਂ ਮਿਲ ਰਿਹਾ ਹੈ



ਬੁਲੰਦ ਆਵਾਜ਼ ਦੇ ਮਾਲਕ ਲੋਕ
ਗਾਇਕ ਸੱਤੀ ਪਾਬਲਾ

# ਅਰਦਾਸ ਕਰ ਸ਼ੁਰੂ ਕੀਤੀ ਗਿੱਪੀ ਗਰੇਵਾਲ ਨੇ ਫ਼ਿਲਮ 'ਸ਼ਿੰਦਾ ਸ਼ਿੰਦਾ ਨੋ ਪਾਪਾ' ਦੀ ਸ਼ੂਟਿੰਗ



ਪੰਜਾਬੀ ਗਾਇਕ ਤੇ ਅਦਾਕਾਰ ਗਿੱਪੀ ਗਰੇਵਾਲ ਨੇ ਫ ?ਲਮ 'ਸ਼ਿੰਦਾ ਸ਼ਿੰਦਾ ਨੋ ਪਾਪਾ' ਦੀ ਸ਼ੂਟਿੰਗ ਸ਼ੁਰੂ ਕਰ ਲਈ ਹੈ। ਇਸ ਸਬੰਧੀ ਗਿੱਪੀ ਨੇ ਇਕ ਵੀਡੀਓ ਸਾਂਝੀ ਕੀਤੀ ਹੈ, ਜਿਸ 'ਚ ਉਹ ਗੁਰੂ ਘਰ ਵਿਖੇ ਅਰਦਾਸ ਕਰਾਉਂਦੇ ਨਜ਼ਰ ਆ ਰਹੇ ਹਨ। ਦੱਸ ਦੇਈਏ ਕਿ 29 ਜੂਨ ਨੂੰ ਗਿੱਪੀ ਗਰੇਵਾਲ ਦੀ ਫ਼ਿਲਮ 'ਕੈਰੀ ਆਨ ਜੱਟਾ 3' ਰਿਲੀਜ਼ ਹੋਈ ਹੈ, ਜਿਸ ਨੂੰ ਦਰਸ਼ਕਾਂ ਵਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਫ਼ਿਲਮ ਨੇ 53.26 ਕਰੋੜ ਰੁਪਏ ਦੀ ਕਮਾਈ ਕਰ ਲਈ ਹੈ।

'ਸ਼ਿੰਦਾ ਸ਼ਿੰਦਾ ਨੋ ਪਾਪਾ' ਦੀ ਗੱਲ ਕਰੀਏ ਤਾਂ ਇਸ ਫ਼ਿਲਮ 'ਚ ਗਿੱਪੀ ਗਰੇਵਾਲ ਨਾਲ ਸ਼ਿੰਦਾ ਗਰੇਵਾਲ ਤੇ ਹਿਨਾ ਖ਼ਾਨ ਨਜ਼ਰ ਆਉਣ ਵਾਲੇ ਹਨ। ਫ਼ਿਲਮ ਨੂੰ ਅਮਰਪ੍ਰੀਤ ਜੀ. ਐੱਸ. ਛਾਬੜਾ ਡਾਇਰੈਕਟ ਕਰ ਰਹੇ ਹਨ। ਇਸ ਦੀ ਕਹਾਣੀ ਨਰੇਸ਼ ਕਥੂਰੀਆ ਨੇ ਲਿਖੀ ਹੈ। 'ਸ਼ਿੰਦਾ ਸ਼ਿੰਦਾ ਨੋ ਪਾਪਾ' ਯੂਡਲੀ ਫ਼ਿਲਮ ਤੇ ਹੰਬਲ ਮੋਸ਼ਨ ਪਿਕਚਰਜ਼ ਦੀ ਸਾਂਝੀ ਪੇਸ਼ਕਸ਼ ਹੈ। ਫਿਲਹਾਲ ਫ਼ਿਲਮ ਦੀ ਰਿਲੀਜ਼ ਡੇਟ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ ਹੈ।

# ਨਵੀਂ ਪੀੜ੍ਹੀ ਦਾ ਗੀਤਕਾਰ ਜੀਤ ਛੱਜਾਵਾਲ

**ਕੁਲਦੀਪ ਸਿੰਘ ਲੋਹਟ**

ਜੀਤ ਛੱਜਾਵਾਲ ਪੰਜਾਬੀ ਗੀਤਕਾਰੀ ਦੇ ਖੇਤਰ ਵਿੱਚ ਨਵਾਂ ਨਾਂ ਹੈ। ਉਸ ਦੀ ਰਚਨਾਤਮਕ ਸ਼ੈਲੀ ਨਵੀਂ ਪੀੜ੍ਹੀ ਦੇ ਸਰੋਤਿਆਂ ਦੀ ਕਸਵੱਟੀ 'ਤੇ ਖਰੀ ਉਤਰਦੀ ਹੈ। ਉਸ ਨੇ ਬਹੁਤ ਘੱਟ, ਪਰ ਸੁਚੱਜੇ ਗੀਤਾਂ ਦੀ ਸਿਰਜਣਾ ਕੀਤੀ ਹੈ। ਉਸ ਨੇ ਪਿਤਾ ਸੰਦਲ ਸਿੰਘ ਅਤੇ ਮਾਤਾ ਗੁਰਮੀਤ ਕੌਰ ਦੇ ਘਰ 1 ਜਨਵਰੀ 1982 ਨੂੰ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਛੱਜਾਵਾਲ ਵਿਖੇ ਜਨਮ ਲਿਆ। ਘਰ ਵਿੱਚ ਲਿਖਣ ਪੜ੍ਹਨ ਦਾ ਮਾਹੌਲ ਹੋਣ ਕਰਕੇ ਉਸ ਨੂੰ ਬਚਪਨ ਤੋਂ ਹੀ ਸਾਹਿਤ ਨਾਲ ਲਗਾਅ ਹੋ ਗਿਆ ਸੀ।

ਪਿੰਡ ਦੇ ਸਕੂਲ ਤੋਂ ਵਿਦਿਅਕ ਤਾਲੀਮ ਹਾਸਲ ਕਰਦਿਆਂ ਬਾਲ ਸਭਾਵਾਂ ਦੀ ਕਲਾਤਮਕ ਪੇਸ਼ਕਾਰੀ ਨੇ ਉਸ ਦੇ ਅੰਦਰਲੇ ਕਲਾਕਾਰ ਨੂੰ ਹੋਰ ਬਲ ਬਖ਼ਸ਼ਿਆ। ਕਵਿਤਾ ਤੇ ਗੀਤ ਲਿਖਣ ਦੀ ਮੁਹਾਰਤ ਹਾਸਲ ਕਰਨ ਤੋਂ ਬਾਅਦ ਦਸਵੀਂ ਜਮਾਤ ਵਿੱਚ ਪੜ੍ਹਦਿਆਂ ਹੀ ਉਸ ਨੇ ਗੀਤ ਸਿਰਜਣਾ ਸ਼ੁਰੂ ਕਰ ਦਿੱਤੀ। ਸ਼ੁਰੂ-ਸ਼ੁਰੂ ਵਿੱਚ ਉਸ ਨੇ ਬਾਲ ਗੀਤ ਤੇ ਕਵਿਤਾਵਾਂ ਲਿਖੀਆਂ। ਜਵਾਨੀ ਦੇ ਪੰਧ ਵੱਲ ਵਧਦਿਆਂ ਉਸ ਦੀ ਲਿਖਣ ਸ਼ੈਲੀ ਵਿੱਚ ਨਵੀਨਤਾ ਆਈ ਜਿਸ ਦੇ ਚੱਲਦਿਆਂ ਉਸ ਨੇ ਕੈਸੇਟਾਂ ਨੂੰ ਆਧਾਰ ਬਣਾ ਕੇ ਆਪਣੀਆਂ ਲਿਖਤਾਂ ਰਿਕਾਰਡ ਰੂਪ ਵਿੱਚ ਸਰੋਤਿਆਂ ਦੇ ਸਨਮੁੱਖ ਕਰਨ ਦਾ ਫ਼ੈਸਲਾ ਕੀਤਾ। ਗੀਤਕਾਰੀ ਦੀਆਂ ਸੂਖਮ ਬੰਦਿਸ਼ਾਂ ਨੂੰ ਸਮਝਣ ਲਈ ਉਸ ਨੇ ਰਾਜ ਕਾਕੜਾ ਤੇ ਬਚਨ ਬੇਦਿਲ ਦੀ ਸੰਗਤ ਮਾਣੀ। ਇਨ੍ਹਾਂ ਸੂਝਵਾਨ ਗੀਤਕਾਰਾਂ ਦੀ ਸੰਗਤ ਕਰਦਿਆਂ ਉਹ ਗੀਤਕਾਰੀ ਦੀਆਂ ਬਾਰੀਕੀਆਂ ਸਿੱਖ ਕੇ ਚੰਗੇ ਮਿਆਰੀ ਗੀਤ ਲਿਖਣ ਲੱਗ ਪਿਆ।

ਉਸ ਨੂੰ ਗੀਤ ਰਿਕਾਰਡ ਕਰਵਾਉਣ ਲਈ ਬੇਹੱਦ ਤਪੱਸਿਆ ਕਰਨੀ ਪਈ। ਭਾਵੇਂ ਉਸ ਨੇ ਗੀਤਾਂ ਦੀ ਡਾਇਰੀ ਲੈ ਕੇ ਗਾਇਕਾਂ ਦੇ ਦਫ਼ਤਰਾਂ ਦੇ ਧੱਕੇ ਨਹੀਂ ਖਾਧੇ, ਪਰ ਰਚਨਾ ਨੂੰ ਸਾਹਿਤਕ ਮਹਿਫ਼ਲਾਂ 'ਚੋਂ ਕੱਢ ਕੇ ਰਿਕਾਰਡਿੰਗ ਸਟੂਡੀਓ ਤੀਕਰ ਲਿਜਾਣ ਲਈ ਉਸ ਨੇ ਲੋਹੜੇ ਦੀ ਘਾਲਣਾ ਘਾਲੀ। ਲਿਖਤਾਂ ਨੂੰ ਸਮਝਣ ਵਾਲਿਆਂ ਲਈ ਉਹ ਮੰਝਿਆ ਹੋਇਆ ਗੀਤਕਾਰ ਹੈ। ਜੀਤ ਛੱਜਾਵਾਲ ਦੀ ਜ਼ਿੰਦਗੀ ਦਾ ਉਹ ਖ਼ੁਸ਼ਨੁਮਾ ਦਿਨ ਸੀ ਜਦੋਂ ਉਸ ਦਾ ਪਹਿਲਾ ਗੀਤ ਰਿਕਾਰਡ ਰੂਪ ਵਿੱਚ ਸਰੋਤਿਆਂ ਦੇ ਸਨਮੁੱਖ ਹੋਇਆ। ਰਵਿੰਦਰ ਰੋਜ਼ੀ ਦੀ ਆਵਾਜ਼ ਵਿੱਚ ਰਿਲੀਜ਼ ਹੋਏ 'ਮੈਕਡੋਨਲਡ' ਨੂੰ ਨਵੀਂ ਪੀੜ੍ਹੀ ਦੇ ਸਰੋਤਿਆਂ ਨੇ ਰੱਜਵਾਂ ਪਿਆਰ ਦਿੱਤਾ। ਉਸ ਤੋਂ ਬਾਅਦ ਗਾਇਕ ਲੱਕੀ ਖਾਨ ਦੇ ਗੀਤ 'ਝਾਂਜਰ' ਨੇ ਖ਼ੂਬ ਛਣਕਾਟੇ ਪਾਏ। ਜੀਤ ਦੀਆਂ ਪ੍ਰਾਪਤੀਆਂ ਦੀ ਸੂਚੀ ਦਾ ਉਹ ਖ਼ੂਬਸੂਰਤ ਦਿਨ ਸੀ ਜਦੋਂ ਉਸ ਦਾ ਲਿਖਿਆ ਤੇ ਯੁਵਰਾਜ ਹੰਸ ਦੀ ਆਵਾਜ਼ ਵਿੱਚ ਰਿਕਾਰਡ ਹੋਇਆ ਗੀਤ 'ਏਨੀ ਸੋਹਣੀ ਕੁੜੀ' ਮਾਰਕੀਟ ਵਿੱਚ ਆਇਆ ਤਾਂ ਉਸ ਦੀ ਕਲਮ ਨੂੰ ਹੋਰ ਉਤਸ਼ਾਹ ਮਿਲਿਆ। ਇਸ ਤੋਂ ਬਾਅਦ ਉਸ ਨੇ ਨਵਰਾਜ ਹੰਸ ਦੀ ਫਿਲਮ 'ਪੰਜਾਬੀਆਂ ਦਾ ਕਿੰਗ' ਲਈ ਲਗਭਗ 4 ਗੀਤ ਲਿਖੇ ਜਿਨ੍ਹਾਂ ਵਿੱਚੋਂ 'ਪੰਜਾਬੀਆਂ ਦਾ ਕਿੰਗ', 'ਕਰੀਨਾ', 'ਤੇਰੇ ਨੀਂ ਕਰਾਰਾਂ' ਤੇ 'ਟਰਾਲਾ' ਆਦਿ ਨੇ ਸਿਲਵਰ ਸਕਰੀਨ 'ਤੇ ਧਾਕ ਜਮਾਈ ਰੱਖੀ। ਉਸ ਤੋਂ ਬਾਅਦ ਜੀਤ ਛੱਜਾਵਾਲ ਤੇ ਨਵਰਾਜ ਹੰਸ ਦੀ ਪੱਕੀ ਜੋੜੀ ਬਣ ਗਈ ?। ਨਵਰਾਜ ਹੰਸ ਦੇ ਗੀਤ "ਯੈਂਕਣ ਜਿਹੀ ਭਾਲਦਾ' ਨੂੰ ਵੀ ਰੱਜਵਾਂ ਪਿਆਰ ਮਿਲਿਆ।



ਫਿਰ ਹਰਜੀਤ ਪੰਧੇਰ ਦੀ ਆਵਾਜ਼ ਵਿੱਚ '31 ਮਾਰਚ', ਰਵਿੰਦਰ ਰੋਜ਼ੀ ਦੇ 'ਮੈਕਡੋਨਲਡ', ਹਰਜਿੰਦਰ ਚੀਮਾ ਦਾ 'ਬੇਬੇ ਬਾਪੂ', ਲੱਕੀ ਖਾਨ ਦਾ 'ਝਾਂਜਰ' ਤੇ 'ਮੁੱਛ ਬਰਸਿਜ ਪਫ਼' ਗੀਤ ਨੂੰ ਭਰਪੂਰ ਹੁੰਗਾਰਾ ਮਿਲਿਆ। ਸੁਖਵਿੰਦਰ ਸੁੱਖੀ ਦੀ ਆਵਾਜ਼ 'ਚ ਆਏ ਗੀਤ 'ਚੰਡੀਗੜ੍ਹ ਕੋਠੀ' ਨੂੰ ਲੋਹੜੇ ਦਾ ਮਾਣ ਮਿਲਿਆ। ਜੀਤ ਛੱਜਾਵਾਲ ਦਾ ਆਖਣਾ ਹੈ ਕਿ ਗੀਤ ਭਾਵੇਂ ਘੱਟ, ਪਰ ਸਾਫ਼ ਸੁਥਰੇ ਹੋਣੇ ਚਾਹੀਦੇ ਹਨ। ਉਸ ਦੇ ਲਿਖੇ ਗੀਤਾਂ ਅਤੇ ਕਵਿਤਾਵਾਂ ਦੀ ਕਿਤਾਬ ਵੀ ਜਲਦੀ ਹੀ ਪ੍ਰਕਾਸ਼ਿਤ ਹੋ ਰਹੀ ਹੈ। ਜੀਤ ਛੱਜਾਵਾਲ ਸਿੰਗਲ ਟਰੈਕ ਨਾਲੋਂ ਫਿਲਮਾਂ ਲਈ ਗੀਤ ਲਿਖਣਾ ਵਧੇਰੇ ਪਸੰਦ ਕਰਦਾ ਹੈ। ਉਸ ਦਾ ਆਖਣਾ ਹੈ ਕਿ ਮਾਹੌਲ ਮੁਤਾਬਕ ਲਿਖਣ ਦਾ ਅਨੁਭਵ ਕਠਿਨ, ਪਰ ਸੰਵੇਦਨਸ਼ੀਲ ਹੁੰਦਾ ਹੈ।




# ਜੇ ਮਾਫੀ ਮੰਗਣ ਨਾਲ ਰਿਸ਼ਤੇ ਟੁੱਟਣ ਤੋਂ ਬਚਦੇ ਤਾਂ ਮਾਫੀ ਮੰਗ ਲੈਣੀ ਚਾਹੀਦੀ



ਰਾਧਿਕਾ ਅਤੇ ਨਵੀਨ ਨੂੰ ਅੱਜ ਤਲਾਕ ਦੇ ਪੇਪਰ ਮਿਲ ਗਏ। ਦੋਵੇਂ ਇੱਕੋ ਸਮੇਂ ਅਦਾਲਤ ਤੋਂ ਬਾਹਰ ਆ ਗਏ। ਦੋਵਾਂ ਦੇ ਪਰਿਵਾਰਕ ਮੈਂਬਰ ਇਕੱਠੇ ਸਨ ਅਤੇ ਉਨ੍ਹਾਂ ਦੇ ਚਿਹਰੇ ਤੇ ਜਿੱਤ ਅਤੇ ਸ਼ਾਂਤੀ ਦੇ ਨਿਸ਼ਾਨ ਸਾਫ ਝਲਕ ਰਹੇ ਸਨ। ਚਾਰ ਸਾਲ ਲੜਨ ਤੋਂ ਬਾਅਦ ਅੱਜ ਫੈਸਲਾ ਲਿਆ ਗਿਆ।

ਵਿਆਹ ਨੂੰ ਦਸ ਸਾਲ ਹੋ ਗਏ ਸਨ ਪਰ ਅਸੀਂ ਛੇ ਸਾਲ ਹੀ ਇਕੱਠੇ ਰਹਿ ਸਕੇ।

ਚਾਰ ਸਾਲ ਤਲਾਕ ਦੇ ਚੱਕਰ 'ਚ ਲੰਘ ਗਏ।

ਰਾਧਿਕਾ ਦੇ ਹੱਥ ਵਿੱਚ ਦਹੇਜ ਦੀਆਂ ਚੀਜ਼ਾਂ ਦੀ ਸੂਚੀ ਸੀ ਜੋ ਨਵੀਨ ਦੇ ਘਰੋਂ ਲੈਣੀ ਸੀ ਅਤੇ ਨਵੀਨ ਦੇ ਗਹਿਣਿਆਂ ਦੀ ਸੂਚੀ ਸੀ ਜੋ ਉਸਨੇ ਰਾਧਿਕਾ ਤੋਂ ਲੈਣੇ ਸਨ।

ਨਾਲ ਹੀ ਅਦਾਲਤ ਨੇ ਹੁਕਮ ਦਿੱਤਾ ਕਿ ਨਵੀਨ ਦਸ ਲੱਖ ਰੁਪਏ ਦੀ ਰਾਸ਼ੀ ਏਕਮੁਸ਼ਤਾ ਰਾਧਿਕਾ ਨੂੰ ਅਦਾ ਕਰੇਗਾ।

ਰਾਧਿਕਾ ਅਤੇ ਨਵੀਨ ਦੋਵੇਂ ਇੱਕੋ ਟੈਂਪੂ ਵਿੱਚ ਬੈਠ ਕੇ ਨਵੀਨ ਦੇ ਘਰ ਪਹੁੰਚ ਗਏ। ਰਾਧਿਕਾ ਨੂੰ ਦਾਜ 'ਚ ਦਿੱਤੇ ਸਮਾਨ ਦੀ ਪਛਾਣ ਕਰਨੀ ਪਈ ਭਾਰੀ। ਤਾਂ ਚਾਰ ਸਾਲ ਬਾਅਦ ਸਹੁਰੇ ਘਰ ਜਾ ਰਹੀ ਸੀ। ਆਖਰੀ ਵਾਰ ਬਸ ਉਸ ਤੋਂ ਬਾਅਦ ਕਦੇ ਉੱਥੇ ਨਹੀਂ ਆਉਣਾ ਪਿਆ।

ਸਾਰੇ ਰਿਸ਼ਤੇਦਾਰ ਆਪੋ ਆਪਣੇ ਘਰ ਜਾ ਚੁੱਕੇ ਸਨ। ਸਿਰਫ ਤਿੰਨ ਜਾਨਵਰ ਬੱਚੇ ਹਨ। ਨਵੀਨ, ਰਾਧਿਕਾ ਅਤੇ ਰਾਧਿਕਾ ਦੀ ਮਾਂ।

ਨਵੀਨ ਘਰ ਵਿੱਚ ਇਕੱਲਾ ਰਹਿੰਦਾ ਸੀ। ਮਾਂ ਬਾਪ ਅਤੇ ਭਰਾ ਅੱਜ ਵੀ ਪਿੰਡ ਵਿੱਚ ਰਹਿੰਦੇ ਹਨ।

ਰਾਧਿਕਾ ਅਤੇ ਨਵੀਨ ਦਾ ਇਕਲੌਤਾ ਬੇਟਾ ਜੋ ਹੁਣ ਸੱਤ ਸਾਲ ਦਾ ਹੈ, ਅਦਾਲਤ ਦੇ ਫੈਸਲੇ ਅਨੁਸਾਰ, ਉਹ ਬਾਲਗ ਹੋਣ ਤੱਕ ਰਾਧਿਕਾ ਦੇ ਨਾਲ ਰਹੇਗਾ। ਨਵੇਂ ਮਹੀਨੇ ਵਿੱਚ ਇੱਕ ਵਾਰ ਉਸ ਨੂੰ ਮਿਲ ਸਕਦਾ ਹੈ।

ਘਰ ਦਾ ਮਾਹੌਲ ਕਰਦੇ ਹੀ ਪੁਰਾਣੀਆਂ ਯਾਦਾਂ ਤਾਜ਼ਾ ਹੋ ਗਈਆਂ। ਰਾਧਿਕਾ ਨੇ ਇਸ ਨੂੰ ਬਹੁਤ ਕੋਸ਼ਿਸ਼ ਨਾਲ ਸਜਾਇਆ ਸੀ। ਹਰ ਇੱਕ ਚੀਜ਼ ਵਿੱਚ ਉਸਦੀ ਜਾਨ ਸੀ। ਸਭ ਕੁਝ ਉਸਦੀਆਂ ਅੱਖਾਂ ਦੇ ਸਾਹਮਣੇ ਬਣਾਇਆ ਗਿਆ ਸੀ। ਉਸਨੇ ਇੱਕ ਇੱਕ ਇੱਟ ਨਾਲ ਹੌਲੀ ਹੌਲੀ ਘਰ ਬਣਦੇ ਦੇਖੇ ਸੀ।

ਉਸ ਦਾ ਸੁਪਨਿਆਂ ਦਾ ਘਰ ਸੀ। ਕਿੰਨੀ ਸ਼ਿੱਦਤ ਨਾਲ ਨਵੀਨ ਨੇ ਆਪਣਾ ਸੁਪਨਾ ਪੂਰਾ ਕੀਤਾ ਸੀ।

ਨਵੀਨ ਠਾਕਾਹਰਾ ਸੋਫੇ ਤੇ ਛਲਕ ਗਿਆ। ਕਿਹਾ 'ਜੋ ਮਰਜ਼ੀ ਲੈ ਲਓ, ਮੈਂ ਨਹੀਂ ਰੋਕਦਾ ਤੁਹਾਨੂੰ'

ਰਾਧਿਕਾ ਨੇ ਨਵੀਨ ਨੂੰ ਹੁਣ ਧਿਆਨ ਨਾਲ ਦੇਖਿਆ। ਚਾਰ ਸਾਲਾਂ ਵਿੱਚ ਕਿੰਨਾ ਕੁਝ ਬਦਲ ਗਿਆ। ਸਫੇਦ ਵਾਲ ਝਾਕਣ ਲੱਗ ਪਏ ਹਨ। ਸਰੀਰ ਪਹਿਲਾਂ ਹੀ ਅੱਧਾ ਰਹਿ ਗਿਆ ਹੈ। ਚਾਰ ਸਾਲਾਂ ਵਿੱਚ ਚਿਹਰੇ ਦੀ ਰੌਣਕ ਗਾਇਬ।

ਉਹ ਸਟੋਰ ਰੂਮ ਵੱਲ ਚਲੀ ਗਈ ਜਿੱਥੇ ਉਸਦਾ ਜ਼ਿਆਦਾਤਰ ਦਾਜ ਪਿਆ ਸੀ। ਸਮਾਨ ਪੁਰਾਣਾ ਫੈਸ਼ਨ ਸੀ ਇਸ ਲਈ ਸਟੋਰ ਰੂਮ ਵਿੱਚ ਕਬਾੜ ਸੀ। ਇਸ ਨੂੰ ਦਾਜ ਕਿੰਨਾ ਮਿਲਿਆ? ਦੋਵਾਂ ਦੀ ਲਵ ਮੈਰਿਜ ਹੋਈ ਸੀ ਘਰ ਵਾਲੇ ਮਜਬੂਰੀ 'ਚ ਇਕੱਠੇ ਸੀ।

ਲਵ ਮੈਰਿਜ ਸੀ ਤਾਂ ਹੀ ਕਿਸੇ ਦੀ ਨਜ਼ਰ ਲੱਗ ਗਈ ਕਿਉਂਕਿ ਹਰ ਕੋਈ ਬੁਆਏਫਰੈਂਡ ਜੋੜੇ ਨੂੰ ਟੁੱਟਦਾ ਵੇਖਣਾ ਚਾਹੁੰਦਾ ਹੈ।

ਬਸ ਇਕ ਵਾਰ ਪੀ ਕੇ ਨਵੀਨ ਭਟਕ ਗਿਆ ਸੀ। ਮੈਂ ਉਸ ਤੇ ਹੱਥ ਚੁੱਕ ਕੇ ਬੈਠਾ ਸੀ। ਉਹ ਗੁੱਸੇ ਵਿੱਚ ਆਪਣੇ ਘਰ ਚਲੀ ਗਈ।

ਫਿਰ ਲਾਗੂ ਕਰਨਾ ਸਿਖਾਉਣ ਦਾ ਦੌਰ। ਇੱਧਰ ਨਵੀਨ ਦਾ ਭਰਾ, ਭਾਬੀ ਅਤੇ ਦੂਜੇ ਪਾਸੇ ਰਾਧਿਕਾ ਦੀ ਮਾਂ। ਨੌਬਤ ਪਹੁੰਚੀ ਅਦਾਲਤ ਤੇ ਤਲਾਕ ਹੋ ਗਿਆ।

ਨਾ ਰਾਧਿਕਾ ਲੋਟੀ ਲਿਆਉਣ ਗਈ ਸੀ ਨਾ ਨਵੀਨ।

ਰਾਧਿਕਾ ਦੀ ਮਾਂ ਨੇ ਕਿਹਾ 'ਤੁਹਾਡਾ ਸਮਾਨ ਕਿੱਥੇ ਹੈ? ਇੱਥੇ ਇਹ ਨਹੀਂ ਦਿਸਦਾ। ਇਸ ਸ਼ਰਾਬੀ ਨੇ ਵੇਚ ਦਿੱਤਾ ਹੋਣਾ?'

'ਚੁੱਪ ਕਰ ਮਾਏ'

ਰਾਧਿਕਾ ਨੂੰ ਪਤਾ ਨਹੀਂ ਕਿਉਂ ਨਵੀਨ ਦੇ ਚਿਹਰੇ ਤੇ ਸ਼ਰਾਬੀ ਕਹਿਣਾ ਪਸੰਦ ਨਹੀਂ ਸੀ।

ਫਿਰ ਸਟੋਰ ਰੂਮ ਵਿੱਚ ਪਈਆਂ ਚੀਜ਼ਾਂ ਨੂੰ ਇੱਕ-ਇੱਕ ਕਰਕੇ ਸੂਚੀ ਵਿੱਚ ਸ਼ਾਮਲ ਕੀਤਾ ਗਿਆ। ਬਾਕੀ ਕਮਰਿਆਂ ਵਿੱਚੋਂ ਸੂਚੀ ਦਾ ਮਟੀਰੀਅਲ ਚੁੱਕਿਆ ਗਿਆ।

ਰਾਧਿਕਾ ਨੇ ਸਿਰਫ ਆਪਣਾ ਸਮਾਨ ਲਿਆ, ਨਵੀਨ ਦੇ ਸਮਾਨ ਨੂੰ ਹੱਥ ਵੀ ਨਹੀਂ ਲਾਇਆ। ਫਿਰ ਰਾਧਿਕਾ ਨੇ ਨਵੀਨ ਨੂੰ ਗਹਿਣਿਆਂ ਨਾਲ ਭਰਿਆ ਬੈਗ ਫੜਾ ਦਿੱਤਾ।

ਨਵੀਨ ਨੇ ਬੈਗ ਰਾਧਿਕਾ ਨੂੰ ਵਾਪਸ ਕੀਤਾ 'ਰੱਖ ਲੈ, ਮੈਨੂੰ ਨਹੀਂ ਚਾਹੀਦਾ, ਇਹ ਤੇਰੀ ਮੁਸੀਬਤ ਵਿੱਚ ਕੰਮ ਆਵੇਗਾ।'

15 ਲੱਖ ਤੋਂ ਘੱਟ ਨਹੀਂ ਸੀ ਗਹਿਣਿਆਂ ਦੀ ਕੀਮਤ।

'ਕਿਉਂ, ਕਿੰਨੀ ਵਾਰ ਤੁਹਾਡਾ ਵਕੀਲ ਅਦਾਲਤ ਵਿੱਚ ਗਹਿਣਿਆਂ ਦਾ ਰੌਲਾ ਪਾ ਰਿਹਾ ਸੀ'

ਰਾਧਿਕਾ ਨੇ ਅਦਾਲਤ ਦੀ ਗੱਲ ਅਦਾਲਤ ਵਿੱਚ ਖਤਮ ਕੀਤੀ। ਉੱਥੇ ਮੈਂ ਦੁਨੀਆ ਦਾ ਸਭ ਤੋਂ ਭੈੜਾ ਜਾਨਵਰ ਅਤੇ ਸ਼ਰਾਬੀ ਸਾਬਤ ਹੋਇਆ ਹਾਂ।

ਇਹ ਸੁਣ ਕੇ ਰਾਧਿਕਾ ਦੀ ਮਾਂ ਨੇ ਨੱਕ ਭੌਂਕ ਲਿਆ।

'ਇਹ ਨਹੀਂ ਚਾਹੀਦਾ।

ਇਹ ਦਸ ਲੱਖ ਵੀ ਨਹੀਂ ਚਾਹੀਦਾ'

'ਕਿਉਂ? ਨਵੀਨ ਕਹਿ ਕੇ ਸੋਫੇ ਤੋਂ ਉੱਠ ਖੜਾ ਹੋ ਗਿਆ।'

'ਬਸ ਇਸੇ ਤਰ੍ਹਾਂ' ਰਾਧਿਕਾ ਨੇ ਉਸ ਨੂੰ ਵਾਪਸ ਮੋੜ ਦਿੱਤਾ।

'ਇੰਨੀ ਲੰਬੀ ਉਮਰ ਹੈ ਮੇਰੀ, ਤੁਸੀਂ ਕਿਵੇਂ ਬਿਤਾਓਗੇ?' ਚੱਕੋ...ਕੰਮ ਆਉਣਗੇ।

ਇਹ ਕਹਿ ਕੇ ਨਵੀਨ ਵੀ ਪਾਸਾ ਵੱਟ ਕੇ ਦੂਜੇ ਕਮਰੇ ਵਿਚ ਚਲਾ ਗਿਆ। ਸ਼ਾਇਦ ਅੱਖਾਂ ਵਿੱਚ ਕੋਈ ਗੱਲ ਤਾਂ ਹੋਵੇਗੀ ਜਿਸਨੂੰ ਛੁਪਾਉਣਾ ਜਰੂਰੀ ਸੀ

ਰਾਧਿਕਾ ਦੀ ਮਾਂ ਕਾਰ ਚਾਲਕ ਨੂੰ ਬੁਲਾਉਣ ਵਿੱਚ ਰੁੱਝੀ ਹੋਈ ਸੀ।

ਰਾਧਿਕਾ ਨੂੰ ਮੌਕਾ ਮਿਲਿਆ। ਉਹ ਨਵੀਨ ਦੇ ਪਿੱਛੇ ਉਸ ਕਮਰੇ ਵਿੱਚ ਚਲੀ ਗਈ।

ਉਹ ਰੋ ਰਿਹਾ ਸੀ। ਅਜੀਬ ਜਿਹਾ ਚਿਹਰਾ ਬਣਾ ਕੇ। ਜਿਵੇਂ ਅੰਦਰਲੇ ਹੜ੍ਹ ਨੂੰ ਦਬਾਉਣ ਲਈ ਸੰਘਰਸ਼ ਕਰ ਰਹੇ ਹੋ। ਰਾਧਿਕਾ ਨੇ ਕਦੇ ਉਸ ਨੂੰ ਰੋਂਦਿਆਂ ਨਹੀਂ ਦੇਖਿਆ ਸੀ। ਅੱਜ ਪਹਿਲੀ ਵਾਰ ਦੇਖਿਆ ਪਤਾ ਨਹੀਂ ਕਿਉਂ ਦਿਲ ਨੂੰ ਸਕੂਨ ਮਿਲਿਆ

ਪਰ ਜਿਆਦਾ ਭਾਵੁਕ ਨਹੀਂ ਹੋਇਆ।

ਉਹ ਸਹਿਜ ਜਿਹੇ ਢੰਗ ਨਾਲ ਕਹਿੰਦੀ 'ਜੇ ਤੈਨੂੰ ਇੰਨਾ ਹੀ ਫਿਕਰ ਸੀ, ਤਾਂ ਤਲਾਕ ਕਿਉਂ ਦਿੱਤਾ?'

'ਮੈਂ ਤੁਹਾਨੂੰ ਤਲਾਕ ਨਹੀਂ ਦਿੱਤਾ'

'ਤੁਸੀਂ ਵੀ ਦਸਤਖਤ ਕੀਤੇ ਹਨ'

'ਮੁਆਫੀ ਨਹੀਂ ਮੰਗੀ ਜਾ ਸਕਦੀ ਸੀ?'

'ਤੁਹਾਡੇ ਪਰਿਵਾਰ ਨੇ ਤੁਹਾਨੂੰ ਕਦੋਂ ਮੌਕਾ ਦਿੱਤਾ? ਹਰ ਵਾਰ ਬੁਲਾਉਣ ਲਈ ਕੱਟ ਦਿੱਤਾ ਗਿਆ।'

'ਘਰ ਵੀ ਆ ਸਕਦੇ ਸੀ'?

'ਕੀ ਤੁਹਾਡੇ ਵਿੱਚ ਹਿੰਮਤ ਨਹੀਂ ਸੀ?'

ਰਾਧਿਕਾ ਦੀ ਮਾਂ ਆ ਗਈ ਹੈ। ਉਸਨੇ ਉਸਦਾ ਹੱਥ ਫੜਿਆ ਅਤੇ ਉਸਨੂੰ ਬਾਹਰ ਲੈ ਗਈ। 'ਹੁਣ ਉਹ ਗੁੱਸੇ ਕਿਉਂ ਹੋ ਰਿਹਾ ਹੈ?' ਹੁਣ ਰਿਸ਼ਤਾ ਵੀ ਖਤਮ ਹੋ ਗਿਆ।

ਮਾਂ-ਧੀ ਬਾਹਰ ਬਰਾਂਡੇ ਤੇ ਸੋਫੇ ਤੇ ਬੈਠੀਆਂ ਕਾਰ ਦੀ ਉਡੀਕ ਕਰ ਰਹੀਆਂ ਹਨ।

ਰਾਧਿਕਾ ਦੇ ਅੰਦਰ ਵੀ ਕੁਝ ਟੁੱਟ ਰਿਹਾ ਸੀ। ਦਿਲ ਬਹਿਣ ਨੂੰ ਫਿਰਦਾ ਸੀ. ਉਹ ਸੁੰਨ ਜਿਹੀ ਹੋ ਰਹੀ ਸੀ। ਉਹ ਜਿਸ ਪਲੰਘ ਤੇ ਬੈਠੀ ਸੀ ਉਹ ਧਿਆਨ ਨਾਲ ਦੇਖ ਰਹੀ ਸੀ। ਉਸਨੇ ਅਤੇ ਨਵੀਨ ਨੇ ਉਹ ਸੋਫਾ ਕਿਵੇਂ ਖਰੀਦਿਆ। ਜਦੋਂ ਸ਼ਹਿਰ ਵਿੱਚ ਘੁੰਮਿਆ ਤਾਂ ਇਹ ਬਹੁਤ ਪਸੰਦ ਆਇਆ।

ਫਿਰ ਉਸਦੀ ਨਜ਼ਰ ਮੇਰੇ ਸਾਹਮਣੇ ਤੁਲਸੀ ਦੇ ਸੁੱਕੇ ਬੂਟੇ ਤੇ ਪਈ। ਉਹ ਬਹੁਤ ਬੇਤਾਬ ਦੇਖਭਾਲ ਕਰਦੀ ਸੀ। ਤੁਲਸੀ ਉਸ ਨਾਲ ਘਰੋਂ ਚਲੀ ਗਈ।

ਘਬਰਾਹਟ ਵੱਧ ਗਈ ਤਾਂ ਉਹ ਦੁਬਾਰਾ ਉੱਠ ਕੇ ਅੰਦਰ ਚਲੀ ਗਈ। ਪਿਛੋਂ ਮਾਂ ਨੇ ਆਵਾਜ਼ ਮਾਰੀ ਪਰ ਉਸਨੇ ਅਣਸੁਣੀ ਕੀਤੀ। ਨਵੀਨ ਬੈੱਡ ਦਾ ਮੂੰਹ ਉਲਟਾ ਸੀ। ਇੱਕ ਵਾਰ ਤਾਂ ਉਸ ਤੇ ਤਰਸ ਆ ਗਿਆ। ਪਰ ਉਹ ਜਾਣਦੀ ਸੀ ਕਿ ਇਹ ਹੁਣ ਖਤਮ ਹੋ ਗਿਆ ਹੈ ਇਸ ਲਈ ਉਸਨੂੰ ਭਾਵੁਕ ਹੋਣ ਦੀ ਜ਼ਰੂਰਤ ਨਹੀਂ ਹੈ।

ਉਸਨੇ ਕਮਰੇ ਵੱਲ ਇੱਕ ਨਜ਼ਰ ਨਾਲ ਦੇਖਿਆ। ਸਾਰਾ ਕਮਰਾ ਵਿਅਸਤ ਹੋ ਗਿਆ ਹੈ। ਮੱਕੜੀ ਦੇ ਜਾਲੇ ਝੂਲਦੇ ਕਿਤੇ।

ਉਹ ਮੱਕੜੀ ਦੇ ਜਾਲੇ ਤੋਂ ਕਿੰਨੀ ਨਫ਼ਰਤ ਕਰਦੀ ਸੀ?

ਫਿਰ ਉਸਦੀ ਨਜ਼ਰ ਉਹਨਾਂ ਫੋਟੋਆਂ ਤੇ ਪਈ ਜਿਸ ਵਿੱਚ ਉਹ ਨਵੀਨ ਨਾਲ ਜੱਫੀ ਪਾ ਕੇ ਮੁਸਕਰਾ ਰਹੀ ਸੀ।

ਕਿੰਨੇ ਸੁਨਹਿਰੀ ਦਿਨ ਸੀ ਉਹ।

ਇਸੇ ਦੌਰਾਨ ਮਾਂ ਫਿਰ ਆ ਗਈ। ਹੱਥ ਫੜ ਕੇ ਫਿਰ ਉਸ ਨੂੰ ਬਾਹਰ ਕੱਢ ਲਿਆ।

ਕਾਰ ਬਾਹਰ ਆ ਗਈ। ਸਮਾਨ ਗੱਡੇ ਵਿੱਚ ਰੱਖਿਆ ਜਾ ਰਿਹਾ ਸੀ। ਰਾਧਿਕਾ ਬੈਠੀ ਸੁਣ ਰਹੀ ਸੀ। ਕਾਰ ਦੀ ਆਵਾਜ਼ ਸੁਣ ਕੇ ਨਵੀਨ ਬਾਹਰ ਆ ਗਿਆ। ਅਚਾਨਕ ਨਵੀਨ ਕੰਨ ਫੜ ਕੇ ਗੋਡਿਆਂ ਭਾਰ ਬੈਠ ਗਿਆ।

ਕਿਹਾ 'ਨਾ ਜਾਓ...ਬਖਸ਼ ਦਿਓ'

ਸ਼ਾਇਦ ਇਹੀ ਸ਼ਬਦ ਸਨ ਜੋ ਚਾਰ ਸਾਲ ਸੁਣਨ ਨੂੰ ਤਰਸਦੇ ਰਹੇ। ਸਬਰਾਂ ਦੇ ਬੰਨ ਟੁੱਟ ਗਏ ਰਲ ਕੇ. ਰਾਧਿਕਾ ਨੇ ਅਦਾਲਤ ਦੇ ਫੈਸਲੇ ਦਾ ਕਾਗਜ਼ ਕੱਢ ਕੇ ਪਾੜਿਆ।

ਤੇ ਮਾਂ ਦੇ ਕੁਝ ਕਹਿਣ ਤੋਂ ਪਹਿਲਾਂ ਹੀ, ਨਵੀਨ ਨੂੰ ਜੱਫੀ ਪਾ ਲਈ। ਦੋਵੇਂ ਇਕੱਠੇ ਬੁਰੀ ਤਰ੍ਹਾਂ ਰੋ ਰਹੇ ਸਨ।

ਦੂਰ ਖੜੀ ਰਾਧਿਕਾ ਦੀ ਮਾਂ ਸਮਝ ਗਈ ਕਿ ਅਦਾਲਤ ਦਾ ਹੁਕਮ ਦਿਲਾਂ ਸਾਹਮਣੇ ਕਾਗਜ਼ ਤੋਂ ਵੱਧ ਕੁਝ ਨਹੀਂ।

ਕਾਸ਼ ਉਹ ਪਹਿਲਾਂ ਮਿਲਣ ਦਿੰਦੇ?

ਜੇ ਮਾਫੀ ਮੰਗਣ ਨਾਲ ਰਿਸ਼ਤੇ ਟੁੱਟਣ ਤੋਂ ਬਚਦੇ ਹਨ ਤਾਂ ਮਾਫੀ ਮੰਗ ਲੈਣੀ ਚਾਹੀਦੀ ਹੈ

**ਕਾਪੀ ਧੰਨਵਾਦ ਸਾਹਿਤ ਸੋਸ਼ਲ ਮੀਡੀਆ ਤੋਂ**

# ਜਿਸ ਤਨ ਲਾਗੇ ਸੋ ਤਨ ਜਾਣੇ !



ਗਰੀਬੀ ਦੀਆਂ ਤੰਗੀਆਂ ਤੁਰਸ਼ੀਆਂ ਕਾਰਨ ਸਾਡੇ ਇੱਕ ਜਾਣੂ ਪ੍ਰਵਾਰ ਨੇ ਪੰਜਵੀਂ ਛੇਵੀਂ 'ਚ ਪੜ੍ਹਦੇ ਆਪਣੇ ਵੱਡੇ ਮੁੰਡੇ ਨੂੰ ਸਕੂਲੋਂ ਹਟਾ ਕੇ ਉਸਨੂੰ ਲਾਗਲੇ ਸ਼ਹਿਰ ਵਿੱਚ ਚੱਲਦੇ ਚਾਹ-ਦੁੱਧ ਦੇ ਹੋਟਲ ਵਿੱਚ 'ਕੰਮ ਸਿੱਖਣ' ਲਾ ਦਿੱਤਾ।ਸਰਦੀਆਂ ਗਰਮੀਆਂ ਵਿੱਚ ਉਹ ਵਿਚਾਰਾ ਸ਼ਿਕੰਜੇ ਜਿਹੇ ਵਿੱਚ ਚਾਹ ਦੇ ਗਲਾਸ ਰੱਖ ਕੇ ਬਜ਼ਾਰ ਦੀਆਂ ਦੁਕਾਨਾਂ ਵਿੱਚ ਪਹੁੰਚਾਉਂਦਾ ਰਹਿੰਦਾ।ਜੂਠੇ ਕੱਪ ਗਲਾਸ ਧੋਣ ਦੇ ਨਾਲ ਨਾਲ ਉਹਨੂੰ ਲਿੱਬੜੇ ਤਿਬੜੇ ਕੜਾਹੀਆਂ ਖੌਂਚੇ ਮਾਂਜਦਿਆਂ ਦੇਖ ਕੇ ਸਾਨੂੰ ਬੜਾ ਤਰਸ ਆਉਂਦਾ!

ਉਸਦੀ ਨਿਮਰਤਾ ਅਤੇ ਹਲੀਮੀ ਦੇਖ ਕੇ ਮਾਲਕਾਂ ਨੇ ਉਸਨੂੰ ਹਲਵਾਈ ਦਾ ਕੰਮ ਛੇਤੀ ਸਿਖਾਉਣਾ ਸ਼ੁਰੂ ਕਰ ਦਿੱਤਾ। ਮੁੰਡਾ ਮਿਹਨਤੀ ਤਾਂ ਸੀ ਹੀ, ਇਸ ਲਈ ਉਹ ਛੇਤੀ ਹੀ ਹਲਵਾਈ-ਪੁਣੇ 'ਚ ਨਿਪੁੰਨ ਹੋ ਗਿਆ!

ਗਭਰੇਟ ਜਿਹਾ ਹੋਏ ਤੋਂ ਮਾਲਕਾਂ ਨੇ ਆਪ ਹੀ ਖੁਸ਼ ਹੋ ਕੇ ਉਸਨੂੰ ਇੱਕ ਵੱਖਰੀ ਦੁਕਾਨ ਖੋਲ੍ਹ ਦਿੱਤੀ। ਤਜ਼ਰਬੇਕਾਰ ਮੁੰਡੇ ਨੇ ਆਪਣਾ ਕੰਮ ਵੀ ਸੋਹਣਾ ਚਲਾ ਲਿਆ। ਉਸਨੇ ਵੀ ਬਿਹਾਰੀ ਪ੍ਰਵਾਰਦਾ ਇੱਕ ਛੋਟਾ ਜਿਹਾ ਮੁੰਡਾ ਏਧਰ-ਓਧਰ ਚਾਹ ਫੜਾਉਣ ਲਈ ਰੱਖ ਲਿਆ। ਉਹ ਦੁਕਾਨ ਵਿੱਚ ਆਏ ਗਏ ਗਾਹਕਾਂ ਦੇ ਵੀ ਜੂਠੇ ਕੱਪ ਪਲੇਟਾਂ ਤੇ ਗਲਾਸ ਚੱਕ ਚੱਕ ਧੋਂਦਾ ਰਹਿੰਦਾ!

ਅਧਪੜ੍ਹ ਹਲਵਾਈ ਮੁੰਡਾ ਆਪ ਤਾਂ ਨਮਕੀਨ ਤੇ ਮਠਿਆਈਆਂ ਵਗੈਰਾ ਸਮਾਨ ਬਣਾਉਂਦਾ ਹੁੰਦਾ ਸੀ। ਇਸ ਲਈ ਉਸਨੇ ਦਸਵੀਂ ਪਾਸ ਕਰ ਹਟੇ ਆਪਣੇ ਛੋਟੇ ਭਰਾ ਨੂੰ ਕਾਊਂਟਰ 'ਤੇ ਬਿਠਾ ਲਿਆ।



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268


ਛੋਟਾ ਭਰਾ ਟੌਹਰ ਜਿਹੀ ਕੱਢ ਕੇ ਗੱਲੇ 'ਤੇ ਬੈਠਾ ਗਾਹਕਾਂ ਤੋਂ ਲੈਣ-ਦੇਣ ਕਰਨ ਲੱਗ ਪਿਆ।

ਇੱਕ ਦਿਨ ਕੀ ਹੋਇਆ! ਭਰ ਸਿਆਲ? ਦੀ ਰੁੱਤੇ ਬਿਹਾਰੀ ਛੋਟੂ ਕਿਸੇ ਦੁਕਾਨ ਤੋਂ ਜੂਠੇ ਗਲਾਸ ਚੁੱਕੀ ਆ ਰਿਹਾ ਸੀ ਕਿ ਦੁਕਾਨ ਲਾਗੇ ਆਕੇ ਠੇਡਾ ਵੱਜੇ 'ਤੇ ਵਿਚਾਰਾ ਡਿਗ ਪਿਆ ਤੇ ਸ਼ਿਕੰਜੇ ਜਿਹੇ 'ਚ ਰੱਖੇ ਦੋ ਗਲਾਸ ਟੁੱਟ ਗਏ! ਕਾਊਂਟਰ ਤੋਂ ਟੌਹਰੀ 'ਕੈਸ਼ੀਅਰ ਸਾਹਬ' ਫੁਰਤੀ ਨਾਲ? ਉੱਠਿਆ ਤੇ ਰੋਂਦੇ ਛੋਟੂ ਦੇ ਚਪੇੜ ਕੱਢ ਮਾਰੀ! ਅਖੇ ਤੈਥੋਂ ਧਿਆਨ ਨਾਲ ਨੀ ਤੁਰ ਹੁੰਦਾ?

ਐਨ ਓਸੇ ਵੇਲੇ ਦੁਕਾਨ ਅੰਦਰੋਂ ਹਲਵਾਈ ਮੁੰਡਾ ਬਾਹਰ ਨੂੰ ਦੌੜਾ ਆਇਆ! ਉਸਨੇ ਆਉਂਦਿਆਂ ਹੀ ਪਹਿਲਾਂ ਡੁਸਹਕਦੇ ਛੋਟੂ ਨੂੰ ਕਲਾਵੇ ਵਿੱਚ ਲੈ ਕੇ ਵਰਾਇਆ! ਫਿਰ ਆਪਣੇ ਭਰਾ ਨੂੰ ਟੁੱਟ ਕੇ ਪੈ ਗਿਆ-

"ਸੁਣ ਉਏ ਵੱਡਿਆ ਚੌਧਰੀਆ, ਮੈਂ ਇਸ ਮੁੰਡੇ ਦੀ ਉਮਰੇ ਏਹੀ ਕੰਮ ਕੀਤਾ ਹੋਇਆ ਐ! ਜੇ ਤੂੰ ਵੀਸਾਡੇ ਵਾਂਗ 'ਕੱਲੀ 'ਕੱਲੀ ਦੁਕਾਨ ਤੋਂ ਜੂਠੇ ਭਾਂਡੇ ਢੋਏ ਹੁੰਦੇ ਅਤੇ ਸਿਆਲ 'ਚ ਏਦਾਂ ਚਪਲਾਂ ਪਾ ਕੇ ਤੁਰਦਿਆਂ ਠੇਡੇ ਖਾਧੇ ਹੁੰਦੇ ਤਾਂ ਅੱਜ ਤੂੰ ਇਹਦੇ 'ਤੇ ਹੱਥ ਨਾ ਚੁੱਕਦਾ!! ਤੈਨੂੰ ਮੈਂ ਸਿੱਧਾ ਈ ਕਾਊਂਟਰ'ਤੇ ਲਿਆ ਬਿਠਾਇਆ ਐ ਨਾ, ਇਸ ਕਰਕੇ ਤੂੰ 'ਮਾਲਕ ਬਣ ਕੇ' ਹੰਕਾਰ ਗਿਆ ਐਂ? ਖਬਰਦਾਰ ਜੇ ਮੁੜਕੇ ਛੋਟੂ ਨੂੰ ਹੱਥ ਲਾਇਆ ਤੈਂ!


## NAME OF CHANGE

I Sodi Singh S / O S. Kabal Singh
VOP Lohian khas
Dist Jalandhar Punjab India,
Presently Residing at
4231 N Cresta Ave Fresno
California 93723,
Has Changed my Name from
Sodi Singh to Sodhi Kaur Singh.
All Concerned please note.

# ਭਾਰਤੀ ਦੂਤਘਰ ਸਨ ਫਰਾਂਸਿਸਕੋ ਕੈਲੀਫੋਰਨੀਆ ਨੂੰ ਅੱਧੀ ਰਾਤ ਵੇਲੇ ਅਣਪਛਾਤੇ ਲੋਕਾਂ ਨੇ ਲਾਈ ਅੱਗ

## ਅਮਰੀਕਾ ਸਟੇਟ ਡਿਪਾਰਟਮੈਂਟ ਵਲੋਂ ਹਮਲੇ ਦੀ ਸਖ਼ਤ ਨਿੰਦਾ, ਕਾਰਵਾਈ ਦਾ ਭਰੋਸਾ





ਸਨਫਰਾਂਸਿਸਕੋ/ਕੈਲੀਫੋਰਨੀਆ : ਭਾਰਤੀ ਦੂਤਾਵਾਸ ਸਨ ਫਰਾਂਸਿਸਕੋ ਨੂੰ ਅੱਧੀ ਰਾਤ ਨੂੰ ਅਣਪਛਾਤੇ ਲੋਕਾਂ ਨੇ ਲਾਈ ਅੱਗ ਕਾਰਨ ਅੰਦਰ ਰਹਿ ਰਹੇ ਲੋਕ ਵਾਲ ਵਾਲ ਬਚੇ। ਇਸ ਪ੍ਰਤੀ ਅਮਰੀਕਾ ਸਟੇਟ ਡਿਪਾਰਟਮੈਂਟ ਵਲੋਂ ਇਸ ਕਾਰਵਾਈ ਦੀ ਸਖਤ ਨਿੰਦਾ ਕੀਤੀ ਹੈ ਅਤੇ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਹੈ।


ਅਮਰੀਕਾ ਦੇ ਸਨ ਫਰਾਂਸਿਸਕੋ ਸਥਿਤ ਭਾਰਤੀ ਦੂਤਘਰ ਵਿਚ ਭੰਨਤੋੜ ਅਤੇ ਅਗਜ਼ਨੀ ਦੀ ਕੋਸ਼ਿਸ਼ ਦੀ ਸਖ਼ਤ ਨਿਖੇਧੀ ਕਰਦਿਆਂ ਇਸ ਨੂੰ ਅਪਰਾਧਿਕ ਕਾਰਵਾਈ ਕਰਾਰ ਦਿੱਤਾ ਹੈ। ਖਾਲਿਸਤਾਨ ਸਮਰਥਕਾਂ ਨੇ 2 ਜੁਲਾਈ, 2023 ਨੂੰ ਟਵਿੱਟਰ 'ਤੇ ਇੱਕ ਵੀਡੀਓ ਸਾਂਝਾ ਕੀਤਾ, ਜਿਸ ਵਿੱਚ ਉਹ ਸਨ ਫਰਾਂਸਿਸਕੋ ਵਿੱਚ ਭਾਰਤੀ ਕੌਂਸਲੇਟ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕਰਦੇ ਹੋਏ ਦੇਖੇ ਜਾ ਸਕਦੇ ਹਨ। ਵੀਡੀਓ ਵਿੱਚ 'ਹਿੰਸਾ ਨਾਲ ਹਿੰਸਾ ਦਾ ਜਨਮ ਹੁੰਦਾ ਹੈ' ਵਰਗੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਇਸ ਵਿੱਚ ਕੈਨੇਡਾ ਸਥਿਤ 'ਖਾਲਿਸਤਾਨ ਟਾਈਗਰ ਫੋਰਸ' (ਕੇਟੀਐਫ) ਦੇ ਮੁਖੀ ਹਰਦੀਪ ਸਿੰਘ ਨਿੱਝਰ ਦੀ ਮੌਤ ਨਾਲ ਸਬੰਧਤ ਖ਼ਬਰ ਵੀ ਦਿਖਾਈ ਗਈ। ਭਾਈ ਨਿੱਝਰ ਨੂੰ ਪਿਛਲੇ ਮਹੀਨੇ ਕੈਨੇਡਾ ਦੇ ਇੱਕ ਗੁਰਦੁਆਰਾ ਸਾਹਿਬ ਦੇ ਬਾਹਰ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ। ਵਿਦੇਸ਼ ਵਿਭਾਗ ਦੇ ਬੁਲਾਰੇ ਮੈਥਿਊ ਮਿਲਰ ਨੇ ਟਵੀਟ ਕੀਤਾ ਕਿ "ਅਮਰੀਕਾ ਸੈਨ ਫਰਾਂਸਿਸਕੋ ਵਿੱਚ ਭਾਰਤੀ ਵਣਜ ਦੂਤਘਰ ਵਿੱਚ ਭੰਨਤੋੜ ਅਤੇ ਅਗਜ਼ਨੀ ਦੀ ਕੋਸ਼ਿਸ਼ ਦੀ ਸਖ਼ਤ ਨਿੰਦਾ ਕਰਦਾ ਹੈ। ਅਮਰੀਕਾ 'ਚ ਡਿਪਲੋਮੈਟਿਕ ਪੋਸਟਾਂ ਜਾਂ ਵਿਦੇਸ਼ੀ ਡਿਪਲੋਮੈਟਾਂ ਖ਼ਿਲਾਫ਼ ਹਿੰਸਾ ਅਪਰਾਧ ਹੈ।"

ਅਮਰੀਕਾ 'ਚ ਦੱਖਣੀ ਏਸ਼ੀਆਈ ਪ੍ਰਸਾਰਕ 'ਦੀਆ ਟੀਵੀ' ਨੇ ਟਵੀਟ ਕੀਤਾ ਕਿ ਸਨ ਫਰਾਂਸਿਸਕੋ ਸਥਿਤ ਭਾਰਤੀ ਕੌਂਸਲੇਟ ਨੂੰ ਸ਼ਨੀਵਾਰ ਤੜਕੇ 1:30 ਤੋਂ 2:30 ਵਜੇ ਦਰਮਿਆਨ ਅੱਗ ਲਗਾ ਦਿੱਤੀ ਗਈ। ਸੈਨ ਫਰਿਾਂਸਿਸਕੋ ਦੇ ਫਾਇਰ ਡਿਪਾਰਟਮੈਂਟ ਨੇ ਜਲਦੀ ਹੀ ਅੱਗ 'ਤੇ ਕਾਬੂ ਪਾਇਆ, ਘੱਟੋ ਘੱਟ ਨੁਕਸਾਨ ਹੋਇਆ ਅਤੇ ਕੋਈ ਕਰਮਚਾਰੀ ਜ਼ਖਮੀ ਨਹੀਂ ਹੋਇਆ। ਸਥਾਨਕ, ਰਾਜ ਅਤੇ ਸੰਘੀ ਅਧਿਕਾਰੀਆਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਉਸਨੇ ਹਮਲੇ ਦੀ ਇੱਕ ਵੀਡੀਓ ਵੀ ਸਾਂਝੀ ਕੀਤੀ। ਇਸ ਪ੍ਰਤੀ ਪੂਰੀ ਦੂਨੀਆ 'ਚ ਪ੍ਰਤੀਕਰਮ ਦੇਖਣ ਨੂੰ ਮਿਲਿਆ ਅਤੇ ਵੱਖ ਵੱਖ ਆਗੂਆ ਅਤੇ ਆਰਗੇਨੀਜੇਸ਼ਨਾ ਨੇ ਇਸਦੀ ਭਾਰੀ ਨਿੰਦਾ ਕੀਤੀ ਹੈ ਇਨਾ ਕਾਰਵਾਈਆ ਨਾਲ ਹਿੰਸਾ ਦੇ ਨਾਲ ਨਾਲ ਨਫਰਤ ਵਧਦੀ ਜਾ ਰਹੀ ਅਤੇ ਕਮਿਊਨਟੀਆ ਦਾ ਆਪਸ ਵਿੱਚ ਪਾੜਾ ਹੋਰ ਗਹਿਰਾ ਹੁੰਦਾ ਜਾ ਰਿਹਾ ਹੈ ਇਸ ਘਟਨਾ ਦੀ ਡੂੰਗਾਈ ਨਾਲ ਨਾਲ ਜਾਚ ਲਈ ਅਮਰੀਕਾ ਉਪਰ ਦਬਾਅ ਪਾਇਆ ਜਾ ਰਿਹਾ ਹੈ

## ਏਜੀਪੀਸੀ ਅਤੇ ਸਿੱਖ ਕਾਕਸ ਵਲੋਂ ਅਗਜ਼ਨੀ ਭਾਰਤੀ ਕੌਂਸਲੇਟ 'ਚ ਭੰਨਤੋੜ ਦੀ ਸਖਤ ਨਿਖੇਧੀ



ਜਸਵੰਤ ਸਿੰਘ ਹੋਠੀ
ਪ੍ਰਧਾਨ ਏ.ਜੀ.ਪੀ.ਸੀ.



ਡਾ. ਪ੍ਰਿਤਪਾਲ ਸਿੰਘ
ਕੋਆਰਡੀਨੇਟਰ- ਅਮਰੀਕਨ ਸਿੱਖ ਕਾਕਸ ਕਮੇਟੀ ਏ.ਜੀ.ਪੀ.ਸੀ.



ਹਿੰਮਤ ਸਿੰਘ
ਕੋਆਰਡੀਨੇਟਰ-ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਏ.ਜੀ.ਪੀ.ਸੀ.

ਨਿਊਯਾਰਕ : ਅਮਰੀਕਨ ਸਿੱਖ ਕਾਕਸ ਕਮੇਟੀ, AGPC ਅਤੇ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਸੈਨ ਫਰਾਂਸਿਸਕੋ ਵਿੱਚ ਭਾਰਤੀ ਕੌਂਸਲੇਟ ਵਿੱਚ ਭੰਨਤੋੜ ਅਤੇ ਅਗਜ਼ਨੀ ਦੀ ਕੋਸ਼ਿਸ਼ ਦੀ ਸਖ਼ਤ ਨਿਖੇਧੀ ਕਰਦੀ ਹੈ। ਦੋਸ਼ੀਆਂ ਨੂੰ ਜਵਾਬਦੇਹ ਠਹਿਰਾਇਆ ਜਾਣਾ ਚਾਹੀਦਾ ਹੈ ਅਤੇ ਨਿਆਂ ਦੇ ਕਟਹਿਰੇ ਵਿਚ ਲਿਆਂਦਾ ਜਾਣਾ ਚਾਹੀਦਾ ਹੈ। ਅਮਰੀਕਨ ਸਿੱਖ ਕਾਕਸ ਕਮੇਟੀ, ਏ.ਜੀ.ਪੀ.ਸੀ ਅਤੇ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਸੈਨ ਫਰਾਂਸਿਸਕੋ ਵਿੱਚ ਭਾਰਤੀ ਕੌਂਸਲੇਟ ਵਿੱਚ ਭੰਨਤੋੜ ਅਤੇ ਅਗਜ਼ਨੀ ਦੀ ਕੋਸ਼ਿਸ਼ ਦੀ ਸਖ਼ਤ ਨਿਖੇਧੀ ਕਰਦੀ ਹੈ। ਦੋਸ਼ੀਆਂ ਨੂੰ ਜਵਾਬਦੇਹ ਠਹਿਰਾਇਆ ਜਾਣਾ ਚਾਹੀਦਾ ਹੈ ਅਤੇ ਨਿਆਂ ਦੇ ਕਟਹਿਰੇ ਵਿਚ ਲਿਆਂਦਾ ਜਾਣਾ ਚਾਹੀਦਾ ਹੈ।

ਪਿਛਲੇ ਕੁਝ ਮਹੀਨਿਆਂ ਵਿਚ ਆਸਟਰੇਲੀਆ ਅਤੇ ਕੈਨੇਡਾ ਵਿਚ ਹਿੰਦੂ ਮੰਦਰਾਂ 'ਤੇ ਵੀ ਇਸੇ ਤਰ੍ਹਾਂ ਦੀ ਭੰਨਤੋੜ ਹੋਈ ਹੈ। ਸਥਾਨਕ ਪੁਲਿਸ ਦੀ ਜਾਂਚ ਤੋਂ ਬਾਅਦ ਇਹ ਸਾਬਤ ਹੋ ਗਿਆ ਸੀ ਕਿ ਸਿੱਖਾਂ ਨੂੰ ਫਸਾਉਣ ਲਈ ਇਹ ਹਰਕਤਾਂ ਕੁਝ ਲੋਕਾਂ ਨੇ ਜਾਣਬੁੱਝ ਕੇ ਹੀ ਕੀਤੀਆਂ ਸਨ।

ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਵੀਡੀਓਜ਼ ਤੋਂ ਲੱਗਦਾ ਹੈ ਕਿ ਇਹ ਅੱਗ ਵਣਜ ਦੂਤਘਰ ਦੇ ਅੰਦਰੋਂ ਲੱਗੀ ਅਤੇ ਜਲਦੀ ਹੀ ਬੁਝਾਈ ਗਈ।

ਅਸੀਂ ਬੇਨਤੀ ਕਰਦੇ ਹਾਂ ਕਿ ਸਥਾਨਕ ਅਤੇ ਰਾਜ ਦੀਆਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਐਫਬੀਆਈ ਨਾਲ ਕੰਮ ਕਰਨਾ ਚਾਹੀਦਾ ਹੈ ਕਿਉਂਕਿ ਇਸ ਘਟਨਾ ਦੇ ਸਰਹੱਦ ਪਾਰ ਪ੍ਰਭਾਵ ਹਨ ਅਤੇ ਇਹੋ ਜਹੀਆ ਘਟਵਾਵਾ ਸਿੱਖ ਭਾਈਚਾਰੇ ਨੂੰ ਗਲਤ ਤਰੀਕੇ ਨਾਲ ਬਦਨਾਮ ਕਰਨ ਲਈ ਕੀਤੀਆ ਜਾ ਰਹੀਆ ਹੈ।

# ਪਾਕਿਸਤਾਨ 'ਚ ਬੇਖੌਫ ਕੱਟੜਵਾਦੀਆਂ ਨੇ ਗੁਰਦੁਆਰੇ ਵਿੱਚ ਕੀਰਤਨ ਬੰਦ ਕਰਵਾਇਆ

## ਪਾਠੀਆਂ ਅਤੇ ਰਾਗੀਆਂ ਨਾਲ ਦੁਰਵਿਹਾਰ, ਪੂਰੀ ਦੁਨੀਆ ਦੇ ਸਿੱਖਾਂ ਵਲੋਂ ਨਿੰਦਾ, ਦੋਸ਼ੀਆ ਖਿਲਾਫ ਕਾਰਵਾਈ ਦੀ ਮੰਗ







ਸੱਖਰ : ਪਾਕਿਸਤਾਨ ਦੇ ਸਿੰਧ ਸੂਬੇ ਦੇ ਸ਼ਹਿਰ ਸੱਖਰ ਵਿੱਚ ਸ਼ਰਾਰਤੀ ਅਨਸਰਾਂ ਨੇ ਜਬਰਦਸਤੀ ਗੁਰਦੁਆਰਾ ਸਿੰਘ ਸਭਾ ਵਿਖੇ ਦਾਖ਼ਲ ਹੋ ਕੇ ਰਾਗੀ ਸਿੰਘਾਂ ਨਾਲ ਦੁਰਵਿਹਾਰ ਕੀਤਾ ਅਤੇ ਉਨ੍ਹਾਂ ਨੂੰ ਕੀਰਤਨ ਬੰਦ ਕਰਨ ਲਈ ਕਿਹਾ। ਇਤਿਹਾਸਕ ਗੁਰਦੁਆਰਾ ਸਾਹਿਬ ਵਿਖੇ ਮੌਜੂਦ ਕਈ ਸਥਾਨਕ ਸਿੱਖਾਂ ਅਤੇ ਹਿੰਦੂਆਂ ਨੇ ਦੋਸ਼ ਲਾਇਆ ਕਿ ਸ਼ਰਾਰਤੀ ਅਨਸਰਾਂ ਨੇ ਸਿੱਖਾਂ ਦੇ ਪਵਿੱਤਰ ਗੁਰੂ ਗ੍ਰੰਥ ਸਾਹਿਬ ਦੀ ਵੀ ਬੇਅਦਬੀ ਕੀਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੁਲਿਸ ਹਵਾਲੇ ਕੀਤੇ ਬਦਮਾਸ਼ਾਂ ਨੂੰ ਜਾਂਚ ਅਤੇ ਪੁੱਛ ਪੜਤਾਲ ਕੀਤੇ ਬਗ਼ੈਰ ਛੱਡ ਦਿੱਤਾ ਗਿਆ। ਗੁਰਦੁਆਰੇ ਦੇ ਰਾਗੀ ਅਜੈ ਸਿੰਘ ਨੇ ਦੱਸਿਆ ਕਿ ਉਹ ਕੀਰਤਨ ਕਰ ਰਿਹਾ ਸੀ ਕਿ ਅਚਾਨਕ ਲਾਊਡਸਪੀਕਰ ਦੀ ਆਵਾਜ਼ ਘਟ ਗਈ। ਗੁਰਦੁਆਰੇ ਵਿੱਚ ਰੌਲਾ-ਰੱਪਾ ਪੈ ਗਿਆ। ਕੁੱਝ ਲੋਕਾਂ ਨੇ ਜਬਰੀ ਕੀਰਤਨ ਬੰਦ ਕਰਵਾਇਆ। ਉਨ੍ਹਾਂ ਕਿਹਾ, "ਸਾਡੇ ਪੁਰਖੇ ਪਿਛਲੇ 100 ਸਾਲਾਂ ਤੋਂ ਇਸ ਗੁਰਦੁਆਰੇ ਵਿੱਚ ਪਾਠ ਤੇ ਕੀਰਤਨ ਕਰਦੇ ਆ ਰਹੇ ਹਨ। ਅਸੀਂ ਕਦੇ ਕਿਸੇ ਨੂੰ ਕੋਈ ਤਕਲੀਫ਼ ਨਹੀਂ ਦਿੱਤੀ। ਕੀ ਪਾਕਿਸਤਾਨ ਵਿੱਚ ਘੱਟ ਗਿਣਤੀਆਂ ਨਾਲ ਅਜਿਹਾ ਸਲੂਕ ਹੁੰਦਾ ਹੈ?" ਸਿੱਖਾਂ ਅਤੇ ਹਿੰਦੂਆਂ ਨੇ ਪੁਲਿਸ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਇਸ ਘਟਨਾ ਸਬੰਧੀ ਨਾ ਤਾਂ ਐੱਫਆਈਆਰ ਦਰਜ ਕੀਤੀ ਗਈ ਤੇ ਨਾ ਹੀ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾਂ ਕਿਹਾ ਕਿ ਘੱਟ ਗਿਣਤੀ ਭਾਈਚਾਰੇ ਦੇ ਲੋਕ ਪਾਕਿਸਤਾਨ ਵਿੱਚ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਇਸੇ ਮਹੀਨੇ 24 ਜੂਨ ਨੂੰ ਖੈਬਰ ਪਖਤੂਨਖਵਾ ਸੂਬੇ ਦੇ ਪਿਸ਼ਾਵਰ ਸ਼ਹਿਰ ਦੇ ਯਾਕਾਤੂਤ ਇਲਾਕੇ ਵਿੱਚ ਹਥਿਆਰਬੰਦ ਮੋਟਰਸਾਈਕਲ ਸਵਾਰਾਂ ਨੇ ਇੱਕ ਸਿੱਖ ਦੁਕਾਨਦਾਰ ਮਨਮੋਹਨ ਸਿੰਘ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਇੱਕ ਦਿਨ ਪਹਿਲਾਂ ਪਿਸ਼ਾਵਰ ਵਿੱਚ ਤਰਲੋਕ ਸਿੰਘ ਨਾਂ ਦੇ ਸਿੱਖ 'ਤੇ ਹਮਲਾ ਕੀਤਾ ਗਿਆ ਸੀ। ਐੱਨਜੀਓ ਯੂਨਾਈਟਿਡ ਸਿੱਖਸ ਨੇ ਆਪਣੇ ਟਵਿੱਟਰ ਹੈਂਡਲ 'ਤੇ ਪਾਕਿਸਤਾਨ ਵਿੱਚ ਘੱਟ ਗਿਣਤੀਆਂ ਅਤੇ ਸਿੱਖਾਂ 'ਤੇ ਹਮਲੇ ਦੀ ਨਿਖੇਧੀ ਕਰਦਿਆਂ ਪਾਕਿਸਤਾਨ ਸਰਕਾਰ ਤੋਂ ਘੱਟ ਗਿਣਤੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਮੰਗ ਕੀਤੀ ਹੈ।

### ਪਾਕਿ ਦੇ ਗੁਰਦੁਆਰਾ ਸਾਹਿਬ 'ਚ ਕੀਰਤਨ ਰੋਕਣ ਦੇ ਮਾਮਲੇ ਦੀ ਗਿ. ਹਰਪ੍ਰੀਤ ਸਿੰਘ ਵਲੋਂ ਨਿਖੇਧੀ

ਬਠਿੰਡਾ : ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਪਾਕਿਸਤਾਨ ਦੇ ਸੌ ਸਾਲਾ ਪੁਰਾਣੇ ਗੁਰਦੁਆਰਾ ਸਾਹਿਬ 'ਚ ਚੱਲ ਰਹੇ ਕੀਰਤਨ ਨੂੰ ਸ਼ਰਾਰਤੀ ਅਨਸਰਾਂ ਵੱਲੋਂ ਬੰਦ ਕਰਵਾ ਦੇਣ 'ਤੇ ਸਖ਼ਤ ਨਿੰਦਾ ਕੀਤੀ ਹੈ। ਇਹ ਘਟਨਾ ਪਾਕਿਸਤਾਨ ਦੇ ਸਿੰਧ ਸੂਬੇ ਦੇ ਸੱਖਰ 'ਚ ਵਾਪਰੀ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਇਹ ਗੁਰਦੁਆਰਾ ਸੌ ਸਾਲਾ ਪੁਰਾਣਾ ਗੁਰਦੁਆਰਾ ਹੈ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਬਣਿਆ ਹੋਇਆ ਹੈ। ਉਨ੍ਹਾਂ ਕਿਹਾ



ਕਿ ਕਈ ਦਿਨਾਂ ਤੋਂ ਸਪੀਕਰਾਂ ਦੀ ਆਵਾਜ਼ ਤੋਂ ਲੋਕ ਪ੍ਰੇਸ਼ਾਨ ਸੀ ਤੇ ਇਤਰਾਜ਼ ਜਤਾਇਆ ਜਾ ਰਿਹਾ ਸੀ। ਜਿਸ ਨੂੰ ਲੈ ਕੇ ਉਨ੍ਹਾਂ ਨੇ ਗੁਰਦੁਆਰੇ 'ਚ ਆ ਕੇ ਹੰਗਾਮਾ ਸ਼ੁਰੂ ਕਰ ਦਿੱਤਾ ਅਤੇ ਚੱਲ ਰਹੇ ਕੀਰਤਨ ਨੂੰ ਬੰਦ ਕਰਵਾ ਦਿੱਤਾ।

ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪਾਕਿਸਤਾਨ ਕਮੇਟੀ ਦੇ ਸਕੱਤਰ ਸਰਦਾਰ ਵਿਕਾਸ ਸਿੰਘ ਜੋ ਸਿੰਧ ਦੇ ਰਹਿਣ ਵਾਲੇ ਹਨ, ਉਨ੍ਹਾਂ ਨੇ ਜਾਣਕਾਰੀ ਦਿੱਤੀ ਕਿ ਬੀਤੇ ਦਿਨਾਂ ਤੋਂ ਹੀ ਸਪੀਕਰਾਂ ਦੀ ਆਵਾਜ਼ਾਂ ਨੂੰ ਲੈ ਕੇ ਲੋਕਾਂ ਦਾ ਆਪਸੀ ਵਿਵਾਦ ਚੱਲ ਰਿਹਾ ਸੀ।


ਉਨ੍ਹਾਂ ਦੱਸਿਆ ਜਦੋਂ ਰਾਗੀ ਕੀਰਤਨ ਕਰ ਰਹੇ ਸੀ ਤਾਂ ਨੇੜਲੇ ਘਰਾਂ ਦੇ ਲੋਕਾਂ ਨੇ ਗੁਰਦੁਆਰਾ ਸਾਹਿਬ ਪਹੁੰਚੇ ਤੇ ਬਿਨਾਂ ਇਜਾਜ਼ਤ ਤੋਂ ਸਪੀਕਰਾਂ ਦੀ ਆਵਾਜ਼ ਘੱਟ ਕਰ ਦਿੱਤੀ। ਜਿਸ ਤੋਂ ਬਾਅਦ ਉੱਥੇ ਵਿਵਾਦ ਸ਼ੁਰੂ ਹੋ ਗਿਆ ਅਤੇ ਲੋਕਾਂ ਨੇ ਗੁਰਦੁਆਰੇ 'ਚ ਚੀਕ-ਚਿਹਾੜਾ ਅਤੇ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ।

ਇਸ ਉਪਰੰਤ ਪੁਲਸ ਨੇ ਮੌਕੇ 'ਤੇ ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਪਰ ਉਨ੍ਹਾਂ 'ਤੇ ਬਿਨਾਂ ਕਰਵਾਈ ਕਰਦੇ ਹੋਏ ਛੱਡ ਦਿੱਤਾ। ਉਨ੍ਹਾਂ ਕਿਹਾ ਕਿ ਸਕੱਤਰ ਸਰਦਾਰ ਵਿਕਾਸ ਸਿੰਘ ਜੀ ਮੁਤਾਬਕ ਭਾਵੇਂ ਮਾਮਲਾ ਸ਼ਾਂਤ ਹੋ ਗਿਆ ਹੈ ਪਰ ਇਹ ਸਾਡੇ ਲਈ ਬਹੁਤ ਵੱਡੀ ਚਿੰਤਾ ਪੈਦਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਅੰਦਰ ਘੱਟ ਗਿਣਤੀ 'ਚ ਭਾਵੇਂ ਹਿੰਦੂ, ਸਿੱਖ ਜਾਂ ਕੋਈ ਵੀ ਹੈ ਕੀ ਉਹ ਆਪਣੇ ਧਾਰਮਿਕ ਸਮਾਗਮ ਅਤੇ ਧਾਰਮਿਤ ਮਰਿਆਦਾ ਨੂੰ ਨਿਭਾਅ ਨਹੀਂ ਸਕਦੇ?

# SB-403 ਬਿੱਲ 11-0 ਨਾਲ ਪਾਸ

## ਅਸੀਂ ਹਰ ਹਾਲਤ 'ਚ ਵਿਦੇਸ਼ਾਂ 'ਚ ਜਾਤਪਾਤ ਦੀ ਕੈਂਸਰ ਨੂੰ ਰੋਕਣ ਦਾ ਯਤਨ ਕਰਾਂਗੇ : ਸ਼੍ਰੀ ਰਾਮ ਮੂਰਤੀ ਸਰੋਆ

### SB-403 ਬਿੱਲ 11-0 ਨਾਲ ਪਾਸ ਹੋਣ 'ਤੇ ਲੱਖ-ਲੱਖ ਵਧਾਈਆਂ




ਫਰੀਮਾਂਟ / ਕੈਲੀਫੋਰਨੀਆ : ਅਮਰੀਕਾ ਦੇ ਉਘੇ ਸਿੱਖ ਆਗੂ ਚੇਅਰਮੈਨ ਡਾਕਟਰ ਅੰਬੇਦਕਰ ਐਜੂਕੇਸ਼ਨ ਏਡ ਸੁਸਾਇਟੀ ਸੀਨੀਅਰ ਸੁਪਰੀਮ ਕੌਂਸਲ ਮੈਂਬਰ ਸ਼੍ਰੀ ਗੁਰੂ ਰਵੀਦਾਸ ਸਭਾ ਅਮਰੀਕਾ ਅਤੇ ਸਾਬਕਾ ਚੇਅਰਮੈਨ ਸ਼੍ਰੀ ਗੁਰੂ ਰਵੀਦਾਸ ਸਭਾ ਬੇਏਰੀਆ ਕੈਲੀਫੋਰਨੀਆ ਨੇ 'ਸਾਡੇ ਲੋਕ' ਅਖਬਾਰ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਅਸੀਂ ਹਰ ਹਾਲਤ 'ਚ ਵਿਦੇਸ਼ਾ 'ਚ ਜਾਤਪਾਤ ਦੀ ਕੈਂਸਰ ਨੂੰ ਰੋਕਣ ਦਾ ਯਤਨ ਕਰਾਂਗੇ ਅਤੇ ਇਸ ਵਾਸਤੇ ਬਿੱਲ 403 ਦੀ ਹਮਾਇਤ ਕਰਨੀ ਅਤੀ ਜ਼ਰੂਰੀ ਹੈ ਉਨ੍ਹਾਂ ਕਿਹਾ ਜਿਨ੍ਹਾਂ-ਜਿਨ੍ਹਾਂ ਕਾਰਨਾਂ ਕਰਕੇ ਭਾਰਤ 'ਚ ਸਦੀਆਂ ਤੋਂ ਉਥੇ ਦੇ ਅਸਲੀ ਵਾਰਿਸਾਂ ਦਾ ਸੋਸ਼ਣ ਕੀਤਾ ਜਾ ਰਿਹਾ ਹੈ ਉਹੀ ਲੋਕ ਹੁਣ ਵਿਦੇਸ਼ਾਂ 'ਚ ਉਸ ਜਾਤੀ-ਪਾਤੀ ਵਰਣ ਵਿਵਸਥਾ ਨੂੰ ਅਮਰੀਕਾ ਸਮੇਤ ਵਿਦੇਸ਼ਾਂ 'ਚ ਲਾਗੂ ਕਦੇ ਵੀ ਕਿਸੇ ਵੀ ਕੀਮਤ ਉਪਰ ਨਹੀਂ।

ਉਨ੍ਹਾਂ ਕਿਹਾ ਕਿ ਇਥੋਂ ਦੀਆਂ ਕੰਪਿਊਟਰ ਅਤੇ ਆਈ ਟੀ ਕੰਪਨੀਆਂ ਵਿਚ ਭਾਰਤ ਉੱਚ ਜਾਤੀ ਖ਼ਾਸ ਕਰ ਬ੍ਰਾਹਮਣਾਂ ਵਲੋਂ ਨੀਵੀਆਂ ਸਮਝੀਆਂ ਜਾਤੀਆਂ ਖ਼ਾਸ ਕਰ ਦਲਿਤ ਭਾਈਚਾਰੇ ਨਾਲ ਵਿਤਕਰੇ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ।


ਇਸ ਮਸਲੇ ਨੂੰ ਲੈ ਕੇ ਰਾਜ ਦੀ ਸੈਨੇਟਰ ਆਈਸ਼ਾ ਵਹਾਬ ਨੇ ਇਕ ਬਿੱਲ ਪੇਸ਼ ਕੀਤਾ ਜਿਸ ਨਾਲ ਨੌਕਰੀਆਂ ਆਦਿ ਵਿਚ ਇਹ ਵਿਤਕਰਾ ਕਰਨ ਵਾਲੇ ਨੂੰ ਸਜ਼ਾ ਮਿਲ ਸਕੇਗੀ ਅਤੇ ਦਲਿਤ ਭਾਈਚਾਰੇ ਨੇ ਇਸ ਨੂੰ ਪਾਸ ਕਰਾਉਣ ਲਈ ਪੂਰੀ ਕੋਸ਼ਿਸ਼ ਕੀਤੀ ਹੋਈ ਹੈ।

ਸਿੱਖ ਵੀ ਇਸ ਬਿੱਲ ਨੂੰ ਪਾਸ ਕਰਾਉਣ ਲਈ ਦਲਿਤ ਅਤੇ ਭਾਰਤ ਦੀਆਂ ਹੋਰ ਘੱਟ-ਗਿਣਤੀਆਂ ਨਾਲ ਖੜ੍ਹੇ ਹਨ। ਕੈਲੀਫ਼ੋਰਨੀਆ ਦੇ ਤਕਰੀਬਨ ਸਾਰੇ ਵੱਡੇ ਗੁਰਦੁਆਰੇ ਅਤੇ ਸੰਸਥਾਵਾਂ ਇਸ ਬਿੱਲ ਦੀ ਹਮਾਇਤ 'ਤੇ ਉੱਤਰ ਆਈਆਂ ਹਨ।

ਉਨ੍ਹਾਂ ਨੇ ਅੱਜ ਕੈਲੀਫੋਰਨੀਆ ਵਿੱਚ ਜਾਤੀ ਭੇਦਭਾਵ ਨੂੰ ਖਤਮ ਕਰਨ ਲਈ 403 ਬਿੱਲ 11-0 ਨਾਲ ਪਾਸ ਹੋਣ ਉਪਰ ਲੱਖ-ਲੱਖ ਵਧਾਈ ਦਿੱਤੀ।

*ਸ਼ਹੀਦੀ ਦਿਹਾੜੇ ਤੇ ਵਿਸ਼ੇਸ਼*

# ਬੰਦ-ਬੰਦ ਕਟਾਉਣ ਵਾਲੇ ਭਾਈ ਮਨੀ ਸਿੰਘ ਜੀ



ਸਿਖ ਇਤਿਹਾਸ ਸ਼ਹੀਦਾਂ ਦਾ ਇਤਿਹਾਸ ਹੈ ਤੇ ਸਿੱਖ ਕੌਮ ਸ਼ਹੀਦਾਂ ਦੀ ਕੌਮ ਹੈ। ਇਸ ਕੌਮ ਨੇ ਉਹ ਮਰਜੀਵੜੇ ਪੈਦਾ ਕੀਤੇ ਹਨ ਜਿਹਨਾਂ ਦੀ ਮਿਸਾਲ ਸੰਸਾਰ ਦੇ ਕਿਸੇ ਇਤਿਹਾਸ ਵਿੱਚ ਲੱਭਣੀ ਨਾਮੁਮਕਿਨ ਹੈ। ਸਿੱਖੀ ਨੂੰ ਨੇਸਤੋਨਾਬੂਦ ਕਰਨ ਲਈ ਸਮੇਂ ਦੇ ਹਾਕਮਾਂ ਨੇ ਅਨੇਕਾਂ ਜ਼ੁਲਮ ਢਾਹੇ, ਤਰਾਂ ਤਰ੍ਹਾਂ ਦੇ ਤਸੀਹੇ ਦਿਤੇ, ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ ਗਏ। ਪਰ ਧੰਨ ਸੀ, ਉਸ ਸਮੇਂ ਦੀ ਸਿੱਖੀ, ਸਿੱਖੀ ਸਿਦਕ ਅਤੇ ਗੁਰੂ ਦੇ ਸਿੱਖ, ਜਿਨਾਂ ਨੇ ਸਿਰ-ਧੜ ਦੀ ਬਾਜ਼ੀ ਲਗਾਉਂਦਿਆਂ ਆਪਾ ਤਾਂ ਕੁਰਬਾਣ ਕਰ ਲਿਆ ਪਰ ਜ਼ਾਲਮਾਂ ਦਾ ਹੁਕਮ ਮੰਨ ਕੇ ਗੁਰਮਤਿ ਦੇ ਅਸੂਲਾਂ ਨਾਲ ਸਮਝੌਤਾ ਨਹੀਂ ਕੀਤਾ ਅਤੇ ਸ਼ਹਾਦਤਾਂ ਦਾ ਜਾਮ ਹੱਸਦੇ-ਹੱਸਦੇ ਪੀ ਗਏ। ਐਸੇ ਹੀ ਮਹਾਨ ਸ਼ਹੀਦਾਂ ਵਿੱਚੋਂ ਸਨ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਸ਼ਹੀਦ, ਜਿਨਾਂ ਨੇ ਹਕ ਤੇ ਸਚ ਦੀ ਖਾਤਰ, ਸਿਖੀ ਦੀ ਖਾਤਰ, ਝੂਠ ਦੇ ਅਗੇ ਘੁਟਨੇ ਨਹੀਂ ਟੇਕੇ। ਭਾਈ ਮਨੀ ਸਿੰਘ ਜੀ ਦਾ ਜਨਮ ਸੁਨਾਮ ਦੇ ਨੇੜੇ ਪਿੰਡ ਕੈਂਬੋਵਾਲ, 10 ਮਾਰਚ 1662 ਈਸਵੀ ਨੂੰ ਮਾਈ ਦਾਸ ਤੇ ਮਾਤਾ ਮਧੁਰੀ ਬਾਈ ਜੀ, ਜੋ ਇਕ ਸਪੰਨ ਤੇ ਧਾਰਮਿਕ ਪਰਿਵਾਰ ਸੀ, ਵਿਚ ਹੋਇਆ। ਮਾਂ-ਪਿਓ ਨੇ ਇਨ੍ਹਾ ਦਾ ਨਾਮ ਮਨੀਆ ਰਖ ਦਿਤਾ। ਭਾਈ ਮਨੀ ਸਿੰਘ ਜੀ ਦੇ ਵਡਿਕੇ ਮੁਗਲਾਂ ਦੀ ਨੌਕਰੀ ਕਰਦੇ ਸੀ। ਗੁਰੂ ਹਰਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਤੋਂ ਬਾਅਦ ਸਿਖ ਹੋਏ ਤੇ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸੇਵਾ ਵਿਚ ਰਹਿਣ ਲਗੇ। ਇਹਨਾ ਦੇ ਦਾਦਾ ਗੁਰੂ ਹਰਗੋਬਿੰਦ ਸਾਹਿਬ ਦੀ ਫੌਜ਼ ਦੇ ਜਰਨੈਲ ਰਹਿ ਚੁਕੇ ਸਨ, ਜੋ ਬਹੁਤ ਸੂਰਬੀਰ ਯੋਧਾ ਸੀ। ਭਾਈ ਮਨੀ ਸਿੰਘ, ਕੁਲ ਮਿਲਾ ਕੇ 12 ਭਰਾ ਸੀ, ਜਿਨ੍ਹਾ ਵਿਚੋਂ ਇਕ ਦੀ ਬਚਪਨ ਵਿਚ ਹੀ ਮੌਤ ਹੋ ਗਈ, ਗਿਆਰਾਂ ਭਰਾ ਪੰਥ ਲਈ ਸ਼ਹੀਦ ਹੋਏ ਜਿਨ੍ਹਾ ਵਿਚੋ ਇਕ ਭਾਈ ਦਿਆਲਾ ਚਾਂਦਨੀ ਚੋਕ ਵਿਖੇ ਗੁਰੂ ਤੇਗ ਬਹਾਦਰ ਸਾਹਿਬ ਨਾਲ ਸ਼ਹੀਦ ਹੋਇਆ। ਇਹ ਪਰਿਵਾਰ ਸ਼ਹੀਦਾ ਦਾ ਪਰਿਵਾਰ ਕਿਹਾ ਜਾਂਦਾ ਹੈ ਕਿਓਂਕਿ ਇਕਲੇ ਭਾਈ ਮਨੀ ਸਿੰਘ ਦੇ ਪਰਿਵਾਰ ਵਿਚ ਭਾਈ ਮਨੀ ਸਿੰਘ ਜੀ ਦਾ ਦਾਦਾ ਸ਼ਹੀਦ, ਉਨ੍ਹਾ ਸਮੇਤ ਇਹ 11 ਭਰਾ ਸ਼ਹੀਦ, 10 ਪੁਤਰਾਂ ਵਿਚੋਂ 7 ਪੁਤਰ ਤੇ ਅਗੋਂ ਭਰਾਵਾਂ ਦੇ ਪੁਤਰ ਕੁਲ ਮਿਲਾ 29 ਸ਼ਹੀਦ ਹੋਏ ਹਨ। ਉਸਤੋਂ ਬਾਅਦ ਇਸ ਪਰਿਵਾਰ ਦੀ ਕੁਲ ਵਿਚੋਂ ਹੋਰ ਕਿਤਨੇ ਸ਼ਹੀਦ ਹੋਏ ਹੋਣਗੇ ਇਤਿਹਾਸ ਵਿਚ ਇਸਦਾ ਕੋਈ ਵੇਰਵਾ ਨਹੀਂ ਹੈ ਜੋ ਖੋਜਣ ਦੀ ਲੋੜ ਹੈ।

ਉਹ ਮਸਾ 13 ਕੁ ਵਰਿਆਂ ਦੇ ਸਨ ਜਦ ਇਹ ਪਰਿਵਾਰ ਗੁਰੂ ਹਰ ਰਾਇ ਸਾਹਿਬ ਦੇ ਦਰਸ਼ਨ ਕਰਨ ਕੀਰਤ ਪੁਰ ਆਏ ਤੇ ਮਨੀ ਸਿੰਘ ਨੂੰ ਇਥੇ ਹੀ ਗੁਰੂ ਸਾਹਿਬ ਕੋਲ ਛਡ ਕੇ ਚਲੇ ਗਏ। ਉਦੋਂ ਰਿਵਾਜ਼ ਸੀ ਕੀ ਹਰ ਪਰਿਵਾਰ ਘਟ ਤੋਂ ਘਟ ਇਕ ਬਚਾ ਗੁਰੂ ਸਾਹਿਬ ਦੇ ਚਰਨਾ ਵਿਚ ਭੇਟ ਕਰਦਾ ਸੀ। ਦੋ ਸਾਲ ਮਨੀ ਸਿੰਘ ਜੀ ਨੇ ਗੁਰੂ ਸਾਹਿਬ ਦੇ ਚਰਨਾ ਵਿਚ ਰਹਿ ਕੇ ਲੰਗਰ ਘਰ ਦੀ ਦਿਲੋ-ਜਾਨ ਨਾਲ ਸੇਵਾ ਕੀਤੀ। ਗੁਰੂ ਹਰ ਰਾਇ ਸਾਹਿਬ ਦੀ ਦੇਖ ਰੇਖ ਵਿਚ ਉਨ੍ਹਾ ਨੇ ਗੁਰਬਾਣੀ ਵੀ ਸਿਖੀ। ਪੰਦਰਾ ਸਾਲ ਦੀ ਉਮਰ ਵਿਚ ਇਨ੍ਹਾਂ ਦੀ ਸ਼ਾਦੀ ਲਖੀ ਰਾਇ ਦੀ ਪੁਤਰੀ ਬੀਬੀ ਸੀਤੋ ਨਾਲ ਹੋਈ। ਕੁਝ ਦੇਰ ਵਿਆਹੁਤਾ ਜੀਵਨ ਗੁਜਾਰਨ ਤੋਂ ਬਾਅਦ ਇਹ ਗੁਰੂ ਹਰਕ੍ਰਿਸ਼ਨ ਸਾਹਿਬ ਦੀ ਸੇਵਾ ਵਿਚ ਦਿਲੀ ਆ ਗਏ। ਜਦੋਂ 30 ਮਾਰਚ 1664 ਵਿਚ ਗੁਰੂ ਹਰ ਕ੍ਰਿਸ਼ਨ ਸਾਹਿਬ ਜੋਤੀ ਜੋਤ ਸਮਾਏ ਤਾਂ ਇਹ ਮਾਤਾ ਸੁਲਖਣੀ ਜੀ ਨੂੰ ਨਾਲ ਲੇਕੇ ਗੁਰੂ ਤੇਗ ਬਹਾਦਰ ਜੀ ਦੇ ਕੋਲ ਬਕਾਲੇ ਪਹੁੰਚ ਗਏ।

ਇਨ੍ਹਾਂ ਨੇ ਛੋਟੀ ਉਮਰ ਤੋ ਹੀ ਬਾਲ ਗੁਰੂ ਗੋਬਿੰਦ ਰਾਇ ਦੀ ਸੰਗ-ਸੰਗਤ ਮਾਣੀ ਸੀ। ਇਸ ਦੌਰਾਨ ਗੁਰੂ ਗੋਬਿੰਦ ਸਿੰਘ ਜੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥ ਵੀ ਸਿਖਦੇ ਰਹੇ। ਗੁਰੂ ਸਹਿਬ ਦੀ ਆਗਿਆ ਲੈਕੇ ਕੁਝ ਸਮੇ ਲਈ ਘਰ ਗਏ ਪਰ 1672 ਵਿਚ ਮੁੜ ਆਪਣੇ ਦੋ ਭਰਾਵਾਂ ਨਾਲ ਅਨੰਦਪੁਰ ਸਾਹਿਬ ਵਾਪਸ ਆ ਗਏ। ਇਹ ਇਕ ਮਹਾਨ ਸਹਿਤਕਾਰ, ਫਿਲੌਸ ?ਫ਼ਰ ਅਤੇ ਦਮਦਮੀ ਬੀੜ, ਗੁਰੂ ਗਰੰਥ ਸਾਹਿਬ ਦੇ ਪਹਿਲੇ ਲਿਖਾਰੀ ਵੀ ਸਨ, ਜਿਨ੍ਹਾ ਨੇ ਗੁਰੂ ਗੋਬਿੰਦ ਸਿੰਘ ਜੀ ਅਗਵਾਈ ਹੇਠ ਗੁਰੂ ਗਰੰਥ ਸਾਹਿਬ ਲਿਖਿਆ ਤੇ ਬਾਬਾ ਦੀਪ ਸਿੰਘ ਜੀ ਦੀ ਮਦਤ ਨਾਲ ਇਨ੍ਹਾ ਦੀਆਂ ਕਈ ਕਾਪੀਆਂ ਹਥ ਨਾਲ ਲਿਖ ਲਿਖ ਕੇ ਸਿਖੀ ਪ੍ਰਚਾਰ ਅਤੇ ਪ੍ਰਸਾਰ ਲਈ ਦੂਰ ਦੁਰਾਡੇ ਬੈਠੇ ਸਿਖਾਂ ਵਿਚ ਵੰਡੀਆਂ।

ਆਪ ਗੁਰੂ ਸਾਹਿਬ ਦੇ 52 ਕਵੀਆਂ ਵਿਚੋਂ ਅਹਿਮ ਸਥਾਨ ਰਖਦੇ ਸੀ। ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲਿਖਾਰੀ, ਕਥਾ ਵਾਚਕ, ਗਿਆਨ ਰਤਨਾਵਲੀ ਤੇ ਭਗਤ ਮਾਲਾ ਜਿਹੇ ਗ੍ਰੰਥਾਂ ਦੇ ਰਚਨਾਕਾਰ ਦੇ ਕਰਤਾ ਰਹੇ।

ਭਾਈ ਮਨੀ ਸਿੰਘ ਸਿਰਫ ਕਲਮ ਦੇ ਧਨੀ ਨਹੀਂ ਸੀ ਬਲਿਕ ਤਲਵਾਰ ਦੇ ਵੀ ਧਨੀ ਸੀ। ਪਾਉਂਟਾ ਸਾਹਿਬ ਵਿਖੇ ਭੰਗਾਣੀ ਦੇ ਅਸਥਾਨ ਤੇ ਜੰਗ ਹੋਇਆ ਤਾਂ ਭਾਈ ਮਨੀ ਸਿੰਘ ਜੀ ਨੇ ਬਾਕੀ ਗੁਰਸਿੱਖਾਂ ਨਾਲ ਰਲ ਕੇ ਸੂਰਮਗਤੀ ਦੇ ਉਹ ਜੌਹਰ ਵਿਖਾਏ ਕਿ ਦੇਖਣ ਤੇ ਪੇਖਣ ਵਾਲੇ ਦੰਗ ਰਹਿ ਗਏ। ਇਸ ਜੰਗ ਵਿਚ ਆਪ ਜੀ ਦੇ ਭਰਾ ਹਰੀ ਚੰਦ ਜੀ ਸ਼ਹੀਦੀ ਪਾ ਗਏ ਸਨ। ਇਸੇ ਤਰ੍ਹਾਂ ਸੰਨ 1688 ਨੂੰ ਨਾਦੌਣ ਦੀ ਜੰਗ ਵਿਚ ਆਪ ਦੀ ਸੂਰਮਗਤੀ ਤੇ ਗੁਰੂ ਸਿਦਕ ਨੂੰ ਵੇਖ ਕੇ ਗੁਰੂ ਪਾਤਸ਼ਾਹ ਨੇ ਆਪ ਨੂੰ ਦੀਵਾਨ (ਪ੍ਰਧਾਨ ਮੰਤਰੀ) ਦੀ ਉਪਾਧੀ ਬਖ਼ਸ਼ੀ।

ਦੀਵਾਨ ਹੋਣ ਦੇ ਨਾਤੇ ਉਨ੍ਹਾ ਨੂੰ ਮਾਲੀ, ਸਿਆਸੀ ਤੇ ਪ੍ਰਬੰਧਕੀ ਮਾਮਲਿਆਂ ਵਲ ਵੀ ਧਿਆਨ ਦੇਣਾ ਪੈਂਦਾ। ਇਤਨਾ ਕੁਝ ਕਰਦਿਆਂ ਫਿਰ ਵੀ ਆਪ ਗੁਰੂ ਗਰੰਥ ਸਾਹਿਬ ਦੇ ਅਰਥਾਂ ਦਾ ਗਿਆਨ ਕਰਨ ਲਈ ਸਮਾ ਕਢ ਲੈਂਦੇ ਤੇ ਹਰ ਰੋਜ਼ ਸਿਖ ਸੰਗਤਾਂ ਨੂੰ ਕੀਰਤਨ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਵਿਚੋਂ ਕਥਾ ਸੁਣਾਦੇ। ਹਰਿਮੰਦਰ ਸਾਹਿਬ ਵਿਖੇ ਸੋਢੀ ਹਰਿ ਰਾਇ ਦੇ ਚਲਾਣੇ ਉਪਰੰਤ ਦਰਬਾਰ ਸਾਹਿਬ ਤੇ ਅਕਾਲ ਤਖਤ ਦੀ ਦੇਖ ਭਾਲ ਤੇ ਸੇਵਾ ਦਾ ਕੰਮ ਉਸਦੇ ਪੁਤਰ ਨਿਰੰਜਨ ਰਾਇ ਦੇ ਹਥ ਆ ਗਿਆ। ਇਹ ਇਕ ਕਮਜ਼ੋਰ ਪ੍ਰਬੰਧਕ ਹੋਣ ਕਰਕੇ, ਹਰਿਮੰਦਰ ਸਾਹਿਬ ਦੀ ਦੇਖ ਭਾਲ ਤੇ ਪ੍ਰਬੰਧ ਵਿਚ ਕਈ ਊਣਤਾਈਆਂ ਆ ਗਈਆਂ। ਸਾਧ-ਸੰਗਤ ਦੀ ਬੇਨਤੀ ਅਤੇ ਭਾਈ ਮਨੀ ਸਿੰਘ ਦੀ ਵਿਦਵਤਾ ਤੇ ਗਿਆਨ ਨੂੰ ਦੇਖਦੇ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਹਰਮੰਦਿਰ ਸਹਿਬ ਤੇ ਅਕਾਲ ਬੁੰਗੇ ਦਾ ਸੇਵਾਦਾਰ ਨਿਯੁਕਤ ਕਰਕੇ ਅਮ੍ਰਿਤਸਰ ਭੇਜ ਦਿੱਤਾ। ਇਸ ਤਰਹ ਆਪਜੀ ਦਰਬਾਰ ਸਾਹਿਬ ਦੇ ਤੀਜੇ ਹੇਡ ਗ੍ਰੰਥੀ ਬਣੇ। ਪਹਿਲੇ ਬਾਬਾ ਬੁਢਾ ਜੀ ਤੇ ਦੂਸਰੇ ਭਾਈ ਗੁਰਦਾਸ ਜੀ ਸਨ। ਉਥੇ ਜਾਕੇ ਸੋਢੀਆਂ ਦੇ ਅਡੰਬਰ ਬੰਦ ਕਰਵਾਕੇ, ਗੁਰ ਮਰਯਾਦਾ ਦਾ ਪ੍ਰਵਾਹ ਚਲਾਇਆ। ਬੇਲੋੜੀਆਂ ਮਰਿਆਦਾਵਾਂ ਨੂੰ ਸਮਾਪਤ ਕਰਕੇ ਗੁਰੂ ਅਰਜਨ ਦੇਵ ਜੀ ਵਲੋਂ ਸ੍ਰੀ ਦਰਬਾਰ ਸਾਹਿਬ ਤੇ ਗੁਰੂ ਹਰਗੋਬਿੰਦ ਸਿੰਘ ਜੀ ਵਲੋਂ ਅਕਾਲ ਤਖਤ ਦੀ ਸਥਾਪਤ ਤੇ ਪ੍ਰਮਾਣਿਤ ਗੁਰ-ਮਰਿਆਦਾ ਨੂੰ ਲਾਗੂ ਕੀਤਾ। ਨਿਤਨੇਮ, ਕੀਰਤਨ ਤੇ ਕਥਾ ਦਾ ਪ੍ਰਵਾਹ ਚਾਲੂ ਕੀਤਾ ਜਿਸ ਸਦਕਾ ਦਰਬਾਰ ਸਾਹਿਬ ਵਿਚ ਪੁਰਾਣੀਆਂ ਰੌਣਕਾਂ ਮੁੜ ਪਰਤ ਆਈਆਂ।

1699 ਦੀ ਵਿਸਾਖੀ ਵਾਲੇ ਦਿਨ ਸ਼ ?ਗੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੁਆਰਾ ਖਾਲਸਾ ਪੰਥ ਦੀ ਸਥਾਪਨਾ ਸਮੇਂ ਭਾਈ ਮਨੀ ਸਿੰਘ ਜੀ ਨੇ ਆਪਣੇ ਭਰਾਵਾਂ ਅਤੇ ਪੁੱਤਰਾਂ ਸਹਿਤ ਅਮ੍ਰਿਤ ਪਾਨ ਕੀਤਾ। ਹੁਣ ਆਪਜੀ ਦਾ ਨਾਮ ਭਾਈ ਮਨੀ ਸਿੰਘ ਹੋ ਗਿਆ। ਅੰਮ੍ਰਿਤ ਪ੍ਰਚਾਰ ਦੀ ਲਹਿਰ ਵਿਚ ਹਿਸਾ ਲੈਕੇ ਸਿੱਖੀ ਦਾ ਭਰਪੂਰ ਪ੍ਰਚਾਰ ਕੀਤਾ। ਜਦ ਭਾਈ ਮਨੀ ਸਿੰਘ ਜੀ ਦੇ ਅੰਮ੍ਰਿਤਸਰ ਸਾਹਿਬ ਰਹਿੰਦਿਆਂ ਕਈ ਵਰ੍ਹੇ ਬੀਤ ਗਏ ਤਾਂ ਉਹ ਅਨੰਦਪੁਰ ਸਾਹਿਬ ਗੁਰੂ ਦਰਸ਼ਨਾਂ ਲਈ ਆਏ। 1703 ਵਿਚ ਭਾਈ ਮਨੀ ਸਿੰਘ ਜੀ ਦੀ ਉਤਮ ਸੇਵਾ, ਨਿਮਰਤਾ ਤੇ ਸਰਬ-ਪਖੀ ਗੁਣਾਂ ਤੋ ਪ੍ਰਸੰਨ ਹੋਕੇ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾ ਨੂੰ ਇਕ ਮਹਤਵ ਪੂਰਨ ਹੁਕਮਨਾਮਾ ਬਖਸ਼ਿਆ ਜਿਸਤੋਂ ਧੰਨ ਹੋਕੇ ਇਹ ਮੁੜ ਦਰਬਾਰ ਸਾਹਿਬ ਦੀ ਸੇਵਾ ਵਿਚ ਆਕੇ ਜੁਟ ਗਏ। ਸ੍ਰੀ ਸਤਿਗੁਰੂ ਜੀ ਦੀ ਆਗਿਆ ਹੈ। ਭਾਈ ਬਚਿਤਰ ਸਿੰਘ ਜੀ, ਭਾਈ ਉਦੈ ਸਿੰਘ ਜੀ, ਭਾਈ ਅਨਿਕ ਸਿੰਘ ਜੀ, ਭਾਈ ਅਜਬ ਸਿੰਘ ਜੀ, ਭਾਈ ਅਜਾਇਬ ਸਿੰਘ ਜੀ, ਨਾਇਕ ਮਾਈ ਦਾਨੁ ਵੋਇ ਮਨੀ ਸਿੰਘ ਨੂੰ ਵਾਹਿਗੁਰੂ ਸ਼ਰਨ ਰੱਖੇਗਾ। ਤੁਸੀਂ ਮੇਰੇ ਪੁੱਤਰ ਫਰਜੰਦਹ ਖਾਨੇਜਾਦੇ ਹੋ। ਤੁਸਾਂ ਉਪਰ ਮੇਰੀ ਖੁਸ਼ੀ ਹੈ। ਸਭ ਵਰਤਾਰੇ ਦੇ ਤੁਸੀਂ ਮਹਿਰਮ ਹੋ। ਹੋਰ ਕੌਡੀ, ਦਮੜੀ, ਪੈਸਾ, ਧੇਲਾ, ਰੁਪਿਆ ਰੱਛਿਆ ਦਾ ਅਸਾ ਨੂੰ ਦੇਵੇਗਾ। ਇਹ ਮੇਰੇ ਫਰਜੰਦ ਹੈਨ। ਸਿੱਖਾਂ ਪੁੱਤਾਂ ਦਾ ਸੇਵਾ ਦਾ ਵੇਲਾ ਹੈ, ਜੋ ਲੋਚ ਕੇ ਸੇਵਾ ਕਰੋਗੇ ਤੁਸਾਡੀ ਸੇਵਾ ਥਾਇੰ ਪਵੇਗੀ। ਤੁਸਾਂ ਉਪਰ ਵਾਹਿਗੁਰੂ ਰੱਛਿਆ ਕਰੇਗਾ। ਸੰਮਤ 1760 ਮਿਤੀ ਕੱਤਕ।

ਆਪ ਅਮ੍ਰਿਤਸਰ ਦੀ ਸੇਵਾ ਨਿਭਾਉਂਦਿਆਂ ਗੁਰੂ ਸਾਹਿਬ ਨਾਲ ਆਪਣਾ ਤਾਲ ਮੇਲ ਹਮੇਸ਼ਾ ਬਣਾਈ ਰਖਦੇ। ਆਪ ਗੁਰੂ ਸਾਹਿਬ ਦਾ ਆਨੰਦਪੁਰ ਛਡਣ ਤੋਂ ਲੈਕੇ ਚਮਕੋਰ ਦੀ ਗੜੀ ਤਕ ਵੇਰੀਆਂ ਨਾਲ ਲੜੇ। ਜੰਗਾਂ ਸਮੇ ਜਿਥੇ ਗੁਰੂ ਸਾਹਿਬ ਦਾ ਪਰਿਵਾਰ ਤੇ ਅਨੇਕਾਂ ਸਿੰਘ ਸਿੰਘਣੀਆਂ ਸਹੀਦ ਹੋਈਆਂ ਉਥੇ ਭਾਈ ਮਨੀ ਸਿੰਘ ਜੀ ਦੇ ਪੰਜ ਪੁਤਰਾਂ ਨੇ ਵੀ ਸ਼ਹਾਦਤ ਦੇ ਜਾਮ ਪੀਤੇ। ਮਾਲਵੇ ਦੀ ਧਰਤੀ ਨੂੰ ਭਾਗ ਲਾਉਂਦਿਆਂ ਜਦ ਗੁਰੂ ਦਸ਼ਮੇਸ਼ ਜੀ ਸਾਬੋਂ ਕੀ ਤਲਵੰਡੀ ਪਹੁੰਚੇ ਤਾਂ ਇਥੇ ਵੀ ਭਾਈ ਮਨੀ ਸਿੰਘ ਜੀ ਕੁਝ ਸਿੰਘਾਂ ਸਮੇਤ ਆਪਜੀ ਦੇ ਦਰਸ਼ਨ ਕਰਨ ਆਏ।

ਜਦ 1704 ਵਿਚ ਗੁਰੂ ਸਾਹਿਬ ਨੇ ਆਨੰਦਪੁਰ ਛਡਿਆ ਤਾਂ ਗੁਰੂ ਸਾਹਿਬ ਦੀ ਆਗਿਆ ਨਾਲ ਦੋਨੋ ਮਾਤਾਵਾਂ, ਮਾਤਾ ਸਾਹਿਬ ਕੌਰ ਤੇ ਮਾਤਾ ਸੁੰਦਰੀ ਦੀ ਅਗਵਾਈ ਤੇ ਜਿਮੇਦਾਰੀ ਭਾਈ ਮਨੀ ਸਿੰਘ ਜੀ ਨੂੰ ਸੌਂਪੀ ਗਈ। ਬਿਖੜੇ ਪੈਂਡਾ ਤਹਿ ਕਰਕੇ ਜਦ ਉਹ ਦਿਲੀ ਵਲ ਨੂੰ ਨਿਕਲ ਗਏ ਤਾਂ ਉਥੇ ਰਹਿ ਕੇ ਉਹ ਦੋਨੋ ਮਾਤਾਵਾਂ ਦੀ ਸੇਵਾ ਵਿਚ ਰਹੇ। 1705-06 ਉਹ ਮਾਤਾ ਸਾਹਿਬ ਕੌਰ ਤੇ ਮਾਤਾ ਸੁੰਦਰੀ ਜੀ ਨਾਲ ਗੁਰੂ ਦਸ਼ਮੇਸ਼ ਪਿਤਾ ਦੀ ਹਜੂਰੀ ਵਿਚ ਦਮਦਮਾ ਸਾਹਿਬ ਪਹੁੰਚੇ। ਆਪਜੀ ਗੁਰੂ ਸਾਹਿਬ ਕੋਲ ਸਾਹਿਬੋਂ ਕੀ ਤਲਵੰਡੀ ਵੀ ਪਹੁੰਚੇ, ਜਿਥੇ ਸਤਿਗੁਰੂ ਦੇ ਹੁਕਮ ਤੇ ਸਰਵਪ੍ਰਸਤੀ ਹੇਠ ਗੁਰੂ ਗਰੰਥ ਸਾਹਿਬ ਵਿਚ ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਦਰਜ ਕਰਕੇ ਗਰੰਥ ਸਾਹਿਬ ਨੂੰ ਸੰਪੂਰਨ ਕੀਤਾ ਤੇ ਇਸ ਸੰਪੂਰਨ ਪਵਿਤਰ ਗ੍ਰੰਥ ਨੂੰ ਦੂਰ ਦੂਰ ਦੀਆਂ ਸੰਗਤਾਂ ਨੂੰ ਭੇਜਣ ਲਈ ਕਈ ਉਤਾਰੇ ਕੀਤੇ। ਜਦ ਗੁਰੂ ਗੋਬਿੰਦ ਸਿੰਘ ਜੀ, ਔਰੰਗਜ਼ੇਬ ਨੂੰ ਮਿਲਣ ਦਖਣ ਵਲ ਰਵਾਨਾ ਹੋਏ ਤਾ ਬ ?ਘੌਰ ਤਕ ਇਹ ਗੁਰੂ ਸਾਹਿਬ ਦੇ ਨਾਲ ਸਨ। ਇਥੋਂ ਗੁਰੂ ਸਾਹਿਬ ਆਪ ਤਾਂ ਦਖਣ ਵਲ ਰਵਾਨਾ ਹੋ ਗਏ ਤੇ ਭਾਈ ਮਨੀ ਸਿੰਘ ਜੀ ਨੂੰ ਵਾਪਸ ਅੰਮ੍ਰਿਤਸਰ ਭੇਜ ਦਿਤਾ।

ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਣ ਉਪਰੰਤ ਸਿਖ ਸੰਗਠਨ ਨੂੰ ਕਾਇਮ ਤੇ ਮਜਬੂਤ ਰਖਣਾ ਇਕ ਮਹਤਵ ਪੂਰਨ ਮੁਦਾ ਸੀ ਜਿਸਨੂੰ ਭਾਈ ਮਨੀ ਸਿੰਘ ਜੀ ਨੇ ਚਣੌਤੀ ਸਮਝਕੇ ਆਪਣੀ ਸੂਝ ਬੂਝ ਦੇ ਨਾਲ ਇਸ ਨੂੰ ਚੜਦੀਆਂ ਕਲਾਂ ਵਿਚ ਰੱਖਣ ਲਈ ਪੂਰਾ ਪੂਰਾ ਸਾਥ ਦਿਤਾ। ਉਹਨਾਂ ਨੇ ਅਮ੍ਰਿਤਸਰ ਪੁਜ ਕੇ ਗੁਰੂ ਘਰ ਬਾਰੇ ਸਾਖੀਆਂ ਅਤੇ ਗੁਰੂ-ਸ਼ਬਦ ਦੀ ਕਥਾ ਸੁਣਾ ਸੁਣਾ ਕੇ ਸੰਗਤਾਂ ਦਾ ਮਨੋਬਲ ਕਾਇਮ ਰਖਿਆ 1 ਉਹਨਾਂ ਨੂੰ ਹਰ ਕਿਸਮ ਦੇ ਹਾਲਾਤਾਂ ਦਾ ਸਾਮਣਾ ਕਰਨ ਲਈ ਤਿਆਰ -ਬਰ -ਤਿਆਰ ਕੀਤਾ ਤੇ ਗੁਰੂ ਘਰ ਦੀ ਮਹਿਮਾ ਅਤੇ ਸਤਕਾਰ ਨੂੰ ਆਂਚ ਨਹੀਂ ਆਣ ਦਿਤੀ 1 ਖਾਲਸਾ ਪੰਥ ਵਿਚ ਪੰਥਕ ਜਜਬਾ ਸੰਚਾਰ ਕਰਨ ਖਾਤਿਰ ਦੁਸਹਿਰੇ ਤੇ ਦਿਵਾਲੀ ਦੇ ਮੌਕਿਆਂ ਤੇ ਸੰਗਤਾਂ ਨੂੰ ਅੰਮ੍ਰਿਤਸਰ ਇੱਕਠੇ ਹੋਣ ਲਈ ਪ੍ਰੇਰਿਆ ਜਿਸ ਨਾਲ ਸੰਗਤਾਂ ਇੱਕਤਰ ਹੋਕੇ ਸਤਿਗੁਰਾਂ ਦੇ ਦਰਬਾਰ ਵਿਚ ਨਤਮਸਤਕ ਹੁੰਦੀਆਂ, ਉਥੇ ਭਰਪੂਰ ਵਿਚਾਰਾਂ ਵੀ ਹੁੰਦੀਆਂ।

ਸੋਢੀ ਨਿਰੰਜਨ ਰਾਇ ਤਾਂ ਅਮ੍ਰਿਤਸਰ ਛਡ ਗਿਆ ਪਰੰਤੂ ਉਸਦਾ ਮੁਖਤਿਆਰ ਚੂਹੜ ਮਲ ਉਹਰੀ ਤੇ ਉਸਦੇ ਦੋ ਪੁਤਰ ਮੁਹਕਮ ਸਿੰਘ ਅਤੇ ਰਾਮੂ ਮਲ ਅਮ੍ਰਿਤਸਰ ਵਿਚ ਰਹਿੰਦੇ ਸੀ। ਮੁਹਕਮ ਸਿੰਘ ਤਾਂ ਗੁਰੂ ਘਰ ਦਾ ਪਕਾ ਸ਼ਰਧਾਲੂ ਸੀ , ਪਰੰਤੂ ਚੂਹੜ ਮਲ ਉਹਰੀ ਅਤੇ ਉਸਦਾ ਦੂਸਰਾ ਪੁਤਰ ਰਾਮੂ ਮੱਲ ਗੁਰੂ ਘਰ ਦੀਆਂ ਰੌਣਕਾਂ ਦੇਖ ਕੇ ਬੜੀ ਖਾਰ ਖਾਂਦੇ ਸੀ। ਇਨ੍ਹਾ ਨੇ ਭਾਈ ਮਨੀ ਸਿੰਘ ਦੇ ਖਿਲਾਫ਼ ਸੂਬਾ ਲਾਹੌਰ ਦੇ ਕੰਨ ਭਰਨੇ ਸ਼ੁਰੂ ਕਰ ਦਿਤੇ। ਲਾਹੌਰ ਦੇ ਸੂਬੇ ਤੇ ਤਾਂ ਕੋਈ ਅਸਰ ਨਹੀਂ ਹੋਇਆ ਪਰ ਪਟੀ ਦੇ ਹਾਕਮ ਨੇ ਦੇਵਾ ਜੱਟ ਦੀ ਅਗਵਾਈ ਹੇਠ ਅਮ੍ਰਿਤਸਰ ਤੇ ਹਮਲਾ ਕਰਵਾ ਦਿਤਾ। ਯੁਧ ਹੋਇਆ, ਦੇਵਾ ਜਟ ਜਾਨ ਬਚਾ ਕੇ ਦੋੜਨ ਵਿਚ ਸਫਲ ਹੋ ਗਏ। ਖਾਲਸੇ ਦੀ ਇਸ ਜਿਤ ਨਾਲ ਭਾਈ ਮਨੀ ਸਿੰਘ ਦਾ ਮਾਨ-ਸਤਕਾਰ ਹੋਰ ਵਧ ਗਿਆ।

ਬਾਬਾ ਬੰਦਾ ਸਿੰਘ ਬਹਾਦਰ ਦਸਮ ਪਾਤਸ਼ਾਹ ਦੇ ਆਸ਼ੀਰਵਾਦ ਸਦਕਾ ਜਦ ਦੁਸਮਨਾਂ ਨੂੰ ਸੋਧਨਾ ਸ਼ੁਰੂ ਕੀਤਾ ਤਾਂ ਸਿਖਾਂ ਦੇ ਹੋਸਲੇ ਹੋਰ ਵੀ ਬੁਲੰਦ ਹੋ ਗਏ। ਉਹਨਾ ਨੇ ਦਰਿਆ ਜਮਨਾ ਦੇ ਕੰਢੇ ਤੋਂ ਲੈਕੇ ਦਰਿਆ ਰਾਵੀ ਦੇ ਕੰਢੇ ਤਕ ਦੇ ਇਲਾਕੇ ਵਿਚੋਂ ਮੁਗਲ ਫੌਜਾਂ ਨੂੰ ਹਰਾਇਆ , ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਦੇ ਕਾਤਲ ਸੂਬਾ ਸਰਹੰਦ ਤੋ ਬਦਲਾ ਲੈਕੇ 1710 ਵਿਚ ਸਰਹੰਦ ਦੇ ਕਿਲੇ ਤੇ ਖਾਲਸਾਈ ਪੰਚਮ ਲਹਿਰਾ ਕੇ ਖਾਲਸਾ ਰਾਜ ਦੀ ਨੀਂਹ ਰਖੀ ਤੇ ਇਕ ਨਵਾਂ ਇਤਿਹਾਸ ਸਿਰਜ਼ ਦਿੱਤਾ।

ਬਦਕਿਸਮਤੀ ਨਾਲ ਕੁਝ ਕਾਰਣਾ ਕਰਕੇ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਪਿਛੋਂ ਖਾਲਸਾ ਜਥੇਬੰਦੀ ਟੁਟ ਗਈ। ਖਾਲਸਾ ਦਲ ਦੋ ਹਿਸਿਆਂ ਵਿਚ ਵੰਡਿਆ ਗਿਆ, ਆਪਸੀ ਮਤ ਭੇਦ ਹੋ ਗਿਆ ਤਾਂ ਮਾਤਾ ਸੁੰਦਰੀ ਜੀ ਨੇ ਇਨ੍ਹਾ ਦਾ ਝਗੜਾ ਨਿਬੇੜਨ ਲਈ ਭਾਈ ਮਨੀ ਸਿੰਘ ਜੀ ਨੂੰ ਫਿਰ ਅੰਮ੍ਰਿਤਸਰ ਭੇਜ ਦਿੱਤਾ 1 ਬੰਦਈ ਖਾਲਸਾ ਚਾਹੰਦਾ ਸੀ ਕੀ ਗਿਆਰਵੇਂ ਗੁਰੂ ਬੰਦਾ ਸਿੰਘ ਬਹਾਦਰ ਨੂੰ ਮੰਨਿਆ ਜਾਵੇ ਜਦ ਕੀ ਤਤ ਖਾਲਸਾ ਗੁਰੂ ਗੋਬਿੰਦ ਸਿੰਘ ਦੇ ਹੁਕਮ ਅਨੁਸਾਰ ਗੁਰੂ ਗਰੰਥ ਸਾਹਿਬ ਨੂੰ ਗੁਰੂ ਮੰਨਦੇ ਸੀ। ਦੋਨੋ ਧਿਰਾਂ ਆਪਣੀ ਆਪਣੀ ਜਗਹ ਡਟੀਆਂ ਰਹੀਆਂ ਤੇ ਆਪਸੀ ਖਿਚੋਤਾਣ ਵਧ ਗਈ। ਉਸੇ ਸਾਲ ਵੈਸਾਖੀ ਦੇ ਮੌਕੇ ਤੇ ਬੰਦਈ ਤੇ ਤਤ ਖਾਲਸੇ ਵਿਚ ਖੁਲਮ-ਖੁਲਾ ਲੜਾਈ ਹੋਣ ਦੀ ਤਿਆਰੀ ਹੋਣ ਲਗੀ। ਇਸ ਮਸਲੇ ਨੂੰ ਵੀ ਭਾਈ ਮਨੀ ਸਿੰਘ ਜੀ ਨੇ ਅਮਨ-ਅਮਾਨ ਨਾਲ ਸੁਲਝਾਇਆ। ਦੋ ਪਰਚੀਆਂ ਇਕ "ਫਤਹਿ ਦਰਸ਼ਨ" ਤੇ ਦੂਜੀ, "ਵਹਿਗੁਰੂ ਜੀ ਕਾ ਖਾਲਸਾ ਵਹਿਗੁਰੂ ਜੀ ਕੀ ਫ਼ਤਿਹ" ਲਿਖ ਕੇ ਹਰ ਕੀ ਪੋੜੀ ਅਮ੍ਰਿਤ ਸਰੋਵਰ ਵਿਚ ਪਾਈਆਂ ਤੇ ਫੈਸਲਾ ਕੀਤਾ ਕੀ ਜੋ ਪਰਚੀ ਪਹਿਲੇ ਉਪਰ ਆਏਗੀ , ਉਹੀ ਅਕਾਲ ਪੁਰਖ ਦਾ ਹੁਕਮ ਹੋਵੇਗਾ। ਵਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਵਾਲੀ ਪਰਚੀ ਉਪਰ ਆ ਗਈ। ਸਭ ਨੇ ਜੈਕਾਰੇ ਛਡੇ। ਅਮਨ ਤੇ ਸੁਖ ਸ਼ਾਂਤੀ ਨਾਲ ਫੈਸਲਾ ਹੋ ਗਿਆ। ਉਨ੍ਹਾ ਦੀ ਸੁਚਜੀ ਅਗਵਾਈ ਨਾਲ ਮਾਮਲਾ ਨਜਿਠਿਆ ਗਿਆ ਤੇ ਸਿਖਾਂ ਵਿਚ ਮੁੜ ਏਕਤਾ ਹੋ ਗਈ। ਭਾਈ ਸਾਹਿਬ ਨੇ ਆਪਣੇ ਗ੍ਰੰਥੀ ਹੋਣ ਦੇ ਦੋਰਾਨ ਕਈ ਪੁਸਤਕਾ ਰਚੀਆਂ। ਗਿਆਂਨ ਰਤਨਾਵਲੀ ਇਹਨਾ ਦੀ ਸਭ ਤੋਂ ਪ੍ਰਸਿਧ ਪੁਸਤਕ ਹੈ। ਸੰਨ 1734 ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਤੇ ਉਨ੍ਹਾਂ ਦੇ ਦਰਬਾਰੀ ਕਵੀਆਂ ਦੀਆਂ ਰਚਨਾਵਾਂ ਇਕਠੀਆਂ ਕਰਕੇ ਦਸਮ ਗਰੰਥ ਦੀ ਬੀੜ ਤਿਆਰ ਕੀਤੀ। ਭਾਈ ਮਨੀ ਸਿੰਘ ਨੇ ਗੁਰੂ ਗਰੰਥ ਸਾਹਿਬ ਦੀ ਇਕ ਨਵੀਂ ਬੀੜ ਤਿਆਰ ਕੀਤੀ ਜਿਸ ਵਿਚ ਹਰੇਕ ਗੁਰੂ ਸਹਿਬਾਨਾਂ ਦੀ ਬਾਣੀ ਰਾਗਾਂ ਵਿਚੋਂ ਚੁਣ ਕੇ ਇਕ ਥਾਂ ਕੀਤੀ। ਅਤੇ ਭਗਤਾਂ ਦੀ ਬਾਣੀ ਵੀ ਹਰ ਇਕ ਭਗਤ ਦੀ ਇਕ ਥਾਂ ਲਿਖੀ ਪਰ ਪੰਥ ਨੇ ਇਹ ਬੀੜ ਪ੍ਰਵਾਨ ਨਹੀਂ ਕੀਤੀ।

ਸ੍ਰੀ ਅਮ੍ਰਿਤਸਰ ਵਿਚ ਦੀਵਾਲੀ ਦਾ ਜੋੜ ਮੇਲਾ ਤੇ ਸਰੋਵਰ ਵਿਚ ਇਸ਼ਨਾਨ ਕਰਨਾ, ਮੁਗਲ ਸਰਕਾਰ ਨੇ ਕਈ ਵਰਿਆਂ ਤੋਂ ਬੰਦ ਕੀਤਾ ਹੋਇਆ ਸੀ। ਭਾਈ ਮਨੀ ਸਿੰਘ ਜੋ ਇਸ ਵਕਤ ਤਕ 90 ਸਾਲਾਂ ਦੇ ਹੋ ਚੁਕੇ ਸੀ, ਨੇ ਆਪਣੇ ਹੋਰ ਮੁਖੀ ਸਿੰਘਾ ਨਾਲ ਸਲਾਹ ਕੀਤੀ ਕਿ ਆਉਂਦੀ ਦਿਵਾਲੀ ਸਮੇ ਗੁਰੂ ਹਰਗੋਬਿੰਦ ਸਾਹਿਬ ਦਾ ਬੰਦੀ-ਛੋੜ ਦਿਵਸ ਦੀ ਦੀਪਮਾਲਾ ਦਾ ਮੇਲਾ ਅਮ੍ਰਿਤਸਰ ਕੀਤਾ ਜਾਵੇ। ਆਪਸੀ ਮੇਲ-ਜੋਲ ਨਾਲ ਪੰਥਕ ਹਿਤਾਂ ਤੇ ਚੜਦੀ ਕਲਾ ਦੇ ਮਾਮਲੇ ਤੇ ਵਿਚਾਰ ਵੀ ਕੀਤਾ ਜਾ ਸਕਦਾ ਹੈ ਤੇ ਸੰਗਤ ਹਰਿਮੰਦਰ ਸਾਹਿਬ ਦੇ ਸਰੋਵਰ ਵਿਚ ਇਸ਼ਨਾਨ ਵੀ ਕਰ ਲਵੇਗੀ। ਸਿੰਘਾਂ ਨੇ ਮਿਲ ਕੇ ਲਾਹੌਰ ਦੇ ਸੂਬੇ ਜਕਰੀਆਂ ਖਾਨ ਨਾਲ ਗਲ ਬਾਤ ਕੀਤੀ ਤੋ ਇਜਾਜ਼ਤ ਵੀ ਲੈ ਲਈ ਇਸ ਸ਼ਰਤ ਤੇ ਕਿ ਸਿਖ ਕੋਈ ਗੜਬੜ ਨਹੀਂ ਕਰਨਗੇ। ਜ਼ਕਰਿਆਂ ਖਾਨ ਨੇ ਹਾਂ ਤਾਂ ਕਰ ਦਿਤੀ ਪਰ ਇਸਦੇ ਇਵਜ਼ ਵਲੋਂ 5,000 ਰੁਪੈ ਟੈਕਸ ਲਾ ਦਿਤਾ ਗਿਆ। ਭਾਈ ਮਨੀ ਸਿੰਘ ਨੇ ਦੂਰ ਦੂਰ ਤਕ ਸੰਗਤਾਂ ਨੂੰ ਲਿਖਤੀ ਸਨੇਹੇ ਭੇਜ ਦਿਤੇ। ਬਾਅਦ ਵਿਚ ਜਕਰੀਆਂ ਖਾਨ ਦੀ ਨੀਅਤ ਖਰਾਬ ਹੋ ਗਈ ਤੇ ਉਸਨੇ ਸੋਚਿਆਂ ਕੀ ਇਸਤੋਂ ਵਧੀਆ ਕਿਹੜਾ ਮੌਕਾ ਹੋਵੇਗਾ ਸਿਖਾਂ ਦਾ ਖੁਰਾ ਖੋਜ ਮਿਟਾਣ ਦਾ, ਇਸ ਇੱਕਠ ਨੂੰ ਇਕੋ ਵਾਰੀ ਵਿਚ ਖਤਮ ਕੀਤਾ ਜਾਵੇ। ਅੰਦਰੋਂ ਅੰਦਰੋਂ ਉਸਨੇ ਪੂਰੀ ਤਿਆਰੀ ਕਰ ਲਈ। ਪਰ ਕਿਸੇ ਤਰੀਕੇ ਨਾਲ ਭਾਈ ਮਨੀ ਸਿੰਘ ਜੀ ਨੂੰ ਇਸਦੀ ਸੂਚਨਾ ਮਿਲ ਗਈ। ਉਹਨਾਂ ਨੇ ਦੁਬਾਰਾ ਚਿਠੀਆਂ ਲਿਖਕੇ ਇਹ ਪ੍ਰੋਗਰਾਮ ਰਦ ਕਰਣ ਦਾ ਸਨੇਹਾ ਸੰਗਤਾਂ ਨੂੰ ਦੇ ਦਿੱਤਾ ਤੇ ਸਭ ਨੂੰ ਆਣ ਲਈ ਮਨਾ ਕਰ ਦਿੱਤਾ ਪਰ ਕਈ ਜਿਨ੍ਹਾਂ ਨੂੰ ਵਕਤ ਤੇ ਚਿਠੀ ਨਹੀਂ ਮਿਲੀ ਉਹ ਆ ਗਏ। ਜਕਰੀਆ ਖਾਨ ਨੇ ਲਖਪਤ ਰਾਇ ਨੂੰ ਫੌਜ ਦੇਕੇ ਅਮ੍ਰਿਤਸਰ ਭੇਜ ਦਿੱਤਾ। ਕਈ ਸਿਖ ਇਸ਼ਨਾਨ ਕਰਦੇ ਪ੍ਰਕਰਮਾਂ ਵਿਚ ਹੀ ਸ਼ਹੀਦ ਕਰ ਦਿਤੇ ਗਏ। ਪਰ ਫਿਰ ਵੀ ਸਿਖਾਂ ਦਾ ਬਹੁਤਾ ਨੁਕਸਾਨ ਨਹੀਂ ਹੋਇਆ। ਭਾਈ ਮਨੀ ਸਿੰਘ ਨੇ ਰੋਸ ਪ੍ਰਗਟ ਕੀਤਾ ਤੇ ਕਤਲੇਆਮ ਦੀ ਨਿਖੇਦੀ ਕੀਤੀ ਪਰ ਜਕਰੀਆਂ ਖਾਨ ਨੇ ਉਹਨਾ ਦੀ ਇਹ ਗਲ ਨਜਰ-ਅੰਦਾਜ਼ ਕਰਕੇ 5,000 ਰੁਪੇ ਦੀ ਮੰਗ ਕੀਤੀ ਜਿਸ ਨੂੰ ਭਾਈ ਸਾਹਿਬ ਨੇ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਬਹਾਨੇ ਭਾਈ ਮਨੀ ਤੇ ਕੁਝ ਹੋਰ ਸਿੰਘਾਂ ਨੂੰ ਗ੍ਰਿਫਤਾਰ ਕਰਕੇ ਲਾਹੌਰ ਨਖਾਸ ਚੌਕ ਲਿਆਂਦਾ ਗਿਆ। ਕਾਜ਼ੀ ਨੇ ਮੁਸਲਮਾਨ ਬਣਨ ਲਈ ਕਿਹਾ। ਨਾਹ ਕਰਨ ਤੇ ਬੰਦ ਬੰਦ ਕਟ ਕੇ ਸ਼ਹੀਦ ਕਰਨ ਦਾ ਹੁਕਮ ਦਿਤਾ ਗਿਆ। ਜਲਾਦ ਭਾਵੇਂ ਜਲਾਦ ਹੀ ਸੀ ਉਸ ਵਿਚ ਫਿਰ ਵੀ ਥੋੜਾ ਇਨਸਾਨੀਅਤ ਦਾ ਅੰਸ਼ ਬਚਿਆ ਹੋਵੇਗਾ। ਉਸਨੇ ਉਨ੍ਹਾ ਦੇ ਬੰਦ ਬੰਦ ਕਟਣ ਦੀ ਬਜਾਏ ਜਦ ਸਿਧਾ ਬਾਂਹ ਕਟਣ ਲਗਿਆ ਤਾਂ ਭਾਈ ਮਨੀ ਸਿੰਘ ਜੀ ਨੇ ਕਿਹਾ , "ਮਿਤਰਾ ਬੰਦ ਬੰਦ ਕਟ , ਤੇਨੂੰ ਹੁਕਮ ਮੰਨਣਾ ਚਾਹੀਦਾ ਹੈ" ਧੰਨ ਹੈ ਸਿੱਖੀ, ਭਾਈ ਮਨੀ ਸਿੰਘ ਤੇ ਬਾਕੀ ਦੇ ਸਿਖ ਉਸ ਵਾਹਿਗੁਰੂ ਦਾ ਜਾਪੁ ਕਰਦੇ ਕਰਦੇ ਅਕਾਲ ਪੁਰਖ ਦੀ ਗੋਦ ਵਿਚ ਜਾ ਸਮਾਏ। ਭਾਈ ਮਨੀ ਸਿੰਘ ਦੇ ਆਖਰੀ ਸਾਹਾਂ ਵਿਚ ਵੀ ਜਬਾਨ ਤੇ ਇਹ ਲਫਜ਼ ਸਨ ,ਸਿਰ ਜਾਵੇ ਤਾਂ ਜਾਵੇ ਮੇਰਾ ਸਿਖੀ ਸਿਦਕ ਨਾ ਜਾਵੇ "। ਭਾਈ ਸੁਬੇਗ ਤੇ ਕੁਝ ਹੋਰ ਸਿਖਾਂ ਨੇ ਮਸਤੀ ਦਰਵਾਜ਼ੇ ਤੋਂ ਬਾਹਰ ਕਿਲੇ ਦੇ ਪਾਸ ਉਨ੍ਹਾ ਦਾ ਸਸਕਾਰ ਕੀਤਾ ਜਿਥੇ ਗੁਰੂਦਵਾਰਾ ਸ਼ਹੀਦ ਗੰਜ ਬਣਿਆ ਹੈ। ਇਸ ਸਹੀਦੀ ਨਾਲ ਸਿਖ ਕੌਮ ਵਿਚ ਅਜਿਹਾ ਜੋਸ਼ ਪੈਦਾ ਹੋਇਆ ਕੀ ਸਿਖਾਂ ਨੇ ਇਸ ਜ਼ੁਲਮੀ ਰਾਜ ਦਾ ਅੰਤ ਕਰਨ ਲਈ ਮਿਸਲਾਂ ਬਣਾ ਲਈਆਂ ਜਿਨ੍ਹਾ ਨੇ ਮਿਲਕੇ ਹਕੂਮਤ ਨੂੰ ਮੁੜਕੇ ਚੈਨ ਨਾਲ ਬੈਠਣ ਨਹੀਂ ਦਿਤਾ। ਚਾਹੇ ਸਿਖਾਂ ਨੂੰ ਇਕ ਤੋ ਬਾਅਦ ਇਕ ਨਹੀਂ ਬਲਿਕ ਲਖਾਂ ਸਹੀਦੀਆਂ ਦੇਣੀਆ ਪਈਆਂ।

ਅੱਜ ਵੀ ਜਦ ਅਸੀਂ ਅਰਦਾਸ ਕਰਦੇ ਹਾਂ "ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ-ਬੰਦ ਕਟਾਏ ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ ! ਬੋਲੋ ਜੀ ! ਵਾਹਿਗੁਰੂ"ਜਦੋਂ ਹਰ ਸਿੱਖ ਅਰਦਾਸ ਵਿਚ ਇਹ ਅੱਖਰ ਸੁਣਦਾ ਹੈ ਤਾਂ ਆਪ ਮੁਹਾਰੇ ਹੀ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਦੀ ਤਸਵੀਰ ਉਸਦੇ ਸਾਮਣੇ ਆ ਜਾਂਦੀ ਹੈ। ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਸਿੱਖ ਧਰਮ ਵਿੱਚ ਬੜਾ ਅਹਿਮ ਸਥਾਨ ਰੱਖਦੀ ਹੈ।

# ਦੁਨੀਆ ਦੇ ਮਹਾਨ ਕਬੱਡੀ ਖਿਡਾਰੀ ਹਾਸੂਸ ਸ਼ਾਵੇਜ਼ ਦੀ ਦਿਲ ਦੀ ਧੜਕਣ ਬੰਦ ਹੋਣ ਨਾਲ ਮੌਤ, ਕਬੱਡੀ ਜਗਤ 'ਚ ਹਾਹਾਕਾਰ



ਸੈਕਰਾਮੈਂਟੋ/ਕੈਲੀਫੋਰਨੀਆ : ਸੈਕਰਾਮੈਂਟਾਂ ਕੈਲੀਫੋਰਨੀਆ ਨਿਵਾਸੀ ਦੁਨੀਆ ਦੇ ਮਹਾਨ ਕਬੱਡੀ ਖਿਡਾਰੀ ਹਾਸੂਜ਼ ਸ਼ਾਵੇਜ਼ ਦੀ ਮੇਜਰ ਹਾਰਟ ਅਟੈਕ ਨਾਲ ਮੌਤ ਹੋ ਗਈ। ਦੁਨੀਆ ਦੇ ਕਈ ਕਬੱਡੀ ਕੱਪ ਖੇਡਣ ਵਾਲਾ ਕਬੱਡੀ ਖੇਡ ਦਾ ਸ਼ਿੰਗਾਰ ਸਪੈਨਿਸ ਕਮਿਊਨਿਟੀ ਵਿਚ ਆ ਕੇ ਇਸ ਖੇਡ ਨਾਲ ਪੰਜਾਬੀਆਂ ਦੇ ਦਿਲਾਂ ਉਪਰ ਰਾਜ ਕਰਨ ਵਾਲਾ ਸ਼ਾਵੇਜ਼ ਨਹੀਂ ਰਿਹਾ। ਇਹ ਖ਼ਬਰ ਜੰਗਲ ਦੀ ਅੱਗ ਵਾਂਗ ਫੈਲ ਗਈ ਅਤੇ ਸੰਸਾਰ ਦੀਆਂ ਤਕਰੀਬਨ ਸਾਰੀਆਂ ਕਬੱਡੀ ਫੈਡਰੇਸ਼ਨਾਂ ਨੇ ਅਫਸੋਸ ਜਾਹਿਰ ਕੀਤਾ ਹੈ ਜਿਨ੍ਹਾਂ 'ਚ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਯੂਐਸਏ, ਸੰਦੀਪ ਨੰਗਲ ਅੰਬੀਆ ਕਬੱਡੀ ਕਲੱਬ ਬੇਏਰੀਆ ਕੈਲੀਫੋਰਨੀਆ ਯੂਐਸਏ। ਅਸੀਂ ਅਦਾਰਾ 'ਸਾਡੇ ਲੋਕ' ਦੇ ਸਮੂਹ ਪਰਿਵਾਰ ਵਲੋਂ ਅਰਦਾਸ ਕਰਦੇ ਹਾਂ ਕਿ ਅਕਾਲ ਪੁਰਖ ਉਸਨੂੰ ਆਪਣੇ ਚਰਨਾਂ 'ਚ ਨਿਵਾਸ ਬਖਸ਼ੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।



# ਹਮੇਸ਼ਾ ਦਿਲਾਂ 'ਚ ਵਸੇ ਰਹਿਣਗੇ ਸਾਬਕਾ ਡਿਪਟੀ ਸਪੀਕਰ ਬੀਰ ਦਵਿੰਦਰ ਸਿੰਘ



**ਉਜਾਗਰ ਸਿੰਘ**
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
94178 13072
ujagarsingh48@yahoo.com

ਬੀਰ ਦਵਿੰਦਰ ਸਿੰਘ ਅਜਿਹੇ ਨੇਤਾ ਸਨ ਜਿਨ੍ਹਾਂ ਨੂੰ ਸਿਆਸਤ ਵਿਚ ਆਪਣੀ ਵਿਦਵਤਾ ਅਤੇ ਕਾਬਲੀਅਤ ਦਾ ਇਵਜ਼ਾਨਾ ਹਮੇਸ਼ਾ ਭੁਗਤਣਾ ਪਿਆ ਕਿਉਂਕਿ ਕਿਸੇ ਵੀ ਸੀਨੀਅਰ ਸਿਆਸਤਦਾਨ ਨੇ ਉਨ੍ਹਾਂ ਦੇ ਮਿਕਨਾਤੀਸੀ ਵਿਅਕਤੀਤਵ ਤੋਂ ਡਰਦਿਆਂ ਉਨ੍ਹਾਂ ਨੂੰ ਅੱਗੇ ਨਹੀਂ ਸੀ ਵਧਣ ਦਿੱਤਾ। ਇਸ ਕਰਕੇ ਹੀ ਬੀਰ ਦਵਿੰਦਰ ਸਿੰਘ ਨੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸਮੇਂ ਡਿਪਟੀ ਸਪੀਕਰ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਇੱਥੋਂ ਤਕ ਕਿ ਇਕ ਪਾਸੇ ਉਨ੍ਹਾਂ ਨੂੰ 2002 ਤੋਂ 2007 ਦੇ ਸਮੇਂ ਦੀ ਸੰਸਦੀ ਕਾਰਗੁਜ਼ਾਰੀ ਕਰਕੇ 'ਸਰਬੋਤਮ ਸੰਸਦ ਮੈਂਬਰ' ਦਾ ਖ਼ਿਤਾਬ ਦਿੱਤਾ ਗਿਆ ਪ੍ਰੰਤੂ ਦੂਜੇ ਪਾਸੇ ਉਨ੍ਹਾਂ ਦਾ ਟਿਕਟ ਕੱਟ ਦਿੱਤਾ ਗਿਆ। ਸੰਨ 2002 ਵਿਚ ਵੀ ਪੰਜਾਬ ਦੀ ਕਾਂਗਰਸ ਲੀਡਰਸ਼ਿਪ ਉਨ੍ਹਾਂ ਨੂੰ ਟਿਕਟ ਨਹੀਂ ਦੇਣਾ ਚਾਹੁੰਦੀ ਸੀ ਪਰ ਉਹ ਸਿੱਧੇ ਸੋਨੀਆ ਗਾਂਧੀ ਦੀ ਦਖ਼ਲਅੰਦਾਜ਼ੀ ਨਾਲ ਟਿਕਟ ਲੈ ਕੇ ਆਏ ਸਨ।

ਸੰਨ 2016 ਵਿਚ ਬੀਰ ਦਵਿੰਦਰ ਸਿੰਘ ਨੂੰ ਕਾਂਗਰਸ ਪਾਰਟੀ ਵੀ ਛੱਡਣੀ ਪਈ। ਮਗਰੋਂ ਉਨ੍ਹਾਂ ਨੂੰ ਕਈ ਪਾਰਟੀਆਂ ਵਿਚ ਮਜਬੂਰਨ ਜਾਣਾ ਪਿਆ। ਸਿਆਸਤ ਵਿਚ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਟਕਸਾਲ ਦੇ ਵਿਦਿਆਰਥੀ, ਸਿੱਖ ਸਟੂਡੈਂਟਸ ਫੈੱਡਰੇਸ਼ਨ ਤੋਂ ਗੁੜ੍ਹਤੀ ਲੈ ਕੇ ਸਿਆਸਤ ਵਿਚ ਧਾਂਕ ਜਮਾਉਣ ਵਾਲੇ ਵਿਦਵਾਨ ਬੁਲਾਰੇ ਬੀਰ ਦਵਿੰਦਰ ਸਿੰਘ 30 ਜੂਨ ਦਿਨ ਸ਼ੁੱਕਰਵਾਰ ਨੂੰ ਪੀਜੀਆਈ ਚੰਡੀਗੜ੍ਹ ਵਿਖੇ 74 ਸਾਲ ਦੀ ਉਮਰ ਵਿਚ ਸਵਰਗ ਸਿਧਾਰ ਗਏ। ਉਹ ਫੂਡ ਪਾਈਪ ਦੇ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਤੋਂ ਪੀੜਤ ਸਨ। ਕੈਂਸਰ ਅਜੇ ਪਹਿਲੀ ਸਟੇਜ ਵਿਚ ਹੀ ਸੀ ਪ੍ਰੰਤੂ ਕੀਮੋ ਕਰਨ ਤੋਂ ਬਾਅਦ ਉਹ ਕਮਜ਼ੋਰ ਹੁੰਦੇ ਗਏ ਤੇ ਅਖ਼ੀਰ ਸਵਰਗ ਸਿਧਾਰ ਗਏ। ਉਨ੍ਹਾਂ ਦਾ ਦੋ ਸਾਲ ਪਹਿਲਾਂ ਦਿਲ ਦਾ ਆਪ੍ਰੇਸ਼ਨ ਹੋਇਆ ਸੀ। ਉਸ ਤੋਂ ਬਾਅਦ ਤਾਂ ਉਹ ਨਾਰਮਲ ਜ਼ਿੰਦਗੀ ਜੀਅ ਰਹੇ ਸਨ।

ਪੰਦਰਾਂ ਦਿਨ ਪਹਿਲਾਂ ਹੀ ਇਸ ਨਾਮੁਰਾਦ ਬਿਮਾਰੀ ਨੇ ਦਲੇਰ ਸਿਆਸਤਦਾਨ ਨੂੰ ਲਪੇਟ ਵਿਚ ਲਿਆ ਸੀ। ਉਹ ਸਮਾਜ ਵਿਚ ਬਿਲਕੁਲ ਆਮ ਵਾਂਗ ਵਿਚਰਦੇ ਸਨ ਪ੍ਰੰਤੂ ਸਿਆਸਤ ਵਿੱਚੋਂ ਉਨ੍ਹਾਂ ਨੇ ਸੇਵਾ ਮੁਕਤੀ ਲੈ ਲਈ ਸੀ। ਉਨ੍ਹਾਂ ਨੇ ਆਪਣਾ ਸਿਆਸੀ ਕਰੀਅਰ ਸ਼੍ਰੋਮਣੀ ਅਕਾਲੀ ਦਲ ਵਿਚ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਅਗਵਾਈ 'ਚ ਸ਼ੁਰੂ ਕੀਤਾ ਸੀ। ਜਥੇਦਾਰ ਟੌਹੜਾ ਦੀ ਸਲਾਹ 'ਤੇ ਹੀ ਉਹ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਕਾਂਗਰਸ ਪਾਰਟੀ ਵਿਚ ਚਲੇ ਗਏ ਸਨ ਕਿਉਂਕਿ ਜਥੇਦਾਰ ਟੌਹੜਾ ਦੇ ਨੇੜੇ ਉਸ ਸਮੇਂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਸਨ। ਟੌਹੜਾ ਸਾਹਿਬ ਚੰਦੂਮਾਜਰਾ ਦੀ ਥਾਂ ਬੀਰ ਦਵਿੰਦਰ ਸਿੰਘ ਨੂੰ ਮੋਹਰੀ ਨਹੀਂ ਬਣਾਉਣਾ ਚਾਹੁੰਦੇ ਸਨ। ਸਿੱਖ ਸਟੂਡੈਂਟਸ ਫੈੱਡਰੇਸ਼ਨ ਦੀ ਸਿੱਖਿਆ ਨੇ ਬੀਰ ਦਵਿੰਦਰ ਸਿੰਘ ਦੀ ਸ਼ਖ਼ਸੀਅਤ 'ਚ ਨਿਖਾਰ ਲਿਆਂਦਾ। ਗਿਆਨੀ ਜ਼ੈਲ ਸਿੰਘ, ਬੂਟਾ ਸਿੰਘ ਅਤੇ ਬੀਰ ਦਵਿੰਦਰ ਸਿੰਘ ਆਪਣੇ ਭਾਸ਼ਣਾਂ ਵਿਚ ਸਿੱਖ ਇਤਿਹਾਸ ਦੀਆਂ ਉਦਾਹਰਨਾਂ ਅਤੇ ਸ਼ਬਦਾਵਲੀ ਵਰਤਦੇ ਸਨ ਜਿਹੜੀ ਸਰੋਤਿਆਂ ਨੂੰ ਕੀਲ ਕੇ ਰੱਖ ਦਿੰਦੀ ਸੀ। ਬੀਰ ਦਵਿੰਦਰ ਸਿੰਘ ਸਰਾਓ ਦੇ ਇਸ ਫ਼ਾਨੀ ਸੰਸਾਰ ਤੋਂ ਅਲਵਿਦਾ ਕਹਿਣ ਤੋਂ ਬਾਅਦ ਪੰਜਾਬ ਇਕ ਬੁੱਧੀਜੀਵੀ, ਚਿੰਤਕ, ਸਰਬੋਤਮ ਬੁਲਾਰੇ ਤੇ ਹੰਢੇ-ਵਰਤੇ ਸੂਝਵਾਨ ਸਿਆਸਤਦਾਨ ਤੋਂ ਵਾਂਝਾ ਹੋ ਗਿਆ ਹੈ। ਇਹ ਸੁੱਘੜ-ਸਿਆਣਾ ਵਿਅਕਤੀ ਸਿਆਸੀ ਖੇਤਰ ਵਿਚ ਭਾਵੇਂ ਵੱਡੀਆਂ ਪੁਲਾਂਘਾਂ ਨਹੀਂ ਪੁੱਟ ਸਕਿਆ ਪਰ ਆਪਣੇ ਬਿਆਨਾਂ ਨਾਲ ਸਿਆਸਤਦਾਨਾਂ ਨੂੰ ਵਕਤ ਜ਼ਰੂਰ ਪਾ ਕੇ ਰੱਖਦਾ ਸੀ। ਸਰਕਾਰਾਂ ਦੀਆਂ ਕਮਜ਼ੋਰੀਆਂ ਦਾ ਪਰਦਾਫਾਸ਼ ਕਰਨ ਵਿਚ ਉਹ ਮੋਹਰੀ ਭੂਮਿਕਾ ਨਿਭਾਉਂਦੇ।

ਉਨ੍ਹਾਂ ਦੀ ਕਿਸੇ ਵੀ ਮੁੱਖ ਮੰਤਰੀ ਨਾਲ ਬਹੁਤੀ ਬਣ ਨਹੀਂ ਸਕੀ ਕਿਉਂਕਿ ਉਨ੍ਹਾਂ ਵਿਚ ਸਰਬੋਤਮ ਨੇਤਾ ਬਣਨ ਦੀ ਸਮਰੱਥਾ ਸੀ, ਇਸ ਲਈ ਸਿਆਸੀ ਨੇਤਾ ਉਨ੍ਹਾਂ ਤੋਂ ਤ੍ਰਭਕਦੇ ਸਨ। ਬੀਰ ਦਵਿੰਦਰ ਸਿੰਘ ਦੀ ਕਾਬਲੀਅਤ ਵਰਣਨਯੋਗ ਸੀ। ਉਨ੍ਹਾਂ ਨੂੰ ਇਤਿਹਾਸ, ਸਾਹਿਤ, ਵਿਰਾਸਤ ਅਤੇ ਸਾਰੇ ਧਰਮਾਂ ਦੀ ਡੂੰਘੀ ਜਾਣਕਾਰੀ ਸੀ।



ਉਨ੍ਹਾਂ ਦਾ ਪਿੰਡ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਵਾਲੀ ਪਵਿੱਤਰ ਧਰਤੀ ਫਤਿਹਗੜ੍ਹ ਸਾਹਿਬ ਦੇ ਨਜ਼ਦੀਕ ਹੋਣ ਕਰਕੇ ਉਨ੍ਹਾਂ ਨੂੰ ਰੂਹਾਨੀ ਤਾਕਤ ਮਿਲਦੀ ਰਹੀ। ਉਹ ਅੰਗਰੇਜ਼ੀ ਭਾਸ਼ਾ ਦੇ ਵੀ ਗਿਆਤਾ ਸਨ। ਧਾਰਮਿਕ ਮਿਸਾਲਾਂ ਦੇਣ ਸਮੇਂ ਉਹ ਰੂਹਾਨੀ ਵਿਦਵਾਨ ਲੱਗਦੇ ਸਨ। ਉਹ ਆਪਣੀ ਭਾਸ਼ਣ ਕਲਾ ਨਾਲ ਸਰੋਤਿਆਂ ਨੂੰ ਅਜਿਹੇ ਢੰਗ ਨਾਲ ਕੀਲ ਲੈਂਦੇ ਸਨ ਕਿ ਸਰੋਤੇ ਉਨ੍ਹਾਂ ਦੇ ਸ਼ਬਦਾਂ ਦੇ ਵਹਿਣ ਵਿਚ ਦਰਿਆ ਦੇ ਵਹਿਣ ਦੀ ਤਰ੍ਹਾਂ ਵਹਿ ਤੁਰਦੇ ਸਨ। ਉਦਾਹਰਨਾਂ, ਕਹਾਵਤਾਂ, ਵਿਸ਼ੇਸ਼ਣ, ਕੁਟੇਸ਼ਨਾਂ, ਧਾਰਮਿਕ ਅਤੇ ਸਾਹਿਤਕ ਤੁਕਾਂ ਉਨ੍ਹਾਂ ਦੇ ਭਾਸ਼ਣ ਨੂੰ ਰਸਦਾਇਕ ਬਣਾ ਦਿੰਦੀਆਂ ਸਨ। ਉਹ ਦਬੰਗ ਸਿਆਸਤਦਾਨ ਸਨ। ਉਹ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸਮੇਂ 2003 ਤੋਂ 2004 ਤਕ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਰਹੇ ਸਨ। ਉਹ ਬਹੁਤੀ ਦੇਰ ਇਸ ਅਹੁਦੇ 'ਤੇ ਵੀ ਨਹੀਂ ਟਿਕ ਸਕੇ।

ਸੰਨ 1977 ਵਿਚ ਉਹ ਆਲ ਇੰਡੀਆ ਸਿੱਖ ਸਟੂਡੈਂਟਸ ਫੈੱਡਰੇਸ਼ਨ ਵਿਚ ਸਰਗਰਮੀ ਨਾਲ ਕੰਮ ਕਰ ਰਹੇ ਸਨ। ਸੰਨ 1978 ਵਿਚ ਉਹ ਕਾਂਗਰਸ 'ਚ ਸ਼ਾਮਲ ਹੋ ਗਏ ਸਨ। ਸੰਨ 1980 ਵਿਚ ਉਹ ਸਰਹਿੰਦ ਹਲਕੇ ਤੋਂ ਵਿਧਾਇਕ ਚੁਣੇ ਗਏ ਸਨ। ਬੀਰ ਦਵਿੰਦਰ ਸਿੰਘ ਉਸ ਸਮੇਂ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਦੇ ਕਾਫ਼ੀ ਕਰੀਬੀਆਂ ਵਿੱਚੋਂ ਇਕ ਸਨ ਪ੍ਰੰਤੂ ਦਰਬਾਰਾ ਸਿੰਘ ਨੇ ਉਨ੍ਹਾਂ ਨੂੰ ਕੋਈ ਅਹੁਦਾ ਨਹੀਂ ਦਿੱਤਾ, ਸਿਰਫ਼ ਪੰਜਾਬ ਵਿਧਾਨ ਸਭਾ ਵਿਚ ਕਾਂਗਰਸ ਪਾਰਟੀ ਦਾ ਚੀਫ ਵਿ ?ਹੱਪ ਬਣਾ ਦਿੱਤਾ ਜਿਹੜਾ ਕੋਈ ਸੰਵਿਧਾਨਕ ਅਹੁਦਾ ਨਹੀਂ ਸੀ। ਕਾਂਗਰਸੀ ਲੀਡਰ ਸਿਰਫ਼ ਉਨ੍ਹਾਂ ਨੂੰ ਵਰਤਦੇ ਰਹੇ ਤੇ ਉਨ੍ਹਾਂ ਨੂੰ ਕਦੇ ਵੀ ਮੰਤਰੀ ਨਹੀਂ ਬਣਾਇਆ। ਸੰਨ 2002 ਦੀਆਂ ਵਿਧਾਨ ਸਭਾ ਚੋਣਾਂ ਵਿਚ ਉਹ ਖਰੜ ਹਲਕੇ ਤੋਂ ਵਿਧਾਇਕ ਚੁਣੇ ਗਏ। ਸੰਨ 2010 ਵਿਚ ਉਹ ਮਨਪ੍ਰੀਤ ਸਿੰਘ ਬਾਦਲ ਦੀ ਪੀਪਲਜ਼ ਪਾਰਟੀ ਆਫ ਪੰਜਾਬ ਵਿਚ ਸ਼ਾਮਲ ਹੋ ਗਏ ਅਤੇ 2012 ਤੀਕ ਇਸ ਪਾਰਟੀ ਨਾਲ ਜੁੜੇ ਰਹੇ। ਸੰਨ 2019 ਵਿਚ ਸ਼੍ਰੋਮਣੀ ਅਕਾਲੀ ਦਲ 'ਟਕਸਾਲੀ' ਵਿਚ ਸ਼ਾਮਲ ਹੋ ਗਏ। ਜੁਲਾਈ 2020 ਵਿਚ ਸੁਖਦੇਵ ਸਿੰਘ ਢੀਂਡਸਾ ਵਾਲੇ ਸੰਯੁਕਤ ਅਕਾਲੀ ਦਲ ਵਿਚ ਸ਼ਾਮਲ ਹੋ ਗਏ। ਉਨ੍ਹਾਂ ਨੂੰ ਸੰਯੁਕਤ ਅਕਾਲੀ ਦਲ ਦਾ ਉਪ ਪ੍ਰਧਾਨ ਬਣਾਇਆ ਗਿਆ। ਉੱਥੇ ਵੀ ਬਹੁਤੀ ਦੇਰ ਚੱਲ ਨਹੀਂ ਸਕੇ। ਫਿਰ ਉਹ ਅਸਤੀਫ਼ਾ ਦੇ ਕੇ ਸਿਆਸਤ ਤੋਂ ਕਿਨਾਰਾ ਕਰ ਗਏ। ਸਿਆਸਤ ਵਿਚ ਪੁਸਤਕ ਸੱਭਿਆਚਾਰ ਨਾਲ ਜੁੜਨ ਵਾਲੇ ਗਿਣਵੇਂ-ਚੁਣਵੇਂ ਨੇਤਾਵਾਂ ਵਿੱਚੋਂ ਬੀਰ ਦਵਿੰਦਰ ਸਿੰਘ ਇਕ ਸਨ। ਇਸ ਦਰਵੇਸ਼ ਸਿਆਸਤਦਾਨ ਦੇ ਚਲਾਣੇ ਕਾਰਨ ਪੰਜਾਬ ਦੇ ਸਿਆਸੀ ਮੁਹਾਂਦਰੇ ਵਿਚ ਨਾ ਪੂਰਾ ਹੋਣ ਵਾਲਾ ਖ਼ਲਾਅ ਪੈ ਗਿਆ ਹੈ।

# ਸ਼ਰਮਨਾਕ ! ਵਿਅਕਤੀ ਨੇ ਆਦਿਵਾਸੀ ਨੌਜਵਾਨ ਤੇ ਕੀਤਾ ਪਿਸ਼ਾਬ

# ਦੇਸ਼-ਵਿਦੇਸ਼ਾਂ ਵਿਚ ਘਟਨਾ ਦੀ ਪੁਰਜ਼ੋਰ ਨਿਖੇਧੀ

## ਸੀਧੀ ਪਿਸ਼ਾਬਕਾਂਡ ਦਾ ਮੁਲਜ਼ਮ ਗ੍ਰਿਫ਼ਤਾਰ, ਲੋਕੇਸ਼ਨ ਬਦਲ ਕੇ ਪੁਲਸ ਨੂੰ ਦੇ ਰਿਹਾ ਸੀ ਚਕਮਾ

ਮੱਧ ਪ੍ਰਦੇਸ਼ : ਮੱਧ ਪ੍ਰਦੇਸ਼ ਦੇ ਸੀਧੀ ਜ਼ਿਲ੍ਹੇ ਵਿਚ ਇਕ ਵਿਅਕਤੀ ਵੱਲੋਂ ਆਦਿਵਾਸੀ ਨੌਜਵਾਨ ’ਤੇ ਪਿਸ਼ਾਬ ਕਰਨ ਦਾ ਵੀਡੀਓ ਵਾਇਰਲ ਹੋਣ ਤੋਂ ਬਾਅਦ ਪੁਲਸ ਨੇ ਮੰਗਲਵਾਰ ਨੂੰ ਮਾਮਲਾ ਦਰਜ ਕੀਤਾ। ਵਿਰੋਧੀ ਕਾਂਗਰਸ ਨੇ ਦਾਅਵਾ ਕੀਤਾ ਕਿ ਮੁਲਜ਼ਮ ਭਾਰਤੀ ਜਨਤਾ ਪਾਰਟੀ ਨਾਲ ਜੁੜਿਆ ਹੋਇਆ ਹੈ। ਉੱਥੇ ਹੀ ਸੱਤਾਧਾਰੀ ਭਾਜਪਾ ਨੇ ਇਸ ਦੋਸ਼ ਨੂੰ ਨਕਾਰ ਦਿੱਤਾ ਹੈ।

ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਇਕ ਟਵੀਟ ਵਿਚ ਕਿਹਾ, ‘ਸੀਧੀ ਜ਼ਿਲ੍ਹੇ ਦਾ ਇਕ ਵਾਇਰਲ ਵੀਡੀਓ ਮੇਰੇ ਧਿਆਨ ਵਿਚ ਆਇਆ ਹੈ, ਮੈਂ ਪ੍ਰਸ਼ਾਸਨ ਨੂੰ ਦੋਸ਼ੀ ਵਿਅਕਤੀ ਨੂੰ ਗ੍ਰਿਫ਼ਤਾਰ ਕਰਨ ਤੇ NSA ਲਗਾਉਣ ਦੀਆਂ ਹਦਾਇਤਾਂ ਦਿੱਤੀਆਂ ਹਨ।’ ਮੁੱਖ ਮੰਤਰੀ ਦਫ਼ਤਰ ਦੇ ਇਕ ਅਧਿਕਾਰੀ ਨੇ ਕਿਹਾ ਕਿ ਪ੍ਰਵੇਸ਼ ਸ਼ੁਕਲਾ ਦੇ ਰੂਪ ਵਿਚ ਪਛਾਣੇ ਗਏ ਮੁਲਜ਼ਮ ਦੇ ਖ਼ਿਲਾਫ਼ ਬਹਾਰੀ ਥਾਣੇ ਵਿਚ ਆਈ.ਪੀ.ਸੀ. ਦੀ ਧਾਰਾ 294 (ਅਸ਼ਲੀਲ ਹਰਕਤਾਂ), 504 (ਸ਼ਾਂਤੀ ਭੰਗ ਕਰਨ ਲਈ ਜਾਣਬੁੱਝ ਕੇ ਅਪਮਾਨ) ਤੇ ਐੱਸ.ਸੀ.ਐੱਸ.ਟੀ. ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੁਲਜ਼ਮ ਦੇ ਖ਼ਿਲਾਫ਼ ਐੱਨ.ਐੱਸ.ਏ. ਦੀ ਸਖ਼ਤ ਕਾਰਵਾਈ ਵੀ ਸ਼ੁਰੂ ਕੀਤੀ ਗਈ ਹੈ।

ਸੂਬਾ ਕਾਂਗਰਸ ਮੁਖੀ ਕਮਲਨਾਥ ਨੇ ਇਕ ਬਿਆਨ ਵਿਚ ਕਿਹਾ ਕਿ ਸੂਬੇ ਦੇ ਸੀਧੀ ਜ਼ਿਲ੍ਹੇ ਤੋਂ ਇਕ ਆਦਿਵਾਸੀ ਨੌਜਵਾਨ ’ਤੇ ਪਿਸ਼ਾਬ ਕਰਨ ਦੇ ਤਸ਼ੱਦਦ ਦਾ ਵੀਡੀਓ ਸਾਹਮਣੇ ਆਇਆ ਹੈ। ਉਨ੍ਹਾਂ ਕਿਹਾ ਕਿ ਸਮਾਜ ਵਿਚ ਆਦਿਵਾਸੀ ਸਮਾਜ ਦੇ ਨੌਜਵਾਨਾਂ ਨਾਲ ਅਜਿਹੇ ਘਿਨੌਣੇ ਕਾਰੇ ਦੀ ਕੋਈ ਜਗ੍ਹਾ ਨਹੀਂ ਹੈ। ਸਾਬਕਾ ਮੁੱਖ ਮੰਤਰੀ ਕਮਲਨਾਥ ਨੇ ਇਹ ਵੀ ਕਿਹਾ ਹੈ ਕਿ ਮੁਲਜ਼ਮ ਭਾਜਪਾ ਨਾਲ ਜੁੜਿਆ ਦੱਸਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਦਿਵਾਸੀਆਂ ’ਤੇ ਤਸ਼ੱਦਦ ਦੇ ਮਾਮਲੇ ਵਿਚ ਮੱਧ ਪ੍ਰਦੇਸ਼ ਪਹਿਲਾਂ ਹੀ ਪਹਿਲੇ ਨੰਬਰ ’ਤੇ ਹੈ। ਇਸ ਘਟਨਾ ਨੇ ਪੂਰੇ ਮੱਧ ਪ੍ਰਦੇਸ਼ ਨੂੰ ਸ਼ਰਮਸਾਰ ਕਰ ਦਿੱਤਾ ਹੈ। ਦੋਸ਼ੀ ਵਿਅਕਤੀ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ ਤੇ ਮੱਧ ਪ੍ਰਦੇਸ਼ ਵਿਚ ਆਦਿਵਾਸੀਆਂ ’ਤੇ ਤਸ਼ੱਦਦ ਬੰਦ ਹੋਣਾ ਚਾਹੀਦਾ ਹੈ।

ਸੂਬਾ ਭਾਜਪਾ ਦੇ ਮੀਡੀਆ ਇੰਚਾਰਜ ਆਸ਼ੀਸ਼ ਅਗਰਵਾਲ ਨੇ ਕਿਹਾ ਕਿ ਮੁਲਜ਼ਮ ਦਾ ਪਾਰਟੀ ਨਾਲ ਕੋਈ ਸੰਪਰਕ ਨਹੀਂ ਹੈ। ਅਗਰਵਾਲ ਨੇ ਕਿਹਾ ਕਿ ਆਦਿਵਾਸੀ ਭਾਈਚਾਰੇ ਦੇ ਖ਼ਿਲਾਫ਼ ਹੋਣ ਵਾਲੇ ਹਰ ਘਿਨੌਣੇ ਕਾਰੇ ਦਾ ਭਾਜਪਾ ਹਮੇਸ਼ਾ ਵਿਰੋਧ ਕਰੇਗੀ ਤੇ ਮੱਧ ਪ੍ਰਦੇਸ਼ ਭਾਜਪਾ ਇਸ ਵਿਅਕਤੀ ਦੇ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਦੀ ਮੰਗ ਕਰਦੀ ਹੈ।

**ਸੀਧੀ ਪਿਸ਼ਾਬਕਾਂਡ ਦਾ ਮੁਲਜ਼ਮ ਗ੍ਰਿਫ਼ਤਾਰ, ਲੋਕੇਸ਼ਨ ਬਦਲ ਕੇ ਪੁਲਸ ਨੂੰ ਦੇ ਰਿਹਾ ਸੀ ਚਕਮਾ**

ਮੱਧ ਪ੍ਰਦੇਸ਼ ਦੇ ਸੀਧੀ ਜ਼ਿਲ੍ਹੇ ’ਚ ਇਕ ਆਦਿਵਾਸੀ ਨੌਜਵਾਨ ’ਤੇ ਪਿਸ਼ਾਬ ਕਰਨ ਦੀ ਘਟਨਾ ਨੇ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਇਸ ਘਟਨਾ ਤੋਂ ਬਾਅਦ ਸੀਐੱਮ ਸ਼ਿਵਰਾਜ ਸਿੰਘ ਚੌਹਾਨ ਸਖ਼ਤ ਨਜ਼ਰ ਆ ਰਹੇ ਹਨ। ਉਨ੍ਹਾਂ ਘਟਨਾ ਦਾ ਨੋਟਿਸ ਲੈਂਦਿਆਂ ਮੁਲਜ਼ਮ ਪ੍ਰਵੇਸ਼



ਸ਼ੁਕਲਾ ਖ਼ਿਲਾਫ਼ ਐੱਨਐੱਸਏ ਤਹਿਤ ਕਾਰਵਾਈ ਕਰਨ ਦੇ ਹੁਕਮ ਦਿੱਤੇ ਹਨ।

ਮੁਲਜ਼ਮ ਪ੍ਰਵੇਸ਼ ਸ਼ੁਕਲਾ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਸੀ ਤੇ ਹੁਣ ਉਸ ਨੂੰ ਗ੍ਰਿਫ਼ਤਾਰ ਵੀ ਕਰ ਲਿਆ ਗਿਆ ਹੈ। ਏਐੱਸਪੀ ਸੀਧੀ ਅੰਜੂ ਲਤਾ ਪਟਲੇ ਦੇ ਦੱਸਣ ਮੁਤਾਬਕ ਪ੍ਰਵੇਸ਼ ਸ਼ੁਕਲਾ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਇਸ ਸਬੰਧੀ ਕਾਨੂੰਨ ਅਨੁਸਾਰ ਅਗਲੀ ਕਾਰਵਾਈ ਕੀਤੀ ਜਾਵੇਗੀ।

ਜਾਣਕਾਰੀ ਮੁਤਾਬਕ ਮਾਨਸਿਕ ਤੌਰ ’ਤੇ ਬਿਮਾਰ ਆਦਿਵਾਸੀ ਨੌਜਵਾਨ ’ਤੇ ਪਿਸ਼ਾਬ ਕਰਨ ਦਾ ਇਕ ਵੀਡੀਓ ਸੋਸ਼ਲ ਮੀਡੀਆ ’ਤੇ ਸਾਹਮਣੇ ਆਈ ਹੈ। ਇਸ ਘਟਨਾ ਤੋਂ ਬਾਅਦ ਪੂਰੇ ਸੂਬੇ ’ਚ ਹੜਕੰਪ ਮਚ ਗਿਆ। ਮੁਲਜ਼ਮ ਭਾਜਪਾ ਆਗੂ ਦੱਸਿਆ ਜਾ ਰਿਹਾ ਹੈ, ਜਿਸ ਨੂੰ ਪੁਲਸ ਨੇ 4-5 ਜੁਲਾਈ ਨੂੰ ਸਵੇਰੇ 2 ਵਜੇ ਗ੍ਰਿਫ਼ਤਾਰ ਕਰ ਲਿਆ।

ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਨੇ ਪ੍ਰਵੇਸ਼ ਸ਼ੁਕਲਾ ਨੂੰ ਸਾਈਬਰ ਸੈੱਲ ਦੀ ਮਦਦ ਨਾਲ ਸੀਧੀ ਜ਼ਿਲ੍ਹੇ ਦੇ ਪਿੰਡ ਕੁਬਰੀ ਦੇ ਖੈਰਹਵਾ ਤੋਂ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮ ਘਟਨਾ ਦੇ ਬਾਅਦ ਤੋਂ ਹੀ ਲੋਕੇਸ਼ਨ ਬਦਲ ਕੇ ਪੁਲਸ ਨੂੰ ਚਕਮਾ ਦੇ ਰਿਹਾ ਸੀ।

# ਕਾਂਗਰਸੀ ਆਗੂਆਂ ਖ਼ਿਲਾਫ਼ ਵਿਜੀਲੈਂਸ ਤਫ਼ਤੀਸ਼ ਨੇ ਫੜੀ ਰਫ਼ਤਾਰ

ਚੰਡੀਗੜ੍ਹ : ਪੰਜਾਬ ਵਿਜੀਲੈਂਸ ਬਿਊਰੋ ਨੇ ਕਾਂਗਰਸ ਦੇ ਸਾਬਕਾ ਮੰਤਰੀਆਂ ਖ਼ਿਲਾਫ਼ ਕਾਰਵਾਈ ’ਚ ਮੁੜ ਸਰਗਰਮੀ ਫੜ ਲਈ ਹੈ। ਬਿਊਰੋ ਦੀ ਟੀਮ ਨੇ ਅੱਜ ਇੱਕ ਪਾਸੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਸਰੋਤਾਂ ਤੋਂ ਜ਼ਿਆਦਾ ਆਮਦਨ ਦੇ ਮਾਮਲੇ ਦੀ ਤਫ਼ਤੀਸ਼ ਵਿੱਚ ਚੌਥੀ ਵਾਰੀ ਸ਼ਾਮਲ ਕਰਕੇ ਜਾਇਦਾਦ ਦੇ ਵੇਰਵੇ ਇਕੱਠੇ ਕੀਤੇ। ਉਧਰ, ਸਾਬਕਾ ਮੰਤਰੀ ਬ੍ਰਹਮ ਮਹਿੰਦਰਾ ਦੇ ਨਿਊ ਚੰਡੀਗੜ੍ਹ ਖੇਤਰ ਵਿੱਚ ਸਥਿਤ ‘ਫਾਰਮ ਹਾਊਸ’ ਉਤੇ ਛਾਪਾ ਮਾਰਿਆ। ਵਿਜੀਲੈਂਸ ਦੇ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਸਾਬਕਾ ਮੁੱਖ ਮੰਤਰੀ ਵੱਲੋਂ ਜਾਇਦਾਦ ਦੇ ਵੇਰਵੇ ਵਿਜੀਲੈਂਸ ਦੇ ਤਫ਼ਤੀਸ਼ੀ ਅਫ਼ਸਰਾਂ ਨੂੰ ਸੌਂਪ ਦਿੱਤੇ ਹਨ ਤੇ ਵਿਜੀਲੈਂਸ ਦਾ ਨਿਰਧਾਰਤ ਪ੍ਰੋਫਾਰਮਾ ਵੀ ਭਰ ਕੇ ਦੇ ਦਿੱਤਾ ਹੈ। ਵਿਜੀਲੈਂਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਚੰਨੀ ਵੱਲੋਂ ਆਪਣੇ ਨਿੱਜੀ ਅਤੇ ਪਰਿਵਾਰਕ ਮੈਂਬਰਾਂ ਦੇ ਨਾਮ ’ਤੇ ਜਾਇਦਾਦ ਤੇ ਹੋਰਨਾਂ ਅਸਾਸਿਆਂ ਸਣੇ ਬੈਂਕ ਖਾਤਿਆਂ ਦੀ ਜੋ ਜਾਣਕਾਰੀ ਮੁਹੱਈਆ ਕਰਾਈ ਗਈ ਹੈ ਉਸ ਦਾ ਮਿਲਾਣ ਵਿਜੀਲੈਂਸ ਵੱਲੋਂ ਆਪਣੇ ਸਰੋਤਾਂ ਤੋਂ ਇਕੱਠੇ ਕੀਤੇ ਤੱਥਾਂ ਅਤੇ ਦਸਤਾਵੇਜ਼ਾਂ ਨਾਲ ਕੀਤਾ ਜਾਵੇਗਾ। ਵਿਜੀਲੈਂਸ ਅਧਿਕਾਰੀ ਦਾ ਦੱਸਣਾ ਹੈ ਕਿ ਸਾਬਕਾ ਮੁੱਖ ਮੰਤਰੀ ਖ਼ ?ਲਾਫ਼ ਸਰੋਤਾਂ ਤੋਂ ਵਧੇਰੇ ਆਮਦਨ ਦੇ ਮਾਮਲੇ ਵਿੱਚ ਪੁਖਤਾ ਸਬੂਤ ਇਕੱਤਰ ਕੀਤੇ ਜਾਣ ਮਗਰੋਂ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਵਿਜੀਲੈਂਸ ਨੇ ਸਾਬਕਾ ਮੰਤਰੀ ਬ੍ਰਹਮ ਮਹਿੰਦਰਾ ਖ਼ਿਲਾਫ਼ ਸਰੋਤਾਂ ਤੋਂ ਜ਼ਿਆਦਾ ਆਮਦਨ ਦੇ ਮਾਮਲੇ ਵਿੱਚ ਵੀ ਤਫ਼ਤੀਸ਼ ਤੇਜ਼ ਕਰ ਦਿੱਤੀ ਹੈ।

ਵਿਜੀਲੈਂਸ ਅਧਿਕਾਰੀਆਂ ਦਾ ਦੱਸਣਾ ਹੈ ਕਿ ਸ੍ਰੀ ਮਹਿੰਦਰਾ ਨੇ ਹੋਟਲ ਸੁਖ ਵਿਲਾਸ ਨੇੜੇ




ਫਾਰਮ ਹਾਊਸ ਸਥਾਪਤ ਕੀਤਾ ਹੈ। ਇਹ ਫਾਰਮ ਹਾਊਸ 7 ਏਕੜ ਵਿੱਚ ਬਣਿਆ ਹੋਇਆ ਹੈ ਤੇ ਵਿਜੀਲੈਂਸ ਅਧਿਕਾਰੀਆਂ ਨੇ ਇਸ ਫਾਰਮ ਹਾਊਸ ’ਤੇ ਛਾਪਾ ਮਾਰ ਕੇ ਫਾਰਮ ਦੀ ਪੈਮਾਇਸ਼ ਕੀਤੀ ਅਤੇ ਇਸ ਦੀ ਮਾਰਕੀਟ ਕੀਮਤ ਦਾ ਅੰਦਾਜ਼ਾ ਲਾਇਆ ਗਿਆ। ਵਿਜੀਲੈਂਸ ਅਧਿਕਾਰੀਆਂ ਨੇ ਦੱਸਿਆ ਕਿ ਸਾਬਕਾ ਮੁੱਖ ਮੰਤਰੀ ਤੋਂ ਕਈ ਸਵਾਲ ਪੁੱਛੇ ਗਏ ਹਨ। ਪਿਛਲੇ ਦਿਨੀਂ ਖਰੜ ਖੇਤਰ ’ਚ ਸਰਗਰਮ ਪਰਵੀਨ ਨਾਮੀ ਬਿਲਡਰ ਨੂੰ ਬਿਊਰੋ ਵੱਲੋਂ ਗ੍ਰਿਫ਼ਤਾਰ ਕਰਨ ਨਾਲ ਕਈ ਵੱਡੇ ਖੁਲਾਸੇ ਹੋਏ ਸਨ। ਇਹ ਬਿਲਡਰ ਕਿਉਂਕਿ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਕਰੀਬੀ ਮੰਨਿਆ ਜਾਂਦਾ ਹੈ।

ਮਾਈਨਿੰਗ ਦੇ ਦੋਸ਼ਾਂ ’ਚ ਗ੍ਰਿਫ਼ਤਾਰ ਕੀਤੇ ਸਰਪੰਚ ਜਸਪਾਲ ਸਿੰਘ ਨਾਲ ਸਬੰਧਾਂ ਬਾਰੇ ਵੀ ਸਵਾਲ ਕੀਤੇ ਗਏ। ਸਾਬਕਾ ਮੁੱਖ ਮੰਤਰੀ ਨੂੰ ਇਹ ਵੀ ਪੁੱਛਿਆ ਗਿਆ ਸੀ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਈਡੀ ਵੱਲੋਂ ਕਾਬੂ ਕੀਤੇ ਕਰੀਬੀ ਰਿਸ਼ਤੇਦਾਰ ਦੇ ਕੋਲੋਂ ਬਰਾਮਦ ਹੋਇਆ 10 ਕਰੋੜ ਰੁਪਈਆ ਕਿਸ ਦਾ ਸੀ ਤੇ ਉਸ ਨੂੰ ਪੰਜਾਬ ਪੁਲੀਸ ਦੀ ਸੁਰੱਖਿਆ ਛਤਰੀ ਕਿਵੇਂ ਦਿੱਤੀ ਗਈ। ਵਿਜੀਲੈਂਸ ਨੇ ਵਿਧਾਨ ਸਭਾ ਚੋਣਾਂ ਤੋਂ ਤੁਰੰਤ ਬਾਅਦ ਵਿਦੇਸ਼ ਦੌਰੇ ਨੂੰ ਤਫ਼ਤੀਸ਼ ਦਾ ਹਿੱਸਾ ਬਣਾਉਂਦਿਆਂ ਵਿਦੇਸ਼ ’ਚ ਕਿੱਥੇ ਰਹੇ ਤੇ ਇਸ ਦੌਰੇ ਦਾ ਖ਼ਰਚ ਕਿੰਨਾ ਤੇ ਕਿਸ ਵੱਲੋਂ ਕੀਤਾ ਗਿਆ, ਬਾਰੇ ਵੀ ਪੁੱਛਿਆ ਗਿਆ। ਮੁੱਖ ਮੰਤਰੀ ਹੁੰਦੇ ਹੋਏ ਮਹੱਤਵਪੂਰਨ ਫੈਸਲਿਆਂ ਬਾਰੇ ਵੀ ਵਿਜੀਲੈਂਸ ਨੇ ਜਾਣਕਾਰੀ ਮੰਗੀ।

### ਪਿਛਲੇ ਸਾਲ ਦਸੰਬਰ ’ਚ ਸਾਬਕਾ ਮੁੱਖ ਮੰਤਰੀ ਖ਼ਿਲਾਫ਼ ਹੋਈ ਸੀ ਜਾਂਚ ਸ਼ੁਰੂ

ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਲੰਘੇ ਸਾਲ ਦਸੰਬਰ ਦੌਰਾਨ ਸਾਬਕਾ ਮੁੱਖ ਮੰਤਰੀ ਖ਼ ?ਲਾਫ਼ ਜਾਂਚ ਉਦੋਂ ਸ਼ੁਰੂ ਕੀਤੀ ਗਈ ਸੀ ਜਦੋਂ ਵਿਜੀਲੈਂਸ ਨੂੰ ਸੈਰ ਸਪਾਟਾ ਵਿਭਾਗ ਵਿੱਚ ਕਰੋੜਾਂ ਰੁਪਏ ਦੀਆਂ ਵਿੱਤੀ ਬੇਨਿਯਮੀਆਂ ਦੇ ਦੋਸ਼ਾਂ ਤਹਿਤ ਸ਼ਿਕਾਇਤ ਮਿਲੀ ਸੀ। ਸ਼ਿਕਾਇਤਕਰਤਾ ਵੱਲੋਂ 6 ਪੰਨ੍ਹਿਆਂ ਦੀ ਸ਼ਿਕਾਇਤ ਦੇ ਨਾਲ ਪੂਰੇ ਦਸਤਾਵੇਜ਼ ਨੱਥੀ ਕਰਦਿਆਂ ਦੋਸ਼ ਲਾਇਆ ਗਿਆ ਹੈ ਕਿ ਨਵੰਬਰ 2021 ਵਿੱਚ ਸਾਬਕਾ ਮੁੱਖ ਮੰਤਰੀ ਦੇ ਵਿਧਾਨ ਸਭਾ ਹਲਕਾ ਚਮਕੌਰ ਸਾਹਿਬ ਵਿੱਚ ‘ਦਾਸਤਾਨ ਏ ਸ਼ਹਾਦਤ’ ਦੇ ਸਮਾਗਮ ਦੌਰਾਨ ਕਰੋੜਾਂ ਰੁਪਏ ਦਾ ਘਪਲਾ ਹੋਇਆ ਹੈ। ਸ਼ਿਕਾਇਤਕਰਤਾ ਨੇ ਇਹ ਵੀ ਦੋਸ਼ ਲਾਇਆ ਹੈ ਕਿ ਇਸ ਸਮਾਗਮ ’ਤੇ ਕੀਤੇ ਖਰਚ ਦੀ ਆੜ ਹੇਠ ਸਾਬਕਾ ਮੁੱਖ ਮੰਤਰੀ ਦੇ ਪੁੱਤਰ ਦੇ ਵਿਆਹ ’ਤੇ ਹੋਏ ਖਰਚ ਨੂੰ ਐਡਜਸਟ ਕੀਤਾ ਗਿਆ ਹੈ। ਸ਼ਿਕਾਇਤ ਵਿੱਚ ਦੋਸ਼ ਲਾਇਆ ਗਿਆ ਹੈ ਕਿ ‘ਦਾਸਤਾਨ ਏ ਸ਼ਹਾਦਤ’ ਸਮਾਗਮ ਦੌਰਾਨ ਹੋਏ ਖਰਚ ਦੌਰਾਨ 1.47 ਕਰੋੜ ਦਾ ਘਪਲਾ ਹੋਇਆ ਹੈ।



1 of 2

ਸੁਖਜਿੰਦਰ ਸਿੰਘ ਰੰਧਾਵਾ
ਟੈਲੀਫੋਨ ਨੰ: 0172-2741348 (ਦ)
ਫੈਕਸ ਨੰ: 0172-2743857

ਅੰ:ਸ:ਪੱ:ਨੰ: P.S/C.S.M/385
ਸਹਿਕਾਰਤਾ ਅਤੇ ਜੇਲ੍ਹਾਂ ਵਿਭਾਗ ਮੰਤਰੀ,
ਪੰਜਾਬ।
ਮਿਤੀ, ਚੰਡੀਗੜ੍ਹ 1.4.2021

ਸਤਿਕਾਰਯੋਗ ਕੈਪਟਨ ਸਾਹਿਬ,

ਮੈਂ ਆਪ ਜੀ ਦਾ ਧਿਆਨ ਅਤਿ ਸੰਵੇਦਨਸ਼ੀਲ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ। ਇਹ ਮਾਮਲਾ ਮੇਰੇ ਅਧੀਨ ਆਉਂਦੇ ਜੇਲ੍ਹ ਵਿਭਾਗ ਨਾਲ ਸਬੰਧਤ ਹੋਣ ਕਰਕੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਉਤਰ ਪ੍ਰਦੇਸ਼ ਦਾ ਵਿਧਾਇਕ ਮੁਖਤਾਰ ਅੰਸਾਰੀ ਜਿਸ ਖਿਲਾਫ ਵੱਖ-ਵੱਖ ਸੰਗੀਨ ਅਪਰਾਧਿਕ ਧਾਰਾਵਾਂ ਅਧੀਨ ਕੇਸ ਦਰਜ ਹੈ, ਇਸ ਵੇਲੇ ਰੋਪੜ ਦੀ ਜੇਲ੍ਹ ਵਿੱਚ ਬੰਦ ਹੈ। ਪਿਛਲੇ ਕੁਝ ਅਰਸੇ ਤੋਂ ਇਹ ਮਾਮਲਾ ਰਾਜਨੀਤਿਕ ਤੂਲ ਫੜਦਾ ਜਾ ਰਿਹਾ ਹੈ। ਵਿਧਾਨ ਸਭਾ ਵਿੱਚ ਵੀ ਵਿਰੋਧੀ ਧਿਰ ਵੱਲੋਂ ਇਹ ਮੁੱਦਾ ਉਠਾਇਆ ਗਿਆ। ਹੁਣ ਮਾਨਯੋਗ ਸੁਪਰੀਮ ਕੋਰਟ ਵੱਲੋਂ ਵੀ ਮੁਖਤਾਰ ਅੰਸਾਰੀ ਨੂੰ ਪੰਜਾਬ ਤੋਂ ਉਤਰ ਪ੍ਰਦੇਸ਼ ਸ਼ਿਫਟ ਕਰਨ ਦੇ ਹੁਕਮ ਦਿੱਤੇ ਗਏ। ਮੀਡੀਆ ਵੱਲੋਂ ਲਗਾਤਾਰ ਉਠਾਏ ਜਾਂਦੇ ਸਵਾਲਾਂ ਕਾਰਨ ਇਹ ਵਿਸ਼ਾ ਨਾ ਸਿਰਫ ਜੇਲ੍ਹ ਵਿਭਾਗ ਬਲਕਿ ਸੂਬਾ ਸਰਕਾਰ ਲਈ ਵੀ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ।

ਮੈਂ ਆਪ ਜੀ ਨੂੰ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਮੈਨੂੰ ਇਸ ਮਾਮਲੇ ਦੀ ਬਿਲਕੁਲ ਜਾਣਕਾਰੀ ਨਹੀਂ ਹੈ ਕਿ ਵੱਖ-ਵੱਖ ਸੰਗੀਨ ਅਪਰਾਧਿਕ ਮਾਮਲਿਆਂ ਦਾ ਇਹ ਮੁਲਜ਼ਮ ਜਿਹੜਾ ਕਿ ਉਤਰ ਪ੍ਰਦੇਸ਼ ਦਾ ਰਹਿਣ ਵਾਲਾ ਹੈ, ਪੰਜਾਬ ਦੀ ਜੇਲ੍ਹ ਵਿੱਚ ਕਿਉਂ ਬੰਦ ਹੈ। ਆਪ ਜੀ ਨੂੰ ਭਲੀਭਾਂਤ ਪਤਾ ਹੈ ਕਿ ਸੰਗੀਨ ਅਪਰਾਧੀਆਂ/ਗੈਂਗਸਟਰਾਂ ਬਾਰੇ ਮੇਰੀ ਨਿੱਜੀ ਰਾਏ ਕੀ ਹੈ। ਇਥੋਂ ਤੱਕ ਕਿ ਮੈਨੂੰ ਅਕਸਰ ਹੀ ਗੈਂਗਸਟਰਾਂ ਕੋਲੋਂ ਧਮਕੀਆਂ ਵੀ ਮਿਲਦੀਆਂ ਰਹੀਆਂ ਜਿਸ ਕਰਕੇ ਆਪ ਜੀ ਵੱਲੋਂ ਮੈਨੂੰ ਬੁਲਟ ਪ੍ਰੂਫ ਗੱਡੀ ਅਤੇ ਹੋਰ ਸਖਤ ਸੁਰੱਖਿਆ ਮੁਹੱਈਆ ਕਰਵਾਈ ਗਈ ਹੈ।

ਮੁਖਤਾਰ ਅੰਸਾਰੀ ਦਾ ਮਾਮਲਾ ਵਾਰ-ਵਾਰ ਉਠਾਏ ਜਾਣ ਅਤੇ ਮੀਡੀਆ ਵੱਲੋਂ ਲਗਾਤਾਰ ਕੀਤੇ ਜਾਂਦੇ ਸਵਾਲਾਂ ਬਾਰੇ ਮੈਂ ਸਪੱਸ਼ਟ ਜਵਾਬ ਦੇਣ ਤੋਂ ਅਸਮਰੱਥ ਹਾਂ। ਜੇਲ੍ਹ ਵਿਭਾਗ ਭਾਵੇਂ ਮੇਰੇ ਅਧੀਨ ਹੈ ਪਰ ਕਿਸੇ ਵੀ ਕੈਦੀ ਨੂੰ ਛੱਡਣ ਜਾਂ ਅੰਦਰ ਕਰਨ ਵਿੱਚ ਵਿਭਾਗ ਦਾ ਕੋਈ ਹੱਥ ਨਹੀਂ ਹੁੰਦਾ। ਗ੍ਰਿਹ ਵਿਭਾਗ ਆਪ ਜੀ ਕੋਲ ਹੋਣ ਕਰਕੇ ਮੈਂ ਸਨਿਮਰ ਬੇਨਤੀ ਕਰਦਾ ਹਾਂ ਕਿ ਮੁਖਤਾਰ ਅੰਸਾਰੀ ਬਾਰੇ ਸਥਿਤੀ ਸਪੱਸ਼ਟ ਕਰਨ ਦੀ ਕ੍ਰਿਪਾਲਤਾ ਕਰੋ ਅਤੇ ਮੀਡੀਆ ਅਤੇ ਵਿਰੋਧੀ ਪਾਰਟੀਆਂ ਵੱਲੋਂ ਉਠਾਏ ਜਾ ਰਹੇ ਸਵਾਲਾਂ ਦਾ ਵੀ ਪੁਖਤਗੀ ਨਾਲ ਜਵਾਬ ਦਿੱਤਾ ਜਾਵੇ ਤਾਂ ਜੋ ਇਸ ਮਾਮਲੇ ਵਿੱਚ ਸਰਕਾਰ ਅਤੇ ਪਾਰਟੀ ਦੀ ਹੋ ਰਹੀ ਕਿਰਕਿਰੀ ਰੋਕੀ ਜਾ ਸਕੇ। ਮੈਂ ਵੀ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਇਸ ਮਾਮਲੇ ਵਿੱਚ ਗ੍ਰਿਹ ਵਿਭਾਗ ਮੇਰੀ ਜਾਣਕਾਰੀ ਤੋਂ ਬਿਨਾਂ ਵੀ ਸਮੇਂ-ਸਮੇਂ ’ਤੇ ਇਸ ਮਾਮਲੇ ਵਿੱਚ ਸਿੱਧਾ ਦਖਲ ਦਿੰਦਾ ਰਿਹਾ ਹੈ।

ਆਪ ਜੀ ਨੂੰ ਪਤਾ ਹੀ ਹੈ ਕਿ ਮੇਰੇ ਅਤੇ ਮੇਰੇ ਵਿਭਾਗ ਦੇ ਅਧਿਕਾਰੀਆਂ ਵੱਲੋਂ ਆਪ ਜੀ ਨੂੰ ਨਿੱਜੀ ਤੌਰ ’ਤੇ ਮਿਲ ਕੇ ਵੀ ਇਸ ਸਬੰਧੀ ਜਾਣਕਾਰੀ ਦਿੱਤੀ ਗਈ ਸੀ। ਮੁਖਤਾਰ ਅੰਸਾਰੀ ਕਾਰਨ ਕਾਂਗਰਸ ਪਾਰਟੀ ਦੀ ਪੁਜੀਸ਼ਨ ਵੀ ਖਰਾਬ ਹੋ ਰਹੀ ਹੈ। ਇਥੋਂ ਤੱਕ ਮੇਰੇ ਵੱਲੋਂ ਸਰਕਾਰੀ ਅਧਿਕਾਰੀਆਂ ਨਾਲ ਲਖਨਊ ਦੇ ਕੀਤੇ ਸਰਕਾਰੀ ਦੌਰੇ ਦੌਰਾਨ ਵੀ ਮੀਡੀਆ ਅਤੇ ਉਥੋਂ ਦੇ ਭਾਜਪਾ ਨਾਲ ਸਬੰਧਤ ਮੰਤਰੀ ਵੱਲੋਂ ਮੁਖਤਾਰ ਅੰਸਾਰੀ ਨੂੰ ਲੈ ਕੇ ਮੇਰੇ ਉਤੇ ਨਿੱਜੀ ਹਮਲੇ ਕੀਤੇ ਗਏ। ਸੂਬੇ ਵਿੱਚ ਵਿਧਾਨ ਸਭਾ ਚੋਣਾਂ ਬਹੁਤ ਨਜ਼ਦੀਕ ਹਨ ਅਤੇ ਮੈਂ ਨਹੀਂ ਚਾਹੁੰਦਾ ਕਿ ਵਿਰੋਧੀ ਪਾਰਟੀਆਂ ਅਤੇ ਮੀਡੀਆ ਇਸ ਮਾਮਲੇ ਨੂੰ ਹੁਣ ਹੋਰ ਉਛਾਲੇ, ਕ੍ਰਿਪਾ ਕਰਕੇ ਇਸ ਮਾਮਲੇ ’ਤੇ ਤੁਰੰਤ ਕਾਰਵਾਈ ਕਰਕੇ ਮੀਡੀਆ ਨੂੰ ਸਪੱਸ਼ਟ ਕੀਤਾ ਜਾਵੇ। ਮੈਂ ਆਪ ਜੀ ਨੂੰ ਇਹ ਵਿਸ਼ਵਾਸ ਦਿਵਾਉਂਦਾ ਹੈ ਕਿ ਇਸ ਮਾਮਲੇ ਵਿੱਚ ਜੇਕਰ ਮੇਰੇ ਵਿਭਾਗ ਦੇ ਕਿਸੇ ਅਧਿਕਾਰੀ ਜਾਂ ਕਰਮਚਾਰੀ ਦੀ ਕੋਤਾਹੀ ਪਾਈ ਗਈ ਤਾਂ ਉਸ ਨੂੰ ਬਖਸ਼ਿਆ ਨਹੀਂ ਜਾਵੇਗਾ।

ਆਦਰ ਸਹਿਤ

ਸੁਖਜਿੰਦਰ ਸਿੰਘ
(ਸੁਖਜਿੰਦਰ ਸਿੰਘ ਰੰਧਾਵਾ)

ਕੈਪਟਨ ਅਮਰਿੰਦਰ ਸਿੰਘ ਜੀ,
ਮੁੱਖ ਮੰਤਰੀ, ਪੰਜਾਬ।

**ਜੇਲ੍ਹ ਮੰਤਰੀ ਕਹਿ ਰਹੇ ਨੇ ਮੈਨੂੰ ਕੁਛ ਪਤਾ ਨਹੀਂ ..ਮੁੱਖ ਮੰਤਰੀ ਕਹਿ ਰਹੇ ਨੇ ਮੈਂ ਜ਼ਿੰਦਗੀ ’ਚ ਕਦੇ ਅੰਸਾਰੀ ਨੂੰ ਮਿਲਿਆ ਨਹੀਂ..ਜੇਲ੍ਹਾਂ ’ਚ ਕੌਣ ਆਇਆ ਕੌਣ ਗਿਆ..ਕਿਸ ਨੂੰ ਪਤਾ ਸੀ ? ਆਹ ਚਿੱਠੀ ਜਨਤਕ ਕਰ ਰਿਹਾ ਹਾਂ..ਲੋਕਾਂ ਨੂੰ ਪਤਾ ਲੱਗਣਾ ਚਾਹੀਦੈ ਕਿ ਤਜ਼ਰਬੇਕਾਰ ਸਰਕਾਰ ਕਿਵੇਂ ਚੱਲਦੀ ਸੀ..ਹੋਰ ਖੁਲਾਸੇ ਜਲਦੀ..**

# ਪੜ੍ਹੇ ਲਿਖੇ ਨੌਜਵਾਨ ਸਰਪੰਚੀ ਚੋਣਾਂ ਲਈ ਅੱਗੇ ਆਉਣ



**ਕਮਲਜੀਤ ਕੌਰ ਗੁੰਮਟੀ**

ਪੰਜਾਬ ਦੀ ਬਹੁਤ ਸਾਰੀ ਆਬਾਦੀ ਪਿੰਡਾਂ ਵਿਚ ਰਹਿੰਦੀ ਹੈ। ਪਿੰਡਾਂ ਦੇ ਸਰਵਪੱਖੀ ਵਿਕਾਸ ਦੀ ਜ਼ਿੰਮੇਵਾਰੀ ਪੰਚਾਇਤਾਂ ਦੀ ਹੁੰਦੀ ਹੈ। ਪਿੰਡ ਵਿਚ ਹਰ ਪੰਜ ਸਾਲ ਬਾਅਦ ਪੰਚਾਇਤ ਦੀ ਚੋਣ ਹੁੰਦੀ ਹੈ। ਪੰਚਾਇਤ ਵਿੱਚ ਪਿੰਡ ਦਾ ਮੁਖੀ ਸਰਪੰਚ ਹੁੰਦਾ ਹੈ ਅਤੇ ਉਸਦੇ ਸਲਾਹਕਾਰ ਪੰਚ ਹੁੰਦੇ ਹਨ। ਪੰਚਾਇਤ ਵੱਲੋਂ ਪਾਏ ਮਤੇ ਦੇ ਅਧਾਰ ’ਤੇ ਹੀ ਪਿੰਡ ਦੇ ਵਿਕਾਸ ਕਾਰਜਾਂ ਦਾ ਕੰਮ ਨੇਪਰੇ ਚੜ੍ਹਦਾ ਹੈ। ਅੱਜ ਦੇ ਡਿਜੀਟਲ ਕ੍ਰਾਂਤੀ ਵਾਲੇ ਯੁੱਗ ਵਿੱਚ ਸਰਪੰਚ ਦਾ ਪੜ੍ਹਿ?ਹਆ-ਲਿਖਿਆ ਹੋਣਾ ਲਾਜ਼ਮੀ ਹੈ। ਸਿੱਖਿਆ ਦੀ ਮਨੁੱਖੀ ਜੀਵਨ ਵਿੱਚ ਸਭ ਤੋਂ ਵੱਧ ਅਹਿਮੀਅਤ ਹੈ। ਸਿੱਖਿਅਤ ਸਰਪੰਚ ਹੀ ਪਿੰਡਾਂ ਦੀ ਨੁਹਾਰ ਬਦਲ ਸਕਦੇ ਹਨ। ਜਦ ਪਿੰਡ ਵੱਲੋਂ ਸਰਪੰਚ ਨਿਰਧਾਰਿਤ ਕਰ ਦਿੱਤਾ ਜਾਂਦਾ ਹੈ ਤਾਂ ਉਸ ਨੂੰ ਸਰਕਾਰ ਵੱਲੋਂ ਮੋਹਰ, ਸਵੈ ਘੋਸ਼ਣਾ ਪੱਤਰ ਗਵਾਹੀ ਜਾਂ ਕੋਈ ਵੀ ਕਾਗਜ਼ੀ ਕਾਰਵਾਈ ਨੂੰ ਪ੍ਰਮਾਣਿਤ ਕਰਨ ਲਈ ਦਿੱਤੀ ਜਾਂਦੀ ਹੈ। ਪੰਚਾਇਤ ਵਿੱਚ ਸਰਕਾਰ ਵੱਲੋਂ ਕਰੋੜਾਂ ਰੁਪਏ ਗਰਾਂਟ ਦੇ ਰੂਪ ਵਿੱਚ ਆਉਂਦੇ ਹਨ। ਇਸ ਗਰਾਂਟ ਨੂੰ ਪੰਚਾਇਤਾਂ ਨੇ ਪਿੰਡਾਂ ਦੇ ਵਿਕਾਸ ਲਈ ਖਰਚਣਾ ਹੁੰਦਾ ਹੈ। ਅਨਪੜ੍ਹ ਸਰਪੰਚਾਂ ਲਈ ਹਿਸਾਬ ਰੱਖਣ ਦੇ ਨਾਲ ਨਾਲ ਪੈਸੇ ਨੂੰ ਸਹੀ ਢੰਗ ਨਾਲ ਖਰਚਣਾ ਵੀ ਮੁਸ਼ਕਿਲ ਹੁੰਦਾ ਹੈ। ਅਨਪੜ੍ਹ ਸਰਪੰਚ ਨੂੰ ਹੋਰ ਧਨਾਢ ਲੋਕ ਕਠਪੁਤਲੀ ਬਣਾ ਕੇ ਫ਼ਾਇਦਾ ਉਠਾਉਂਦੇ ਹਨ। ਕਈ ਸਰਪੰਚ ਜਿਸ ਕਾਗਜ਼ ਉਪਰ ਤਸਦੀਕ ਕਰ ਕੇ ਦਸਤਖਤ ਕਰਦੇ ਹਨ ਉਸਨੂੰ ਪੜ੍ਹਨ ਦੇ ਵੀ ਯੋਗ ਨਹੀਂ ਹੁੰਦੇ। ਕਈ ਵਾਰ ਦੇਖਣ ਵਿੱਚ ਆਇਆ ਹੈ ਕਿ ਸਰਪੰਚ ਅਜਿਹੇ ਗ਼ਲਤ ਕਾਗਜ਼ ’ਤੇ ਮੋਹਰ ਲਗਾ ਦਿੰਦੇ ਹਨ, ਜਿਸ ਵਿੱਚ ਨਿੱਜੀ ਸੁਆਰਥ ਲਈ ਪਤੀ ਜਾਂ ਪਤਨੀ ਦਾ ਨਾਮ ਹੀ ਬਦਲ ਕੇ ਲਿਖਿਆ ਹੁੰਦਾ ਹੈ। ਸਰਪੰਚ ਦੇ ਬਿਨ ਪੜ੍ਹੇ ਤੋਂ ਕਿਸੇ ਵੀ ਕਾਗਜ਼ ’ਤੇ ਦਸਤਖ਼ਤ ਕਰਨ ਨਾਲ ਉਹ ਇਨਸਾਨ ਗੁੰਮਰਾਹ ਕੀਤਾ ਜਾਂਦਾ ਹੈ, ਜਿਸਦਾ ਕੋਈ ਦੋਸ਼ ਹੀ ਨਹੀਂ ਹੁੰਦਾ। ਇਹੋ ਜਿਹੀਆਂ ਗਲਤੀਆਂ ਸਰਪੰਚ ਲਈ ਵੀ ਬਿਪਤਾ ਦਾ ਕਾਰਨ ਬਣਦੀਆਂ ਹਨ। ਬਿਨਾਂ ਕਸੂਰ ਤੋਂ ਉਸ ਨੂੰ ਕਸੂਰਵਾਰ ਬਣਾ ਦਿੰਦੀਆਂ ਹਨ। ਕਈ ਵਾਰ ਤਾਂ ਕੇਸ ਵੀ ਭੁਗਤਣੇ ਪੈਂਦੇ ਹਨ। ਅਨਪੜ੍ਹਤਾ ਕਾਰਨ ਹੱਕ ਲਈ ਕੋਈ ਵੀ ਸਰਪੰਚ ਸਹੀ ਤਰੀਕੇ ਨਾਲ ਮੁੱਦਾ ਚੁੱਕਣ ਦੇ ਯੋਗ ਨਹੀਂ ਹੁੰਦਾ। ਸਰਕਾਰ ਦੀਆਂ ਦਿੱਤੀਆਂ ਯੋਜਨਾਵਾਂ ਦੇ ਲਾਭਪਾਤਰੀਆਂ ਨੂੰ ਸਰਪੰਚ ਦੇ ਦਸਤਖਤ ਕਰਨ ਤੋਂ ਬਾਅਦ ਹੀ ਪੈਸਾ ਮਿਲਦਾ ਹੈ। ਸਰਕਾਰ ਵੱਲੋਂ ਮਿਲਦੀਆਂ ਇਹਨਾਂ ਯੋਜਨਾਵਾਂ ਵਿੱਚ ਕਈ ਵਾਰ ਸਰਪੰਚ ਤੋਂ ਕਾਗਜ਼ ਤਸਦੀਕ ਕਰਵਾ ਕੇ ਉਹ ਲੋਕ ਹੱਕ ਲੈ ਜਾਂਦੇ ਹਨ ਜੋ ਹੱਕਦਾਰ ਹੁੰਦੇ ਹੀ ਨਹੀਂ। ਜਿਸ ਤਰ੍ਹਾਂ ਬੁਢਾਪਾ ਪੈਨਸ਼ਨ ਵਿਚ ਬਹੁਤੇ ਲੋਕ ਸਰਪੰਚ ਤੋਂ ਕਾਗਜ਼ ਤਸਦੀਕ ਕਰਵਾ ਕੇ ਅਧਾਰ ਕਾਰਡ ਉਪਰ ਆਪਣੀ ਉਮਰ ਵਧਾ ਲੈਂਦੇ ਹਨ ਅਤੇ ਅਧਾਰ ਕਾਰਡ ਦੇ ਜ਼ਰੀਏ ਵੋਟਰ ਕਾਰਡ ’ਤੇ ਉਮਰ ਵਧ ਜਾਂਦੀ ਹੈ। ਅਨੇਕਾਂ ਅਜਿਹੇ ਲੋਕ ਹਨ ਜੋ ਘੱਟ ਉਮਰ ਵਿੱਚ ਬੁਢਾਪਾ ਪੈਨਸ਼ਨ ਦਾ ਲਾਭ ਉਠਾ ਰਹੇ ਹਨ ਪਰ ਅਸਲ ਵਿਚ ਬੁਢਾਪੇ ਵਿੱਚ ਪਹੁੰਚੇ ਲੋਕ ਇਸ ਸਹੂਲਤ ਤੋਂ ਵਾਂਝੇ ਹਨ। ਪੰਚਾਇਤੀ ਚੋਣਾਂ ਸਮੇਂ ਇਹ ਦੇਖਣਾ ਜ਼ਰੂਰੀ ਹੈ ਕਿ ਉਮੀਦਵਾਰਾਂ ਦੀ ਵਿਦਿਅਕ ਯੋਗਤਾ ਕੀ ਹੈ? ਕੀ ਉਹ ਆਪਣੇ ਪਿੰਡ ਦਾ ਵਿਕਾਸ ਕਰ ਸਕਦੇ ਹਨ। ਰਾਖਵੀਆਂ ਸੀਟਾਂ ’ਤੇ ਸਰਪੰਚ ਦੀ ਚੋਣ ਲੜ ਰਹੇ ਉਮੀਦਵਾਰ ਦੀ ਯੋਗਤਾ ਦੇਖਣੀ ਅਤਿ ਜ਼ਰੂਰੀ ਹੈ। ਕਈ ਵਾਰ ਪੈਸੇ ਵਾਲੇ ਲੋਕ ਰਾਖਵੀਂ ਸੀਟ ਵਾਲੇ ਸਰਪੰਚ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹਨ। ਸਾਡੇ ਸੂਬੇ ਪੰਜਾਬ ਨੇ ਪੰਚਾਇਤਾਂ ਨੂੰ ਸੰਵਿਧਾਨਕ ਰੁਤਬਾ ਦੇਣ ਲਈ ਪੰਜਾਬ ਪੰਚਾਇਤੀ ਰਾਜ ਐਕਟ ਬਣਾ ਕੇ 21 ਅਪਰੈਲ 1994 ਨੂੰ ਲਾਗੂ ਕੀਤਾ ਸੀ। ਇਸ ਐਕਟ ਦੇ ਲਾਗੂ ਹੋਣ ਨਾਲ ਪਿੰਡਾਂ ਦਾ ਵਿਕਾਸ, ਸਮਾਜਿਕ ਸਮਾਨਤਾ ਅਤੇ ਲੋਕਾਂ ਦੀ ਭਾਗੀਦਾਰੀ ਸੰਭਵ ਹੋਈ। 200 ਆਬਾਦੀ ਤਕ ਗ੍ਰਾਮ ਸਭਾ ਦੀ ਸਥਾਪਨਾ ਕੀਤੀ ਗਈ। ਗ੍ਰਾਮ ਸਭਾ ਨੂੰ ਵਿਕਾਸ ਕਾਰਜ ਹਿੱਤ ਬਜਟ ਦੀ ਪ੍ਰਵਾਨਗੀ, ਵਿਕਾਸ ਸਕੀਮਾਂ ਲਾਗੂ ਕਰਨਾ ਅਤੇ ਲਾਭਪਾਤਰਾਂ ਦੀ ਪਛਾਣ ਕਰਨ ਵਰਗੀਆਂ ਸ਼ਕਤੀਆਂ ਦਿੱਤੀਆ ਗਈਆਂ। ਇੰਨੇ ਸਾਲ ਬੀਤ ਜਾਣ ਤੋਂ ਬਾਅਦ ਵੀ ਪਿੰਡਾਂ ਵਿੱਚ ਪੜ੍ਹੀਆਂ ਲਿਖੀਆਂ ਪੰਚਾਇਤਾਂ ਬਣਾਉਣ ਵਿਚ ਅਸੀਂ ਕਾਮਯਾਬ ਨਹੀਂ ਹੋ ਸਕੇ। ਸਰਕਾਰਾਂ ਦਾ ਫਰਜ਼ ਹੈ ਕਿ ਪੰਚਾਇਤੀ ਚੋਣਾਂ ਤੋਂ ਪਹਿਲਾਂ ਉਮੀਦਵਾਰਾਂ ਦੀ ਵਿਦਿਅਕ ਯੋਗਤਾ ਨੂੰ ਤਾਂ ਧਿਆਨ ਵਿਚ ਰੱਖਿਆ ਹੀ ਜਾਵੇ ਨਾਲ ਨਾਲ ਹੀ ਘੱਟ ਪੜ੍ਹੇ-ਲਿਖੇ ਸਰਪੰਚਾਂ-ਪੰਚਾਂ ਨੂੰ ਸਰਕਾਰੀ ਯੋਜਨਾਵਾਂ ਤਹਿਤ ਸਿੱਖਿਅਤ ਕੀਤਾ ਜਾਵੇ।

ਪੜ੍ਹਿ?ਹਆ ਲਿਖਿਆ ਸਰਪੰਚ ਹੀ ਪਿੰਡ ਨੂੰ ਵਿਕਾਸ ਦੀ ਰਾਹ ’ਤੇ ਲਿਜਾ ਸਕਦਾ ਹੈ ਤੇ ਪਿੰਡ ਦੀ ਯੋਗ ਅਗਵਾਈ ਕਰ ਸਕਦਾ ਹੈ। ਕਿਸੇ ਫੈਸਲੇ ਸਬੰਧੀ ਟਿੱਪਣੀ ਲਿਖ ਕੇ ਹੁਕਮ ਜਾਰੀ ਕਰ ਸਕਦਾ ਹੈ। ਦੇਸ਼ ਤੇ ਸੂਬੇ ਅੰਦਰ ਸਰਕਾਰ ਵੱਲੋਂ ਤਿਆਰ ਸਿੱਖਿਆ, ਸਿਹਤ ਅਤੇ ਸ਼ੁੱਧ ਵਾਤਾਵਰਣ ਸਬੰਧੀ ਨੀਤੀਆਂ ਦੀ ਪੂਰਨ ਤੌਰ ’ਤੇ ਜਾਣਕਾਰੀ ਲੈ ਸਕਦਾ ਹੈ। ਗਰਾਮ ਸਭਾ ਦੀਆਂ ਮੀਟਿੰਗਾਂ ਦੇ ਲੇਖੇ-ਜੋਖੇ ਦੀ ਰਿਪੋਰਟ ਸਰਪੰਚ ਤਾਂ ਹੀ ਸਹੀ ਤਰੀਕੇ ਨਾਲ ਪੇਸ਼ ਕਰ ਸਕਦਾ ਹੈ ਜੇ ਉਹ ਪੜ੍ਹਿ?ਹਆ ਲਿਖਿਆ ਹੋਵੇਗਾ।

ਸਰਕਾਰ ਪੜ੍ਹੇ ਲਿਖੇ ਨੌਜਵਾਨਾਂ ਨੂੰ ਸਰਪੰਚੀ ਦੀਆਂ ਚੋਣਾਂ ਲੜਨ ਲਈ ਉਤਸ਼ਾਹਿਤ ਕਰੇ। ਕਿਸੇ ਕਿਸਮ ਦਾ ਲਾਲਚ ਦਿੱਤੇ ਬਗੈਰ ਵੋਟਾਂ ਲਈਆਂ ਜਾਣ। ਲਾਲਚੀ ਵਿਵਸਥਾ ਅਤੇ ਬੇਲੋੜੇ ਖਰਚ ’ਤੇ ਪਾਬੰਦੀ ਲਗਾਈ ਜਾਵੇ। ਧੜੇਬੰਦੀ ਤੋਂ ਉੱਪਰ ਉੱਠ ਕੇ ਸਰਬਸੰਮਤੀ ਨਾਲ ਸਰਪੰਚ ਦੀ ਚੋਣ ਹੋਵੇ ਤਾਂ ਹੋਰ ਵੀ ਸੋਨੇ ਤੇ ਸੁਹਾਗੇ ਵਾਲੀ ਗੱਲ ਹੋਵੇਗੀ। ਪੜ੍ਹਾਈ ਯੋਗਤਾ ਜ਼ਰੂਰੀ ਕੀਤੀ ਜਾਵੇ। ਬੇਰੁਜ਼ਗਾਰੀ ਵਿੱਚ ਧਸੇ ਨੌਜਵਾਨਾਂ ਨੂੰ ਅਜਿਹੇ ਅਹੁਦਿਆਂ ’ਤੇ ਲਿਆ ਕੇ ਉਨ੍ਹਾਂ ਦੀਆਂ ਤਨਖਾਹਾਂ ਨਿਰਧਾਰਿਤ ਕੀਤੀਆਂ ਜਾਣ ਅਤੇ ਸਮੇਂ ਸਮੇਂ ’ਤੇ ਵਾਧਾ ਵੀ ਕੀਤਾ ਜਾਵੇ ਤਾਂ ਕਿ ਸਾਰਾ ਕੰਮ ਇਮਾਨਦਾਰੀ ਨਾਲ ਹੋ ਸਕੇ। ਸਰਕਾਰ ਵੱਲੋਂ ਸਰਪੰਚਾਂ ਨੂੰ ਹਲਕੀ ਫੁਲਕੀ ਤਨਖਾਹ ਲਾਗੂ ਤਾਂ ਕੀਤੀ ਗਈ ਹੈ, ਪਰ ਇਹ ਕਾਗਜ਼ਾਂ ਤੱਕ ਹੀ ਸੀਮਿਤ ਹੋ ਕੇ ਰਹਿ ਗਈ। ਪੜ੍ਹੇ ਲਿਖੇ ਸੂਝਵਾਨ, ਦੂਰਅੰਦੇਸ਼ੀ ਅਤੇ ਨਿਰਪੱਖ ਸੋਚ ਵਾਲੇ ਸਰਪੰਚ ਹੀ ਪਿੰਡਾਂ ਨੂੰ ਅੱਗੇ ਤੋਰ ਸਕਦੇ ਹਨ।

# ਵਿਦਿਆਰਥੀਆਂ ਦੇ ਸੁਪਨੇ, ਸੰਘਰਸ਼ ਤੇ ਸਫਲਤਾ

**ਬਿਕਰਮਜੀਤ ਕੁੱਲੇਵਾਲ**

ਉੱਜਲ ਭਵਿੱਖ ਦਾ ਸੁਪਨਾ ਲੈ ਕੇ ਪੰਜਾਬ ਤੋਂ ਕੈਨੇਡਾ ਆਏ ਵਿਦਿਆਰਥੀ ਆਪਣਾ ਭਵਿੱਖ ਬਚਾਉਣ ਲਈ ਸੰਘਰਸ਼ ਕਰ ਰਹੇ ਹਨ। ਪਿਛਲੇ ਕਈ ਮਹੀਨਿਆਂ ਤੋਂ ਇਨ੍ਹਾਂ ਖ਼ਬਰਾਂ ਨੇ ਸਭ ਦਾ ਧਿਆਨ ਆਪਣੇ ਵੱਲ ਖਿੱਚਿਆ ਕਿ 700 ਭਾਰਤੀ ਵਿਦਿਆਰਥੀਆਂ ਨੂੰ ਕੈਨੇਡਾ ਤੋਂ ਡਿਪੋਰਟ ਕੀਤਾ ਜਾ ਰਿਹਾ ਹੈ। ਅਸਲ ਵਿੱਚ ਆਪਣੀ ਵੀਜ਼ਾ ਫਾਈਲ ‘ਚ ਫਰਜ਼ੀ ਆਫਰ ਲੈਟਰ ਦੀ ਵਰਤੋਂ ਕਰਨ ਨਾਲ ਇਨ੍ਹਾਂ ਵਿਦਿਆਰਥੀਆਂ ਨੂੰ ਕੈਨੇਡਾ ਵਿੱਚ ਖੱਜਲ ਖੁਆਰ ਹੋਣਾ ਪੈ ਰਿਹਾ ਹੈ। ਦਰਅਸਲ, ਫਰਜ਼ੀ ਆਫਰ ਲੈਟਰ ਵਾਲੇ ਵਿਦਿਆਰਥੀਆਂ ਦੀ ਅਸਲ ਗਿਣਤੀ ਕਿੰਨੀ ਹੈ, ਇਸ ਬਾਰੇ ਕੋਈ ਨਹੀਂ ਜਾਣਦਾ। ਉੱਪਰ ਦਿੱਤਾ 700 ਵਾਲਾ ਅੰਕੜਾ ਗਲਤ ਹੈ ਕਿਉਂਕਿ ਪਹਿਲਾਂ ਪਹਿਲਾਂ ਕਿਸੇ ਡਿਪੋਰਟ ਹੋਣ ਵਾਲੇ ਵਿਦਿਆਰਥੀ ਨੇ ਇੱਕ ਇੰਟਰਵਿਊ ਵਿੱਚ ਕਹਿ ਦਿੱਤਾ ਕਿ “700 ਵਿਦਿਆਰਥੀ ਹੋ ਸਕਦੇ ਹਨ।” ਬਾਅਦ ਵਿੱਚ ਇਹ ਅੰਕੜਾ ਹੀ ਚੱਲਿਆ ਆ ਰਿਹਾ ਹੈ।

ਸਾਡੇ ਮੁਤਾਬਕ ਹੁਣ ਤੱਕ 150 ਦੇ ਕਰੀਬ ਵਿਦਿਆਰਥੀ ਹਨ ਜਿਨ੍ਹਾਂ ਨੂੰ ਇਮੀਗ੍ਰੇਸ਼ਨ ਵਿਭਾਗ ਵੱਲੋਂ ਇਹ ਪੱਤਰ ਭੇਜੇ ਗਏ, ਪਰ ਕਿੰਨਿਆਂ ਨੂੰ ਹੋਰ ਭੇਜੇ ਜਾ ਸਕਦੇ ਹਨ, ਇਸ ਬਾਰੇ ਕੁਝ ਪਤਾ ਨਹੀਂ ਹੈ ਕਿਉਂਕਿ ਇਨ੍ਹਾਂ ਦੀ ਅਜੇ ਜਾਂਚ ਚੱਲ ਰਹੀ ਹੈ। ਇਹ ਧੋਖਾਧੜੀ ਅਸਲ ਵਿੱਚ ਪੰਜਾਬ ਦੇ ਏਜੰਟਾਂ ਨੇ ਸ਼ੁਰੂ ਕੀਤੀ ਜਿਨ੍ਹਾਂ ਨੇ ਇੱਕ ਵਾਰ ਵਿੱਚ ਵੱਧ ਤੋਂ ਵੱਧ ਵਿਦਿਆਰਥੀ ਕੈਨੇਡਾ ਭੇਜਣ ਲਈ ਕਾਲਜਾਂ ਦੇ ਜਾਅਲੀ ਆਫਰ ਲੈਟਰ ਬਣਾ ਕੇ ਵੀਜ਼ਾ ਫਾਈਲਾਂ ਲਗਾਈਆਂ ਕਿਉਂਕਿ ਕੈਨੇਡਾ ਆਉਣ ਲਈ ਕਾਲਜ ਵਿੱਚ ਸਿਰਫ਼ 3 ਵਾਰ ਜਨਵਰੀ, ਮਈ ਅਤੇ ਸਤੰਬਰ ਨੂੰ ਹੀ ਵਿਦਿਆਰਥੀਆਂ ਨੂੰ ਭੇਜਿਆ ਜਾਂਦਾ ਹੈ।

ਪੰਜਾਬੀ ਵਿਦਿਆਰਥੀਆਂ ਨਾਲ ਇੰਨੀ ਵੱਡੀ ਧੋਖਾਧੜੀ ਹੋਣ ਦੇ ਪਿੱਛੇ ਦੋ ਕਾਰਨ ਹਨ। ਪਹਿਲਾ ਕਾਰਨ ਹੈ ਵੱਡੀ ਗਿਣਤੀ ਵਿੱਚ ਪੰਜਾਬੀ ਵਿਦਿਆਰਥੀ ਕੈਨੇਡਾ ਜਾਣ ਦੇ ਚਾਹਵਾਨ ਹਨ। ਦੂਜਾ ਕਾਰਨ ਕੈਨੇਡਾ ਵਿੱਚ ਵੀ ਪ੍ਰਾਈਵੇਟ ਕਾਲਜ ਦੁਕਾਨਾਂ ਵਾਂਗ ਖੁੱਲ੍ਹੇ ਹੋਏ ਹਨ ਜਿਨ੍ਹਾਂ ਦਾ ਮਕਸਦ ਸਿਰਫ਼ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਦਾਖਲਾ ਦੇ ਕੇ ਉਨ੍ਹਾਂ ਤੋਂ ਪ੍ਰਤੀ ਵਿਦਿਆਰਥੀ 16 ਤੋਂ 20 ਹਜ਼ਾਰ ਡਾਲਰ ਫੀਸ ਲੈ ਕੇ ਆਪਣੀਆਂ ਜੇਬਾਂ ਭਰਨਾ ਹੈ। ਇਹ ਕਾਲਜ ਅਜਿਹੇ ਹਨ ਜਿੱਥੇ ਕੋਈ ਵੀ ਕੈਨੇਡੀਅਨ ਬੱਚਾ ਨਹੀਂ ਪੜ੍ਹਦਾ ਕਿਉਂਕਿ ਇਹ ਕਾਲਜ ਦੁਕਾਨਾਂ ਵਰਗੇ ਹੋਣ ਕਰਨ ਜ਼ਰੂਰੀ ਮਾਪਦੰਡਾਂ ‘ਤੇ ਖਰੇ ਨਹੀਂ ਉਤਰਦੇ। ਇਨ੍ਹਾਂ ਕਾਲਜਾਂ ਦੇ ਨਾਂ ‘ਤੇ ਵੀਜ਼ਾ ਵੀ ਨਹੀਂ ਮਿਲਦਾ। ਇਨ੍ਹਾਂ ਦੋਵੇਂ ਕਾਰਨਾਂ ਦਾ ਫਾਇਦਾ ਏਜੰਟ ਉਠਾਉਂਦੇ ਹਨ। ਇਸ ਕਰਕੇ ਉਹ ਕੈਨੇਡਾ ਦੇ ਨਾਮੀ ਕਾਲਜਾਂ ਦੇ ਫਰਜ਼ੀ ਆਫਰ ਲੈਟਰ ਲਗਾ ਕੇ ਵੀਜ਼ਾ ਫਾਈਲ ਲਗਾਉਂਦੇ ਹਨ। ਅਸਲ ਵਿੱਚ ਇਹ ਗਹਿਰਾ ਨੈੱਟਵਰਕ ਹੈ। ਜਦੋਂ ਇਹ ਫਰਜ਼ੀ ਆਫਰ ਲੈਟਰ ਵਾਲੇ ਵਿਦਿਆਰਥੀ ਕੈਨੇਡਾ ਪਹੁੰਚ ਗਏ ਤਾਂ ਏਜੰਟਾਂ ਵੱਲੋਂ ਇਨ੍ਹਾਂ ਨੂੰ ਆਫਰ ਲੈਟਰ ਵਾਲੇ ਕਾਲਜ ਜਾਣ ਤੋਂ ਰੋਕਿਆ ਗਿਆ ਕਿਉਂਕਿ ਵਿਦਿਆਰਥੀ ਅਸਲ ਵਿੱਚ ਉੱਥੇ ਦਾਖਲ ਹੀ ਨਹੀਂ ਹੋਇਆ ਹੁੰਦਾ। ਇਹ ਏਜੰਟ ਤਰ੍ਹਾਂ ਤਰ੍ਹਾਂ ਦੇ ਝੂਠ ਬੋਲ ਕੇ ਵਿਦਿਆਰਥੀ ਨੂੰ ਕਿਸੇ ਹੋਰ ਪ੍ਰਾਈਵੇਟ ਕਾਲਜ ਵਿੱਚ ਦਾਖਲ ਕਰਵਾ ਦਿੰਦੇ ਸਨ।

ਕੁਝ ਪੰਜਾਬੀ ਵਿਦਿਆਰਥੀ ਏਜੰਟਾਂ ਦੇ ਮਨ੍ਹਾ ਕਰਨ ਦੇ ਬਾਵਜੂਦ ਕਾਲਜ ਚਲੇ ਗਏ ਤੇ ਕਾਲਜ ਨੂੰ ਵੀ ਕਈ ਦਿਨ ਛਾਣਬੀਨ ਕਰਨ ਤੋਂ ਬਾਅਦ ਪਤਾ ਲੱਗਿਆ ਕਿ ਇਹ ਆਫਰ ਲੈਟਰ ਜਾਅਲੀ ਹਨ। ਅਜਿਹੇ ਵਿਦਿਆਰਥੀਆਂ ਦੀ ਫੀਸ ਵੀ ਕਾਲਜ ਕੋਲ ਨਹੀਂ ਪਹੁੰਚੀ। ਇਨ੍ਹਾਂ ਵਿਦਿਆਰਥੀਆਂ ਵਿੱਚੋਂ ਇੱਕ ਲਵਪ੍ਰੀਤ ਸਿੰਘ ਵੀ ਸੀ ਜੋ 2018 ਵਿੱਚ ਕੈਨੇਡਾ ਆਇਆ ਸੀ। ਹੁਣ ਸੰਘਰਸ਼ ਦੇ ਸਿਰ ‘ਤੇ ਉਸ ਦੀ ਡਿਪੋਰਟੇਸ਼ਨ ਰੁਕੀ ਜੋ ਕਿ 13 ਜੂਨ ਨੂੰ ਹੋਣੀ ਸੀ। ਉਸ ਮਗਰੋਂ ਬਾਕੀ ਵਿਦਿਆਰਥੀ ਅਗਲੀ ਸੂਚੀ ਵਿੱਚ ਸਨ।

ਇਹ ਸਾਰਾ ਮਾਮਲਾ ਸਾਡੀ ਸੰਸਥਾ ਐੱਨ.ਐੱਸ.ਐੱਨ. (ਨੌਜਵਾਨ ਸਪੋਰਟ ਨੈੱਟਵਰਕ) ਦੇ ਧਿਆਨ ਵਿੱਚ 6-7 ਮਹੀਨੇ ਪਹਿਲਾਂ ਆਇਆ। ਫਿਰ ਇਸ ਮਾਮਲੇ ‘ਤੇ ਸਾਡੀ ਸੰਸਥਾ ਨੇ ਹੋਰਾਂ ਨੂੰ ਨਾਲ ਲੈ ਕੇ ਡਿਕਸੀ ਗੁਰੂਘਰ ਬਰੈਂਪਟਨ ਵਿਖੇ ਮੀਟਿੰਗ ਕੀਤੀ ਜਿਸ ਵਿੱਚ ਕਰੀਬ 20 ਵਿਦਿਆਰਥੀ ਸ਼ਾਮਲ ਸਨ। ਇਸ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਸੁਝਾਅ ਦਿੱਤਾ ਕਿ ਕਾਨੂੰਨੀ ਪ੍ਰਕਿਰਿਆ ਰਾਹੀਂ ਸਾਰੇ ਵਿਦਿਆਰਥੀਆਂ ਨੂੰ ਦੋਸ਼ੀ ਸਾਬਤ ਕਰ ਦਿੱਤਾ ਜਾਵੇਗਾ ਕਿਉਂਕਿ ਫਾਇਲ ਭਾਵੇਂ ਏਜੰਟ ਤਿਆਰ ਕਰਦਾ ਹੈ, ਪਰ ਜਮ੍ਹਾਂ ਵਿਦਿਆਰਥੀ ਖ਼ੁਦ ਕਰਦਾ ਹੈ। ਉਹ ਹੀ ਇਸ ‘ਤੇ ਹਸਤਾਖਰ ਕਰਦਾ ਹੈ, ਇਸ ਲਈ ਕਾਨੂੰਨ ਦੀ ਨਜ਼ਰ ਵਿੱਚ ਉਹੀ ਜ਼ਿੰਮੇਵਾਰ ਹੈ। ਇਸ ਲਈ ਉਨ੍ਹਾਂ ਸਾਰਿਆਂ ਨੂੰ ਜਥੇਬੰਦ ਹੋ ਕੇ ਸੰਘਰਸ਼ ਕਰਨ ਲਈ ਲਾਮਬੰਦ ਕੀਤਾ ਗਿਆ।

ਵਿਦਿਆਰਥੀਆਂ ਨੇ ਜਦੋਂ ਇਹ ਲੜਾਈ ਸ਼ੁਰੂ ਕੀਤੀ ਤਾਂ ਉਨ੍ਹਾਂ ਦੀ ਗਿਣਤੀ 13-14 ਹੀ ਸੀ। ਸ਼ੁਰੂਆਤ ਵਿੱਚ ਸਾਡੀ ਜਥੇਬੰਦੀ ਦੀ ਅਗਵਾਈ ਵਿੱਚ ਦੋ ਵਿਰੋਧ ਪ੍ਰਦਰਸ਼ਨ ਕੀਤੇ ਗਏ, ਪਰ ਅਖੀਰ ‘ਤੇ ਐੱਨਐੱਸਐੱਨ ਦੇ ਮੈਂਬਰਾਂ ਦੀ ਅਗਵਾਈ ਵਿੱਚ ਜਦੋਂ ਪਹਿਲੀ ਸ਼ਾਮ ਨੂੰ ਕੈਨੇਡੀਅਨ ਬਾਰਡਰ ਐਂਡ ਸਰਵਿਸਿਜ਼ ਏਜੰਸੀ ਦੇ ਦਫ਼ਤਰ ਬਾਹਰ ਦਿਨ-ਰਾਤ ਪੱਕਾ ਬੈਠਣ ਦਾ ਮਨ ਬਣਾਇਆ ਤਾਂ ਵੱਡਾ ਕਾਫਲਾ ਬਣ ਗਿਆ। ਇਸ ਵਿੱਚ ਹੋਰ ਪੀੜਤ ਵਿਦਿਆਰਥੀ ਵੀ ਸ਼ਾਮਲ ਹੋਣ ਲੱਗੇ। ਇਸ ਮੋਰਚੇ ਵਿੱਚ ਪੰਜਾਬੀ ਭਾਈਚਾਰਾ ਡਟ ਗਿਆ। ਕੁਝ ਸਥਾਨਕ ਪੰਜਾਬੀ ਬਿਜ਼ਨਸਮੈਨ, ਗਾਇਕ ਐਲੀ ਮਾਂਗਟ, ਕੰਜ਼ਰਵੇਟਿਵ ਪਾਰਟੀ ਦੇ ਸਥਾਨਕ ਆਗੂ, ਖਾਲਸਾ ਏਡ, ਇੰਟਰਨੈਸ਼ਨਲ ਸਿੱਖ ਸਟੂਡੈਂਟਸ ਐਸੋਸੀਏਸ਼ਨ ਤੋਂ ਜੱਸਾ ਸਿੰਘ ਨੇ ਇਸ ਮੋਰਚੇ ਨੂੰ ਦਿਨ-ਰਾਤ ਸਮਰਪਿਤ ਕਰ ਦਿੱਤਾ। ਹਰ ਰਾਤ ਬਹੁਤ ਸਾਰੇ ਲੋਕ ਇਕੱਠੇ ਬੈਠ ਕੇ ਲੰਗਰ ਛਕਦੇ ਸਨ, ਜਿਸ ਵਿੱਚ ਲੋਕਾਂ ਨੇ ਵਧ ਚੜ੍ਹ ਕੇ ਯੋਗਦਾਨ ਪਾਇਆ। ਬਰਸਾਤ ਵਿੱਚ ਟੈਂਟ ਅਤੇ ਛਤਰੀਆਂ ਦੇ ਢੇਰ ਲਾ ਦਿੱਤੇ ਅਤੇ ਠੰਢ ਵਿੱਚ ਗੱਦਿਆਂ ਅਤੇ ਕੰਬਲਾਂ ਦੇ। ਉਸ ਤੋਂ ਬਾਅਦ ਜਦੋਂ 11 ਤਰੀਕ ਨੂੰ ਲਵਪ੍ਰੀਤ ਦੀ ਡਿਪੋਰਟੇਸ਼ਨ ਰੁਕਣ ਦਾ ਸਰਕਾਰੀ ਹੁਕਮ ਆਇਆ ਤਾਂ ਮੋਰਚਾ ਪੂਰੀ ਤਰ੍ਹਾਂ ਚੜ੍ਹਦੀਕਲਾ ਵਿੱਚ ਹੋ ਗਿਆ ਅਤੇ ਪਹਿਲਾਂ ਜੋ ਇਹ ਸੋਚ ਰਹੇ ਸਨ ਕਿ ਇੱਥੇ ਬੈਠ ਕੇ ਕੁਝ ਹਾਸਲ ਨਹੀਂ ਹੋਵੇਗਾ, ਉਨ੍ਹਾਂ ਸਾਰਿਆਂ ਨੇ ਸੋਚਿਆ ਕਿ ਹੁਣ ਅਸੀਂ ਸਹੀ ਰਸਤੇ ‘ਤੇ ਚੱਲ ਰਹੇ ਹਾਂ।

ਦਰਦ ਸ਼ੁਰੂ ਕਰ ਦਿੰਦਾ ਹੈ। ਮਾਈਗ੍ਰੇਨ ਦਾ ਅਟੈਕ ਬਾਰ-ਬਾਰ ਹੁੰਦਾ ਹੈ। ਮਾਈਗ੍ਰੇਨ ਦੀ ਹਾਲਤ ਵਿਚ ਵਿਅਕਤੀ ਪੇਟ ਅੰਦਰ ਗੜਬੜ, ਉਲਟੀਆਂ ਦੇ ਨਾਲ ਚੱਕਰ ਆਉਣੇ ਸ਼ੁਰੂ ਹੋ ਜਾਂਦੇ ਹਨ।

ਤਣਾਅ ਯਾਨਿ ਟੀਟੀਐਚ ਪ੍ਰਾਇਮਰੀ ਕਿਸਮ ਦਾ ਸਿਰ ਦਰਦ ਹੈ। ਤਕਰੀਬਨ 70% ਵਿਅਕਤੀ ਐਪੀਸੋਡਿਕ ਟੀਟੀਐਚ ਦੀ ਹਾਲਤ ਵਿਚ 15 ਦਿਨ ਤੋਂ ਪਹਿਲਾਂ ਹੀ ਦਰਦ ਦੇ ਸ਼ਿਕਾਰ ਹੋ ਜਾਂਦੇ ਹਨ। ਇਸਦਾ ਅਸਰ ਨੌਜਵਾਨਾਂ ਵਿਚ ਜ਼ਿਆਦਾ ਦੇਖਿਆ ਜਾ ਰਿਹਾ ਹੈ। ਤਣਾਅ ਸੰਬੰਧੀ ਦਰਦ ਗਰਦਨ ਦੀ ਮਾਸਪੇਸ਼ੀਆਂ ਕਾਰਨ ਹੋ ਸਕਦਾ ਹੈ। ਇਸ ਹਾਲਤ ਵਿਚ ਸਿਰ ਦੇ ਦੁਆਲ਼ੇ ਇਕ ਬੈਂਡ ਵਾਂਗ ਕਈ ਵਾਰ ਗਰਦਨ ਵਿਚ ਦਰਦ ਮਹਿਸੂਸ ਹੁੰਦੀ ਹੈ। ਕਲਸਟਰ ਦੀ ਹਾਲਤ ਵਿਚ ਗੰਭੀਰ ਸਿਰ ਦਰਦ ਦੌਰਾਣ ਇੱਕ ਅੱਖ ਵਿਚ ਜਾਂ ਇਸਦੇ ਦੁਆਲੇ, ਅੱਖਾਂ ਵਿੱਚੋਂ ਅੱਥਰੂ, ਲਾਲੀ, ਨੱਕ ਚਲਣ ਦੇ ਨਾਲ ਪਲਕ ਬਲਾਕ ਹੋ ਸਕਦੀ ਹੈ। ਦਵਾਈ ਦੀ ਜ਼ਿਆਦਾ ਇਸਤੇਮਾਲ ਨਾਲ ਐਮਓਐਚ ਸੈਕੰਡਰੀ ਸਿਰ ਦਰਦ, ਜੋ ਮਰਦਾਂ ਨਾਲੋਂ ਔਰਤਾਂ ਜ਼ਿਆਦਾ ਘੇਰੇ ਵਿਚ ਆਉਂਦੀਆਂ ਹਨ। ਸਮਾਜਿਕ, ਪਰਿਵਾਰਕ ਅਤੇ ਆਰਥਿਕ ਮਾਨਸਿਕ ਪ੍ਰੈਸ਼ਰ ਛੋਟੀ ਉਮਰ ਤੋਂ ਲੈ ਕੇ 50 ਸਾਲਾਂ ਦੀ ਉਮਰ ਤੱਕ ਜ਼ਿਆਦਾ ਸਿਰ ਦਰਦ ਦੀ ਸ਼ਿਕਾਇਤ ਦੇਖੀ ਜਾ ਰਹੀ ਹੈ।

ਸਿਰ ਦਰਦ ਦੇ ਰੋਗੀ ਆਪਣੇ ਲਾਈਫਸਟਾਇਲ ਵਿਚ ਬਦਲਾਅ ਕਰਕੇ ਅਤੇ ਅੱਗੇ ਲਿਖੇ ਤਰੀਕੇ ਦੁਆਰਾ ਬੇਹਤਰ ਜ਼ਿੰਦਗੀ ਜੀਅ ਸਕਦੇ ਹਨ:

- ਮਾਈਗ੍ਰੇਨ ਨੂੰ ਟਰਿੱਗਰ ਕਰਨ ਵਾਲੇ ਨਾਈਟ੍ਰੇਟਸ ਵਾਲੇ ਪਦਾਰਥ ਡੇਲੀ ਮੀਟ, ਬੇਕਨ, ਹਾਟ-ਡਾਗ 'ਚ ਇਸਤੇਮਾਲ ਹੋਣ ਵਾਲੇ ਸਾਸੇਜ, ਅਤੇ ਕੈਫੀਨ ਸਿਰ ਦਰਦ ਤੋਂ ਪਰੇਸ਼ਾਨ ਵਿਅਕਤੀ ਨੂੰ ਆਪਣੀ ਖੁਰਾਕ ਵਿੱਚ ਮੋਨੋਸੋਡੀਅਮ ਵਾਲੇ ਭੋਜਨ, ਤੇਲ-ਮਿਰਚ-ਮਸਾਲੇ ਵਾਲਾ ਅਚਾਰ, ਗਲੂਟਾਮੇਟ (ਐਮਐਸਜੀ), ਪ੍ਰੋਸੈਸਡ ਪਦਾਰਥ, ਫੈਟਾ, ਸੀਡਰ, ਪਰਮੇਸਨ 'ਤੇ ਸਵਿਸ (ਟਾਇਰਾਮਾਈਨ), ਮੱਖਣ, ਖੱਟੀ ਕ੍ਰੀਮ, ਦਹੀਂ, ਜੰਕ ਫੂਡ, ਆਈਸਕ੍ਰੀਮ, ਅਲਕੋਹਲ, ਵਗੈਰਾ ਤੋਂ ਪਰਹੇਜ਼ ਦੀ ਲੋੜ ਹੁੰਦੀ ਹੈ।
- ਸਿਰ ਦਰਦ ਵੇਲੇ ਕਾਟਨ ਬਾਲ (ਰੂਈ) ਲੈ ਕੇ ਲੈਵੇਂਡਰ ਇਸੈਂਸ਼ੀਅਲ ਤੇਲ ਦੀ 2-3 ਬੂੰਦਾਂ ਪਾ ਕੇ 10-15 ਮਿਨਟ ਇਨਹੇਲ ਯਾਨਿ ਸਾਹ ਲੈਣ ਨਾਲ ਰੋਗੀ ਨੂੰ ਆਰਾਮ ਮਿਲਦਾ ਹੈ।
- ਪਿਪਰਮੇਂਟ ਇਸੈਂਸ਼ੀਅਲ ਤੇਲ ਦੀਆਂ ਕੁੱਝ ਬੂੰਦਾਂ ਮੱਥੇ ਅਤੇ ਗਰਦਨ ਦੇ ਪਿੱਛੇ ਲਗਾ ਰਾਹਤ ਮਹਿਸੂਸ ਕਰੋ।
- ਸਿਰ ਦਰਦ ਤੋਂ ਪ੍ਰੇਸ਼ਾਨ ਲੋਕ ਜਿੰਜਰ-ਛੋਟੀ ਇਲਾਚੀ ਵਾਲੀ ਅਤੇ ਗ੍ਰੀਨ-ਟੀ, ਬਿਨਾ ਦੁੱਧ, ਚੀਨੀ ਤਾਜ਼ੇ ਨਿੰਬੂ ਰੱਸ ਵਾਲੀ ਚਾਹ ਰੋਜਾਨਾਂ 2-3 ਬਾਰ ਪੀ ਕੇ ਮਾਨਸਿਕ ਥਕਾਵਟ ਤੋਂ ਆਰਾਮ ਮਿਲਦਾ ਹੈ।
- ਸਰੀਰ ਅੰਦਰ ਮੈਗਨੀਸ਼ੀਅਮ ਦੀ ਕਮੀ 'ਤੇ ਔਰਤਾਂ ਨੂੰ ਮਾਹਵਾਰੀ ਦੌਰਾਨ ਹੋਣ ਵਾਲੇ ਸਿਰ ਦਰਦ ਅਤੇ ਮਾਈਗ੍ਰੇਨ ਦੇ ਅਟੈਕ ਵੇਲੇ ਓਟਮੀਲ, ਨਾਸ਼ਤੇ ਵਾਲਾ ਸੀਰੀਅਲ, ਸੈਸਮੇ ਸੀਡਜ਼, ਮੂੰਗਫਲੀ, ਬ੍ਰਾਜ਼ੀਲ ਨੱਟਸ, ਬਾਦਾਮ ਵਗੈਰਾ ਦਾ ਇਸਤੇਮਾਲ ਕਰਨਾ ਚਾਹੀਦਾ ਹੈ।
- ਹੀਟ-ਸਟ੍ਰੋਕ ਵਾਲੇ ਸਿਰ ਦਰਦ ਵਿਚ ਠੰਡਾ ਸ਼ਾਵਰ ਲੈਣ ਦੇ ਨਾਲ ਮੱਥੇ 'ਤੇ ਆਈਸ ਦੀ ਪੱਟੀ ਜਾਂ ਟਕੋਰ ਕਰਨ ਆਰਾਮ ਮਿਲਦਾ ਹੈ।
- ਹਾਜ਼ਮਾ ਟੀਕ ਰੱਖਣ ਲਈ ਗਰਮ ਪਾਣੀ ਜਿਆਦਾ ਪੀਓ ਅਤੇ ਕਬਜ਼ ਦੀ ਹਾਲਤ ਵਿਚ 1 ਕੱਪ ਗਰਮ ਦੁੱਧ ਵਿਚ ਅੱਧੇ ਤੋਂ 1 ਚਮਚ ਕੈਸਟਰ ਆਇਲ ਜਾਂ ਈਸਬਗੋਲ ਦੀ ਵਰਤੋਂ ਕਰ ਕੇ ਰਾਹਤ ਮਹਿਸੂਸ ਕਰੋ।
- ਡੀਹਾਈਡ੍ਰੇਸ਼ਨ ਵੀ ਸਿਰ ਦਰਦ ਦਾ ਕਾਰਨ ਬਣਦਾ ਹੈ। ਰੋਜਾਨਾ 10-12 ਗਿਲਾਸ ਪਾਣੀ ਪੀਓ।
- ਬਲੱਡ-ਪ੍ਰੈਸ਼ਰ ਦੀ ਪ੍ਰੈਸਕਰਾਈਬਡ ਦਵਾਈ ਵਿਚ ਨਾਗਾ (ਮਿਸ) ਪੈਣ ਨਾਲ ਵੀ ਸਿਰ ਦਰਦ ਸ਼ੁਰੂ ਹੋ ਜਾਂਦਾ ਹੈ। ਰੋਗੀ ਖਾਸ ਧਿਆਣ ਰੱਖਣ।
- ਵੀਕਐਂਡ 'ਤੇ ਸੈਸਮੇ(ਤਿੱਲ) ਆਇਲ ਨਾਲ ਸਿਰ ਦੀ ਚੰਗੀ ਤਰਾਂ ਮਾਲਿਸ਼ ਕਰਨ ਨਾਲ ਦੇ ਸਟ੍ਰੈਸ ਕਾਰਨ ਜੋਣ ਵਾਲੇ ਸਿਰ ਦਰਦ ਵਿਚ ਰਾਹਤ ਮਿਲਦੀ ਹੈ।
- ਕੰਪਿਊਟਰ 'ਤੇ ਕੰਮ ਕਰਨ ਵਾਲੇ ਬਾਡੀ ਪੋਸਚਰ ਦਾ ਪੂਰਾ ਖਿਆਲ ਰੱਖਣ। ਹਰ 2 ਘੰਟੇ ਬਾਅਦ ਅੱਖਾਂ 'ਤੇ ਗਰਦਨ ਨੂੰ 10 ਮਿੰਟ ਆਰਾਮ ਦੇਣ ਨਾਲ ਸਿਰ ਦਰਦ ਤੋਂ ਬਚਾਅ ਕੀਤਾ ਜਾ ਸਕਦਾ ਹੈ। ਕੰਪਿਊਟਰ ਦੀ ਸਕਰੀਨ ਅਤੇ ਅੱਖਾਂ ਦਰਮਿਆਨ ਪ੍ਰਾਪਰ ਫਾਸਲਾ ਰੱਖਿਆ ਜਾਵੇ।
- ਸਿਰ ਦਰਦ ਤੋਂ ਬਚਾਅ ਅਤੇ ਚੰਗੀ ਨੀਂਦ ਲੈਣ ਲਈ ਸਹੀ ਪਿੱਲੋ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਓਰਥੋ ਅਤੇ ਘੱਟ ਹਾਈਟ ਵਾਲਾ ਪਿੱਲੋ ਗਰਦਨ ਦੀ ਮਾਂਸਪੇਸ਼ੀਆਂ ਦੀ ਸਟਿਫਨੈਸ ਤੋਂ ਬਚਾਓਂਦਾ ਹੈ।
- ਸਿਰ ਦਰਦ ਤੋਂ ਬਚਣ ਲਈ ਘੱਟ ਨੀਂਦ ਲੈਣ ਵਾਲੇ ਸਟੂਡੈਂਟਸ, ਗਰਭਵਤੀ ਔਰਤਾਂ ਅਤੇ ਸੀਨੀਅਰਜ਼ ਨੂੰ 8-10 ਘੰਟੇ ਦੀ ਨੀਂਦ ਜਰੂਰ ਲੈਣੀ ਚਾਹੀਦੀ ਹੈ।
- ਗਰਮ ਸ਼ਾਵਰ ਲਓ। ਸ਼ਾਵਰ ਦੀ ਨਰਮ-ਗਰਮ ਹਵਾ ਯਾਨਿ ਭਾਫ ਸਾਈਨਸ-ਨੱਕ ਦੇ ਅੰਸ਼ਾਂ ਨੂੰ ਕਲੀਨ ਕਰਕੇ ਸਿਰ ਦਰਦ ਵਿਚ ਆਰਾਮ ਦਿੰਦੀ ਹੈ।

**ਨੋਟ :** ਸਿਰ ਦਰਦ ਦੇ ਆਮ ਲੱਛਣ ਜਿਵੇਂ ਲਗਾਤਾਰ ਕੁੱਝ ਦਿਨ ਤੇਜ਼ ਦਰਦ ਰਹਿਣਾ, ਘਬਰਾਹਟ, ਚੱਕਰ ਆਉਣੇ, ਉਲਟੀਆਂ, ਫੋਟੋਫੋਬੀਆ, ਸਿਰ 'ਤੇ ਭਾਰ ਮਹਿਸੂਸ ਹੋਣਾ, ਬਲੱਡ-ਪ੍ਰੈਸ਼ਰ ਦਾ ਜ਼ਿਆਦਾ ਰਹਿਣਾ ਦੇ ਨਾਲ ਸਟ੍ਰੋਕ ਦੇ ਖਤਰੇ ਤੋਂ ਬਚਣ ਲਈ ਬਿਨਾ ਦੇਰ ਕੀਤੇ ਆਪਣੇ ਫੈਮਿਲੀ ਡਾਕਟਰ ਨਾਲ ਸੰਪਰਕ ਕਰੋ।

# ਤੰਦਰੁਸਤੀ ਲਈ ਹੱਸਣ 'ਚ ਕੰਜੂਸੀ ਨਾ ਕਰੋ

ਮਨੁੱਖੀ ਵਿਹਾਰ ਦਾ ਇਕ ਰੌਚਕ ਪਲ ਹੈ ਹੱਸਣਾ। ਜ਼ਿੰਦਗੀ ਸਿਰਫ਼ ਦਰਦਾਂ ਦਾ ਸਿਲਸਿਲਾ ਅਤੇ ਦਰਦਾਂ ਦੀ ਦਾਸਤਾਨ ਹੀ ਬਣ ਕੇ ਰਹਿ ਜਾਵੇ ਜੇਕਰ ਜ਼ਿੰਦਗੀ ਵਿਚ ਹਾਸਾ ਨਾ ਹੋਵੇ। ਖ਼ੁਸ਼ ਰਹਿਣਾ ਕੁਦਰਤ ਦੀ ਬਹੁਤ ਵੱਡੀ ਦੇਣ ਹੈ। ਮਨੁੱਖ ਨੂੰ ਚਾਹੀਦਾ ਹੈ ਕਿ ਉਹ ਜੀਅ ਭਰ ਕੇ ਹੱਸੇ। ਹੱਸਣ ਦੀ ਇੱਛਾ ਰੱਖਣ ਲਈ ਉਮਰ, ਮਾਹੌਲ ਅਤੇ ਔਰਤ-ਮਰਦ ਦਾ ਕੋਈ ਬੰਧਨ ਨਹੀਂ ਹੈ। ਹਰ ਮਨੁੱਖ ਚਾਹੇ ਉਹ ਮਰਦ ਹੋਵੇ ਜਾਂ ਔਰਤ, ਹੱਸਣਾ ਚਾਹੀਦਾ ਹੈ। ਹੱਸਣਾ ਇਕ ਕਿਰਿਆ ਹੈ ਜਿਸ ਨਾਲ ਸਰੀਰ ਅਤੇ ਦਿਮਾਗ਼ ਨੂੰ ਨਵੀਂ ਸ਼ਕਤੀ ਮਿਲਦੀ ਹੈ। ਹੱਸਣ ਨਾਲ ਕੰਮਜ਼ੋਰ ਨਸਾਂ ਵਿਚ ਵੀ ਸ਼ਕਤੀ ਆ ਜਾਂਦੀ ਹੈ।

ਰਾਸ਼ਟਰ ਪਿਤਾ ਮਹਾਤਮਾ ਗਾਂਧੀ ਨੇ ਕਿਹਾ ਸੀ ਕਿ 'ਜੇਕਰ ਮੇਰੇ ਅੰਦਰ ਹੱਸਣ ਦਾ ਭਾਵ ਨਾ ਹੁੰਦਾ ਤਾਂ ਮੈਂ ਬਹੁਤ ਪਹਿਲਾਂ ਹੀ ਆਤਮ-ਹੱਤਿਆ ਕਰ ਲੈਂਦਾ।' ਉਹ ਮਨੁੱਖ ਬੜਾ ਹੀ ਕਿਸਮਤ ਵਾਲਾ ਹੁੰਦਾ ਹੈ ਜਿਸ ਨੂੰ ਰੱਬ ਨੇ ਹੱਸਣ ਦਾ ਬੇਸ਼ਕੀਮਤੀ ਵਰਦਾਨ ਦਿੱਤਾ ਹੈ। ਸਾਰੇ ਰਸਾਂ ਵਿਚੋਂ ਹਾਸ ਰਸ ਸਭ ਤੋਂ ਸੌਖਾ ਹੈ। ਇਹ ਮਨੁੱਖੀ ਜੀਵਨ ਦੀ ਲੋੜ ਹੈ।

ਪ੍ਰਸਿੱਧ ਜਾਪਾਨੀ ਕਵੀ ਨਾਗੂਚੀ ਨੇ ਰੱਬ ਤੋਂ ਵਰਦਾਨ ਮੰਗਿਆ ਸੀ ਕਿ ਜਦੋਂ ਜੀਵਨ ਦੇ ਕਿਨਾਰੇ ਦੀ ਹਰਿਆਲੀ ਸੁੱਕ ਗਈ ਹੋਵੇ, ਚਿੜੀਆਂ ਦੀ ਚਹਿਕ ਸ਼ਾਂਤ ਹੋ ਗਈ ਹੋਵੇ, ਸੂਰਜ ਨੂੰ ਗ੍ਰਹਿਣ ਲੱਗ ਗਿਆ ਹੋਵੇ, ਮੇਰੇ ਮਿੱਤਰ ਅਤੇ ਸਾਥੀ ਮੈਨੂੰ ਕੰਡਿਆਂ ਵਿਚ ਇਕੱਲਾ ਛੱਡ ਕੇ ਕਿਤੇ ਚਲੇ ਗਏ ਹੋਣ ਅਤੇ ਪ੍ਰਕਾਸ਼ ਦਾ ਸਾਰਾ ਗੁੱਸਾ ਮੇਰੀ ਕਿਸਮਤ'ਤੇ ਵਰ੍ਹਣ ਵਾਲਾ ਹੋਵੇ, ਤਾਂ ਹੇ ਭਗਵਾਨ, ਤੂੰ ਇੰਨੀ ਕਿਰਪਾ ਕਰੀਂ ਕਿ ਮੇਰੇ ਬੁੱਲ੍ਹਾਂ 'ਤੇ ਹਾਸੇ ਦੀਆਂ ਲਕੀਰਾਂ ਖਿੱਚੀਆਂ ਜਾਣ।



ਹਾਸਾ ਇਕ ਦਵਾਈ ਹੈ ਜੋ ਮਨ ਨੂੰ ਰੋਗ ਮੁਕਤ ਕਰਦਾ ਹੈ ਅਤੇ ਇਸ ਲਈ ਕੁਝ ਖ਼ਰਚ ਵੀ ਨਹੀਂ ਕਰਨਾ ਪੈਂਦਾ। ਖੁੱਲ੍ਹੇ ਮਨ ਨਾਲ ਹੱਸਣ ਵਾਲਾ ਵਿਅਕਤੀ ਕਦੇ ਵੀ ਹਿੰਸਕ ਨਹੀਂ ਹੋ ਸਕਦਾ। ਜਦੋਂ ਹੱਸਣ ਦੇ ਏਨੇ ਲਾਭ ਹਨ ਤਾਂ ਇਸ ਤੋਂ ਪਰਹੇਜ਼ ਕਿਉ ? ਕਿਉਂ ਨਾ ਅਸੀਂ ਸਾਰੇ ਹਰ ਸਮੇਂ ਹੱਸਣ ਦੀ ਆਦਤ ਪਾਈਏ।

ਹਾਸੇ ਅਤੇ ਉਤਸ਼ਾਹ ਦਾ ਨਾਂਅ ਹੀ ਜਵਾਨੀ ਹੈ। ਜਾਰਜ ਬਰਨਾਰਡ ਸ਼ਾਅ ਨੇ ਕਿਹਾ ਹੈ ਕਿ ਹਾਸੇ ਦੇ ਪਿਛੋਕੜ 'ਤੇ ਹੀ ਜਵਾਨੀ ਦੇ ਫੁੱਲ ਖਿੜਦੇ ਹਨ। ਜ਼ਿੰਦਗੀ ਹੱਸਣ ਅਤੇ ਉਤਸ਼ਾਹਿਤ ਤੋਂ ਬਿਨਾਂ ਜ਼ਿੰਦਾਦਿਲੀ ਗੁਆ ਦਿੰਦੀ ਹੈ।

ਕਿਹਾ ਜਾਂਦਾ ਹੈ ਕਿ ਅਮਰੀਕੀ ਲੋਕ ਬਹੁਤ ਘੱਟ ਹੱਸਦੇ ਹਨ। ਜਾਣਦੇ ਹਾਂ ਅਸੀਂ ਕਿ ਸਭ ਤੋਂ ਵੱਧ ਬੀ.ਪੀ. ਅਤੇ ਦਿਲ ਦੇ ਰੋਗਾਂ ਦੇ ਸ਼ਿਕਾਰ ਅਮਰੀਕੀ ਲੋਕ ਹੀ ਹੁੰਦੇ ਹਨ। ਲੰਬੀ ਉਮਰ ਹੋਣ ਦਾ ਸਭ ਤੋਂ ਵਧੀਆ ਸਾਧਨ ਹੈ ਹੱਸਮੁੱਖ ਸੁਭਾਅ। ਕਿਹਾ ਵੀ ਗਿਆ ਹੈ ਕਿ ਹੱਸਦਿਆਂ ਦੇ ਘਰ ਵਸਦੇ।

ਪਰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਹੱਸਣਾ ਏਨਾ ਮਾੜਾ ਵੀ ਨਾ ਹੋਵੇ ਕਿ ਦੂਜੇ ਦੀ ਨੀਂਦ ਹਰਾਮ ਕਰ ਦੇਵੇ। ਇਹ ਨਾ ਹੋਵੇ ਕਿ ਦੂਸਰੇ ਦੇ ਕੰਮ ਵਿਚ ਅੜਚਨ ਪੈਦਾ ਕਰੇ। ਦੂਜਿਆਂ ਦੇ ਦੁੱਖ ਨੂੰ ਦੇਖ ਕੇ ਵੀ ਨਹੀਂ ਹੱਸਣਾ ਚਾਹੀਦਾ।

ਇਕ ਸੀਮਾ ਵਿਚ ਰਹਿ ਕੇ ਹੱਸਣਾ ਅਤੇ ਉਤਸ਼ਾਹਿਤ ਹੋਣਾ ਰੱਬ ਦਾ ਇਕ ਅਨੋਖਾ ਵਰਦਾਨ ਹੈ। ਇਸ ਵਿਚ ਕੋਈ ਸ਼ੱਕ ਨਹੀਂ

**-ਰਾਜੇਸ਼ ਕੁਮਾਰ 'ਰੰਜਨ'**

CAPITAL SERVICES
ਸਾਰੀਆਂ ਸੇਵਾਵਾਂ ਇਕੋ ਥਾਂ
Capital services
*ਇੰਡੀਅਨ ਪਾਸਪੋਰਟ
*ਇੰਡੀਅਨ ਵੀਜਾ, OCI
*ਮੁਖਤਿਆਰਨਾਮਾ
*ਇਮੀਗਰੇਸ਼ਨ ਸਰਵਿਸਜ
*ਸਿਟੀਜਨ, ਗਰੀਨ ਕਾਰਡ
*ਫੈਮਲੀ ਪਟੀਸ਼ਨ

- ਹੋਰ ਸੇਵਾਵਾਂ -
*ਕਾਰ ਟਰਾਂਸਫਰ/ਸਟਿੱਕਰ, *ਇੰਸ਼ੋਰੈਂਸ: ਕਾਰ, ਘਰ ਤੇ ਬਿਜਨਸ
*ਲਾਈਵ ਸਕੈਨ/ਫਿੰਗਰ ਪ੍ਰਿੰਟ, *ਨੋਟਰੀ ਪਬਲਿਕ *ਮੇਲ ਬੌਕਸ
*ਫੈਕਸ, ਕਾਪੀ, ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ।
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ।
Call, Banga (916) 427-4321, Fax (916) 258-0441
email: sacramento99@yahoo.com, website: capitalservices.us

## ਸ਼ੇਰ-ਏ-ਪੰਜਾਬ

ਮਹਾਂ ਸਿੰਘ ਤੇ ਰਾਜ ਕੌਰ ਦਾ,
ਪੁੱਤ ਸੀ ਭਾਗਾਂ ਵਾਲਾ
ਰਣ ਨੂੰ ਜਿੱਤਣ ਵਾਲਾ ਜੰਮਿਆ,
ਸ਼ਹਿਰ ਗੁੱਜਰਾਂਵਾਲਾ।

ਤੇਰਾਂ ਨਵੰਬਰ ਸਤਾਰਾਂ ਸੌ ਅੱਸੀ,
ਜਨਮ ਰਾਜੇ ਦਾ ਹੋਇਆ
ਲੇਖਾਂ ਵਿੱਚ ਸੀ ਲਿਖਿਆ,
ਉਹਦੇ ਹੱਥ 'ਚ ਰਾਜ ਸਮੋਇਆ।

ਸਿੱਖ, ਹਿੰਦੂ ਤੇ ਮੁਸਲਮਾਨਾਂ ਨੂੰ,
ਬੰਨ੍ਹਿਆ ਵਿੱਚ ਇੱਕ ਧਾਗੇ
ਅੰਗਰੇਜ਼ਾਂ ਤੇ ਰੋਅਬ ਸੀ ਉਹਦਾ,
ਆਉਂਦੇ ਨਾ ਉਹ ਲਾਗੇ।

ਸਿੱਖ-ਮਿਸਲਾਂ ਨੂੰ 'ਕੱਠਿਆਂ ਕੀਤਾ,
ਕੀਤੀ ਦੂਰ-ਅੰਦੇਸ਼ੀ
ਉਹਦੀ ਸੈਨਾ ਵਿੱਚ ਫ਼ੌਜੀ ਸਨ,
ਦੇਸੀ ਅਤੇ ਵਿਦੇਸ਼ੀ।

ਸਾਫ਼ ਤੇ ਸੱਚੀ-ਸੁੱਚੀ ਹੈਸੀ,
ਓਸ ਰਾਜੇ ਦੀ ਨੀਤੀ
ਹਰਿਮੰਦਰ ਦੀ ਨਾਲ ਸੋਨੇ ਦੇ,
ਖੁੱਲ੍ਹ ਕੇ ਸੇਵਾ ਕੀਤੀ।

ਸਭ ਧਰਮਾਂ ਦੇ ਸਭ ਲੋਕਾਂ ਦਾ,
ਕਰਦਾ ਸੀ ਸਤਿਕਾਰ
ਭਲਾ ਮੰਗੇ ਸਰਬੱਤ ਦਾ,
ਕਰਦਾ ਰਹਿੰਦਾ ਪਰਉਪਕਾਰ।

ਚੇਚਕ ਕਾਰਨ ਬਚਪਨ ਵਿੱਚ,
ਇੱਕ ਅੱਖ ਤੇ ਹਮਲਾ ਹੋਇਆ
ਮੰਗੀ ਮਾਫ਼ੀ ਗਲ ਪੱਲਾ ਪਾ,
ਜਾ ਤਖ਼ਤ ਦੇ ਸਾਹਵੇਂ ਖਲੋਇਆ।

ਅਫ਼ਗਾਨ, ਪਠਾਣ, ਫ਼ਰੰਗੀ ਵਿਰੋਧੀ,
ਜਿੱਤੀਆਂ ਸਭ ਮੁਹਿੰਮਾਂ
ਜੋ ਅੜਿਆ ਸੋ ਝੜਿਆ,
ਕੀ-ਕੀ ਦੱਸਾਂ ਕਿੰਨਾ-ਕਿੰਨਾ।

ਜੂਨ ਅਠਾਰਾਂ ਸੌ ਉਨਤਾਲੀ,
ਦਿਨ ਸਤਾਈਵਾਂ ਆਇਆ
ਚਮਕ ਰਹੇ ਪੰਜਾਬ ਦੇ ਸੂਰਜ,
ਉੱਤੇ ਬੱਦਲ ਛਾਇਆ।

ਸਤੀ ਹੋਈਆਂ ਕੁਝ ਰਾਣੀਆਂ,
ਉਹਦੀ ਅਰਥੀ ਉੱਤੇ ਆ ਕੇ
ਦਿੱਤਾ ਸਬੂਤ ਪਿਆਰ ਦਾ ਏਦਾਂ,
ਆਪਣਾ-ਆਪ ਮਿਟਾ ਕੇ।



ਮਹਾਂਬਲੀ ਤੇ ਪਰਉਪਕਾਰੀ,
ਸੀ ਸਾਡਾ ਮਹਾਰਾਜਾ
ਅਟਕ ਵੀ ਰੋਕ ਨਾ ਸਕਿਆ ਉਹਨੂੰ,
ਲਾਵੇ ਕੌਣ ਅੰਦਾਜ਼ਾ।

**-ਪ੍ਰੋ. ਨਵ ਸੰਗੀਤ ਸਿੰਘ**
**9417692015**

## ਕਵਿਤਾ

ਸਾਹਿਤਕ ਡੇਰੇ ਦਾਰੀ ਚੱਲਦੀ।
ਭਾਸ਼ਾ ਨਾਲ ਗੱਦਾਰੀ ਚੱਲਦੀ।

ਸਾਹਿਤ ਸਭਾਵਾਂ ਵਿੱਚ ਵੀ ਅਕਸਰ,
ਚਮਚਾਗਿਰੀ ਮੱਕਾਰੀ ਚੱਲਦੀ।

ਮਾੜੀ ਰਚਨਾ 'ਤੇ ਜੋ ਵਾਹ ਵਾਹ,
ਸਮਝੀਂ ਸ਼ਾਇਰਾ ਆਰੀ ਚੱਲਦੀ।

ਲੇਖਕ ਫਿਰਕੇ ਅੰਦਰ ਵੀ ਬਸ,
ਰੁਤਬੇ ਦੀ ਸਰਦਾਰੀ ਚੱਲਦੀ।

ਪ੍ਰਧਾਨ ਸਕੱਤਰ ਤੱਕ ਹੀ ਸੀਮਤ,
ਕਵਿਤਾ ਕੁਨਬੇਦਾਰੀ ਚੱਲਦੀ।



ਪਰਦੇ ਹੇਠਾਂ ਸਨਮਾਨਾਂ ਦੀ,
ਸਾਹਿਤਕ ਚੋਰ ਬਜ਼ਾਰੀ ਚੱਲਦੀ।

'ਬੋਪਾਰਾਏ' ਕਲਮ ਕਬੀਲੇ,
ਮੁਰਗਾ ਬੋਤਲ ਯਾਰੀ ਚੱਲਦੀ।

**ਭੁਪਿੰਦਰ ਸਿੰਘ ਬੋਪਾਰਾਏ**
**ਮੋ. 97797-91442**

## ਹੱਕ ਦੀ ਕਮਾਈ

ਦੂਜੇ ਦਾ ਹੱਕ ਨਾ ਮਾਰ ਕੇ ਖਾਓ,
ਕੁਦਰਤ ਦਾ ਹੀ ਦਿੱਤਾ ਖਾਓ।

ਵਿਹਲੇ ਰਹਿ ਕੇ ਨਾ ਖਾਣਾ ਚੰਗਾ,
ਆਪਣੇ ਅੰਗਾਂ ਨੂੰ ਹਿਲਾ ਕੇ ਖਾਓ।

ਮਿਹਨਤ ਦੀ ਤਾਂ ਪਚ ਜਾਂਦੀ ਹੈ,
ਮੁਫ਼ਤ ਦੇ ਡਕਾਰ ਨਾ ਮਾਰ ਕੇ ਖਾਓ।

ਗਰੀਬ ਮਾਰ ਕਰਦੇ ਹੋ ਬਹੁਤੀ ਲਈ,
ਸ਼ਰਮ ਕਿੱਲੀ ਤੇ ਨਾ ਟੰਗ ਕੇ ਖਾਓ।

ਹੱਥੀਂ ਕੀਤੀ ਕਿਰਤ ਹੁੰਦੀ ਹੈ ਚੰਗੀ,
ਦੂਜਿਆਂ ਨੂੰ ਨਾ ਤੰਗ ਕਰਕੇ ਖਾਓ।

ਪਿਛਲੀ ਪੰਕਤੀ ਵਿੱਚ ਬਹਿਣਾ ਚੰਗਾ,
ਅੱਗੇ ਹੋ ਨਾ ਪਤਵੰਤੇ ਬਣ ਕੇ ਖਾਓ।

ਕੀ ਹੋਇਆ ਜੇ ਭਾਂਡੇ ਦਾ ਮੂੰਹ ਹੈ ਖੁੱਲ੍ਹਾ,
ਥੋੜ੍ਹਾ ਬਹੁਤਾ ਤਾਂ ਸੰਗ ਕੇ ਖਾਓ।

ਰੱਜ ਰੱਜ ਕੇ ਕਿਉਂ ਭਿਖਾਰੀ ਬਣ ਗਏ?
ਨਾ ਕਦੇ ਰਾਜੇ ਬਣ ਕੇ ਖਾਓ।

ਰੋਟੀ ਪਾਣੀ ਤੱਕ ਤਾਂ ਠੀਕ ਹੈ,
ਗ਼ੈਰਾਂ ਦਾ ਨਾ ਚੰਮ ਲਾਹ ਕੇ ਖਾਓ।

ਨਿਯਮਾਂ ਵਿੱਚ ਰਹਿਣਾ ਹੁੰਦਾ ਚੰਗਾ,
ਕਨੂੰਨਾਂ ਨੂੰ ਨਾ ਛਿੱਕੇ ਟੰਗ ਕੇ ਖਾਓ।

ਸਬਰ ਦੀ ਖਾਧੀ ਦਾ ਹੁੰਦਾ ਮਾਣ ਬੜਾ,
ਉਸ ਨੂੰ ਤਾਂ ਭਾਵੇਂ ਜੰਮ ਜੰਮ ਕੇ ਖਾਓ।

ਖੁਰਦਪੁਰੀਆ ਮਨੁੱਖਾਂ ਦੀ ਜਾਤ ਇੱਕ ਹੈ,
ਅਵਤਾਰ ਹੋਰਾਂ ਨੂੰ ਨਾ ਡੰਗ ਕੇ ਖਾਓ



**ਅਵਤਾਰ ਤਰਕਸ਼ੀਲ ਨਿਊਜ਼ੀਲੈਂਡ**
**ਜੱਦੀ ਪਿੰਡ ਖੁਰਦਪੁਰ (ਜਲੰਧਰ)**
006421392147

## ਭਾਂਤ ਭਾਂਤ ਦੇ ਫ਼ਲ

ਆਓ ਗੇੜਾ ਮਾਰ ਆਈਏ ਬਾਗ਼ ਵਿਚ ਆੜੀਓ ਉਏ,
ਚੱਖ ਲਿਓ ਸੁਆਦ ਇੱਥੇ ਫ਼ਲ ਬੇਸ਼ੁਮਾਰ ਨੇ।
ਵੱਖੋ ਵੱਖ ਰੰਗ ਤੇ ਸੁਆਦ ਭਾਂਤ ਭਾਂਤੇ ਫ਼ਲ
ਛੋਟੇ ਵੱਡੇ ਦੇਖੋ ਸੋਹਣੇ ਰੁੱਖ ਫ਼ਲਦਾਰ ਨੇ।
ਮਾਲਟਾ ਮੁਸੱਮੀ ਕੀਨੂੰ ਸੰਤਰੇ ਦਾ ਰਸ ਚੰਗਾ,
ਸੁਣਿਆ ਵਿਟਾਮਿਨ ਇਹ ਸੀ ਦਾ ਭੰਡਾਰ ਨੇ।
ਸਿਉ ਕਸ਼ਮੀਰੀ ਨਿੱਤ ਖਾਲੀਏ ਜੇ ਇਕ ਚੰਗਾ,
ਰਹਿਣ ਤੰਦਰੁਸਤ ਬੱਚੇ ਹੁੰਦੇ ਨਾ ਬਿਮਾਰ ਨੇ।
ਨਾਸ਼ਪਤੀ, ਬੱਬੂਗੋਸੇ,ਆੜੂ ਤੇ ਅੰਗੂਰ ਰਸੇ,
ਖ਼ੂਨ ਨੂੰ ਵਧਾਉਂਦੇ ਫਲ ਜਿੰਨੇ ਰਸਦਾਰ।
ਚੈਰੀ, ਸੀਤਾਫਲ ਤੇ ਪਪੀਤਾ ਅਮਰੂਦ ਪੱਕੇ,
ਲੋਹੇ ਦੀ ਸਰੀਰ ਵਿੱਚ ਕਰਦੇ ਭਰਮਾਰ ਨੇ।
ਕਾਬਲ ਕੰਧਾਰੋਂ ਅਖਰੋਟ ਤੇ ਛੁਹਾਰੇ ਆਗੇ,
ਦੇਸੋਂ ਪ੍ਰਦੇਸੋਂ ਭੇਜੇ ਦੂਜੀ ਸਰਕਾਰ ਨੇ।
ਕਾਜੂ ਤੇ ਬਦਾਮ ਦਾਖਾਂ ਸੁੱਕੇ ਮੇਵੇ ਜਿੰਨੇ ਸਾਰੇ,
ਸਿਆਲ ਵਿੱਚ ਖਾਈਏ ਤਾਂ ਬਣਾਉਂਦੇ ਜਾਨਦਾਰ ਨੇ।
ਸੁੱਕੀ ਖਰਮਾਣੀ ਤੇ ਅਲਾਹਾਬਾਦੀ ਅੰਬ ਆਗੇ,
ਕਾਂਗੜੇ ਦੀ ਚੈਰੀ ਸੱਭੇ ਖਾਂਦੇ ਗੱਫੇ ਮਾਰ ਨੇ।
ਝਾੜੀਆਂ ਤੇ ਬੇਰੀਆਂ ਦੇ ਲਾਲ ਲੀਲੂ ਬੇਰ ਖਾਲੋ,
ਤੂਤੀਆਂ ਦੀ ਮੰਗ ਬੱਚੇ ਕਰਦੇ ਵਾਰ ਵਾਰ ਨੇ।
ਪਿਸਤੇ ਨਿਉਜੇ ਅਤੇ ਮੂਫਲੀ ਦੇ ਗਿਰੂ ਖਾਂਦੇ,
ਮਿੱਠੀਆਂ ਖੰਜੂਰਾਂ ਦੇ ਸੁਆਦ ਮਜ਼ੇਦਾਰ ਨੇ।
ਜਾਮਣਾਂ,ਅਨਾਰ, ਅਨਾਨਾਸ, ਤਰਬੂਜ਼, ਫੁੱਟਾਂ
ਕਿੰਨੇ ਰਸਭਰੇ ਖਰਬੂਜੇ ਧਾਰੀਦਾਰ ਨੇ।
ਚੀਕੂ ਤੇ ਬੁਖਾਰਾਆਲੂ ਗਲਗਲ ਤੇ ਬਿਲ ਕੀਵੀ
ਨਾਰੀਅਲ ਦੇ ਰੇਟ ਚਾੜ੍ਹੇ ਡੇਂਗੂ ਦੇ ਬੁਖਾਰ ਨੇ।
ਜੰਡ ਦੀਆਂ ਫਲੀਆਂ ਮਿਠਾਸ ਉਏ ਨਸੂੜਿਆਂ ਦੀ,
ਰਸਭਰੇ ਕਿਧਰੇ ਲੁਕਾਠ ਦਮਦਾਰ ਨੇ।
ਰੇਹਾਂ ਸਪਰੇਹਾਂ ਜ਼ਹਿਰੀਲੇ ਕੀਤੇ ਫਲ ਸਾਰੇ,
ਮਿੱਟੀ ਵੀ ਪਲੀਤ ਕੀਤੀ ਵੱਡੇ ਸਰਦਾਰ ਨੇ।
ਹਾਲੇ ਵੀ ਬਿਗੜਿਆ ਨਾ ਕੁਝ ਡੁੱਲ੍ਹੇ ਬੇਰਾਂ ਦਾ ਉਏ,
ਬੱਚੇ ਨੇ ਭਵਿੱਖ ਸਾਡਾ ਉਹ ਵੀ ਹੱਕਦਾਰ ਨੇ।
ਲੋਕਾਂ ਲਈ ਜਿਉਂ ਕੇ ਦੇਖ ਆਪਣੇ ਲਈ ਤਾਂ ਜਿਉਨੈਂ,
ਚੰਗੇ ਨਹੀਂਓ ਹੁੰਦੇ ਹੱਕ ਦੂਸਰੇ ਦੇ ਮਾਰਨੇ।

**ਮਾਸਟਰ ਪ੍ਰੇਮ ਸਰੂਪ ਛਾਜਲੀ**
**9417134982**

## ਗ਼ਜ਼ਲ

ਪੜ੍ਹ ਪੰਜਾਬੀ ਲਿਖ ਪੰਜਾਬੀ ਸਭ ਨੂੰ ਕਹਿੰਦੈ ਉੱਤੋਂ ਉੱਤੋਂ।
ਇੰਗਲਿਸ਼ ਪੜ੍ਹਦੇ ਖੁਦ ਦੇ ਬੱਚੇ ਚਾਲਾਂ ਚਲਦੈ ਉੱਤੋਂ ਉੱਤੋਂ।

ਪੀਜ਼ਾ ਬਰਗਰ ਨਿੱਤ ਲਿਆਵੇ ਨਾਲੇ ਪੀਂਦੈ ਬੀਅਰ ਠੰਢੀ,
ਦੁੱਧ ਦਹੀਂ ਤੇ ਲੱਸੀ ਦੇ ਉਹ ਗੋਗੇ ਗਾਉਂਦੈ ਉੱਤੋਂ ਉੱਤੋਂ।

ਪੱਕਾ ਵਿਹੜਾ ਵੱਡੀ ਗੱਡੀ, ਏ ਸੀ ਚਲਦੈ ਉਸ ਦੇ ਘਰ ਵਿਚ,
ਬੋਹੜ ਪਿੱਪਲ ਲਾਵੋ ਲੋਕੋ ਭਾਸ਼ਣ ਦਿੰਦੈ ਉੱਤੋਂ ਉੱਤੋਂ।

ਸੋਚ ਤੁਹਾਡੀ ਕੰਮ ਤੁਹਾਡੇ ਦੀ ਨਾ ਕਦਰ ਕਰੇ ਇਹ ਬੰਦਾ,
ਰਟੀ ਰਟਾਈ ਅਪਣੀ ਗੱਲ ਸੁਣਾ ਕੇ ਭੱਜਦੈ ਉੱਤੇ ਉੱਤੋਂ।



ਡਿਗਰੀ ਕੀਤੀ, ਬੇਸ਼ੱਕ ਵਿਹਲੈਂ, ਮਿੱਟੀ ਦਾ ਮੋਹ ਛੱਡੀਂ, ਨਾ ਤੂੰ,
ਅਪਣੇ ਬੱਚੇ ਭੇਜ ਕੇ ਬਾਹਰ ਟਿੱਚਰ ਕਰਦੈਂ ਉੱਤੋਂ ਉੱਤੋਂ

ਜੋ ਦਿਲ ਕਰਦੈ ਖਾਵੀਂ ਪੀਵੀਂ ਪਹਿਨੀਂ 'ਲੋਟੇ' ਮੌਜਾਂ ਮਾਣੀਂ,
ਓਹ ਡਰਾਮੇਬਾਜ਼ ਸਿਰੇ ਦਾ ਮਨ ਵਿਚ ਜਲਦੈ ਉੱਤੋਂ ਉੱਤੋਂ।

**ਲੋਟੇ**

## ਤਰਕਹੀਣ ਵਿਰੋਧੀ

ਤਰਕ ਦੇ ਨਾਲ ਗੱਲ ਕਰਦਾ ਬੰਦਾ,
ਚੰਗਾ ਲੱਗੇ, ਗੱਲ ਵਿੱਚ ਵਜ਼ਨ ਹੋਵੇ, ਆਉਂਦਾ ਆਨੰਦ।
ਅੱਜਕਲ ਰਾਜਸੀ ਵਿਰੋਧੀ ਨੇਤਾ ਤੇ ਮੀਡੀਆ,
ਕੂੜ ਪ੍ਰਚਾਰ ਕਰਕੇ ਬਣਦੇ ਪਰਮਾਨੰਦ।

ਭੰਡਦੇ ਸਚਿਆਰੇ ਸੀਐਮ ਮਾਨ ਨੂੰ,
ਕਹਿੰਦੇ ਕਿਹੋ ਜਿਹੀ ਜ਼ਾਲਮ ਸਰਕਾਰ।
100 ਵਿਚੋਂ 99 ਵਧੀਆ ਕੀਤੇ ਕੰਮਾਂ ਤੇ ਧਾਰਦੇ ਚੁੱਪ,
ਇੱਕ ਜਿਸ ਨੂੰ ਕਰਨ ਲਈ ਵਕਤ ਲੱਗਣਾ, ਕਹਿੰਦੇ ਗਿਆ ਹੰਕਾਰ।

ਆਪਣੀ ਪੀੜ੍ਹੀ ਥੱਲੇ ਸੋਟਾ ਨ੍ਹੀਂ ਮਾਰਦੇ,
ਦਬਾ-ਸੱਟ ਲੋਕਾਂ ਦੀਆਂ ਭਾਵਨਾਵਾਂ ਨੂੰ ਦੇਣ ਭੜਕਾ।
ਅੱਜ ਕਲ ਆਮ ਬੰਦਾ ਵੀ ਸਮਝਦਾਰ ਹੋ ਗਿਆ,
ਝੂਠੇ ਵਾਰਤਾਲਾਪ ਤੋਂ ਕੰਨ ਬੰਦ ਕਰ, ਕਰੇ ਬਚਾਅ।

ਕਹਿੰਦੇ ਦਲਿਤ ਅਧਿਆਪਕਾਂ ਤੇ ਡਾਂਗਾਂ ਵਰਸਾਈਆਂ,
ਥਾਂ ਥਾਂ ਨਸ਼ਾ ਚਲਦਾ, ਲੁੱਟਾਂ-ਖੋਹਾਂ ਦਾ ਚੱਲ ਰਿਹਾ ਵਰਤਾਰਾ।
ਵਿਰੋਧੀ ਹੀ ਸਾਰੇ ਆਪਣੇ ਗ਼ਲਤ ਅਨਸਰਾਂ ਰਾਹੀਂ ਪਾਪੜ ਵੇਲਦੇ,
ਅਨਾੜੀ ਸਮਝਦੇ 'ਆਪ' ਪਾਰਟੀ ਨੂੰ, ਸ਼ਰਮ ਨੀ ਆਉਂਦੀ ਕਰਾਉਣ ਜਦੋਂ ਕਾਰਾ।



ਵੱਡੇ ਰਾਜਸੀ ਨੇਤਾ ਲੁੱਟ ਦਾ ਮਾਲ ਖਾਕੇ ਬਣਗੇ ਢਿੱਡਲ,
ਹੁਣ ਉਲਟਾ ਲੈਣੇ ਦੇ ਦੇਣੇ ਪੈ ਰਹੇ, ਹੋ ਗਏ ਮੌਨ।
ਚੇਲੇ-ਚਪਟਿਆਂ ਨੂੰ ਚੱਕ-ਦੱਬ ਕਰੀ ਜਾਣ,
ਕਦੀ ਰੋਣੀ ਸੂਰਤ ਦਿਖਾਕੇ,ਆਪ ਚੱਲੇ ਗੰਗਾ ਨਹਾਉਣ।

**ਅਮਰਜੀਤ ਸਿੰਘ ਤੂਰ**
**9878469639**

## ਇੱਕ ਕੁੜੀ


ਪੈਰ ਭਾਵੇਂ ਨੰਗੇ, ਸਿਰਾ ਤੇ ਚੁੰਨੀ ਏ
ਸ਼ਰਮ, ਸੰਗ, ਸਾਦਗੀ, ਪੱਲੇ ਨਾਲ ਬੰਨੀ ਏ,

ਰਾਹ ਜਾਂਦਾ ਵਡੇਰਾ ਮਿਲੇ, ਸਿਰ ਝੁਕ ਜਾਂਦਾ ਏ
ਘਰ ਬਾਬਲ ਉੱਚਾ ਬੋਲੇ ਸਾਹ ਸੁੱਕ ਜਾਂਦਾ ਏ,

ਇਹ ਕੁੜੀਆਂ ਕੁਆਰੀਆਂ ਕਿਸਮਤ ਮਾਰੀਆ ਨੇ
ਰੀਝਾਂ ਦਾ ਗਲਾ ਘੋਟ, ਮਾਪਿਆਂ ਕੋਲੋਂ ਹਾਰੀਆ ਨੇ,

ਪਿਓ ਦੀ ਪੱਗ, ਵੀਰ ਦੀ ਇੱਜ਼ਤ ਸਾਂਭੀ ਏ
ਮਾਂ ਦਾ ਹਰ ਬੋਲ ਪੁਗਾ, ਵਾਂਗ ਕੁਦਰਤ ਜਾਪੀ ਏ,

ਸਭਨਾਂ ਨੂੰ ਸੰਭਾਲ ਦੀ, ਖੁਦ ਨੂੰ ਭੁੱਲੀ ਏ
ਘਰ ਜੋੜ ਲੈਂਦੀ, ਹੋਵੇ ਮਹਿਲ ਮੁਨਾਰੇ ਜਾਂ ਕੁੱਲੀ ਏ,



ਹੌਂਸਲਾ ਅੰਬਰੋਂ ਪਾਰ, ਹਰ ਜੰਗ ਜਿੱਤ ਜਾਂਦੀ ਏ
ਨਾਜ਼ੁਕ ਜਹੀ ਆਪਣਿਆਂ ਦੇ ਉੱਚੇ ਬੋਲ ਤੋਂ ਡਰ ਜਾਂਦੀ ਏ,

ਧੀ, ਭੈਣ, ਪਤਨੀ, ਮਾਂ ਹਰ ਕਿਰਦਾਰ ਨਿਭਾਵੇ
ਇੱਕ ਔਰਤ ਹੀ ਏ, ਜੋਂ ਸਾਰੀ ਸ਼ਿਰਸ਼ਟੀ ਸਜਾਵੇ,

**ਮਨਪ੍ਰੀਤ ਕੌਰ**
**ਮਾਨਸਾ, ਪੰਜਾਬ**

## ਏ ਸਾਜ਼ਿਸ਼ਕਾਰੀ ਏ

ਕਾਫ਼ਰ ਕਾਫ਼ਰ ਆਖ ਕੇ ਲੋਕੀ ਸੱਦ ਰਹੇ,
ਮੈਂ ਤਾਂ ਬੇਕਸੂਰ, ਏ ਸਾਜ਼ਿਸ਼ਕਾਰੀ ਏ।
ਇੱਕੋ ਵਾਰੀ ਚਾੜ੍ਹ ਕੇ ਸੂਲੀ ਮਾਰ ਦੇਵੋ,
ਤਿਲ- ਤਿਲ ਵਾਲੀ ਮੌਤ, ਸਜ਼ਾ ਏ ਭਾਰੀ ਏ।
ਤਸਬੀ, ਕਾਸਾ, ਲੋਟਾ ਸਭ ਕੁੱਝ ਭੁੱਲ ਗਿਆ ਏ,
ਝਲਕ ਇਲਾਹੀ, ਨੈਣੀ ਸੂਰਤ ਪਿਆਰੀ ਏ।
ਨਸ਼ਿਆਂ ਦਾ ਦਰਿਆ, ਜਵਾਨੀ ਵਹਿ ਗਈ ਏ,
ਮੌਤ ਨਾਲ ਪਾਈ ਬੈਠੀ ਸਾਕਾਦਾਰੀ ਏ।
ਫਿਕਰਾਂ ਵਾਲੇ ਨਾਗ ਨਾ ਕੀਲੇ ਜਾਂਦੇ ਨੇ,
ਬੀਨ ਗਮਾਂ ਦੀ, ਖੁੱਲ੍ਹੀ ਪਈ ਪਿਟਾਰੀ ਏ।
ਲੱਗੇ ਅੱਖ ਨਾ, ਲਾਲੀ ਰੜਕੇ ਨੈਣਾਂ ਵਿੱਚ,
ਟੂਣੇਹਾਰੀ ਅੱਖ ਵਿੱਚ ਬੜੀ ਖੁਮਾਰੀ ਏ।
ਕਰ ਦੇ ਸੀਸ ਨੂੰ ਕਲਮ, ਨਾ ਸਿਜਦਾ ਕਰ ਹੋਵੇ,
ਵਫਾ ਦਾ ਮੈ ਆ ਪੁਤਲਾ, ਨਾ ਵਿੱਚ ਗਦਾਰੀ ਏ।



**ਸਤਨਾਮ ਕੌਰ ਤੁਗਲਵਾਲਾ**

## ਮਹਾਰਾਜਾ ਰਣਜੀਤ ਸਿੰਘ ਯੋਧਾ

ਉਹਦੀ ਇਕ ਸੁਲੱਖਣੀ ਅੱਖ ਦਾ ਨਿਆਰਾ,
ਜਿਹੜਾ ਮੱਘਦਾ ਜਲਾਲ ਵੇਖਿਆ ਹੈ!
ਅੰਗਰੇਜ਼ ਨੀਤੀ 'ਚ ਬੜੇ ਚਤੁਰ ਜਿਹੜੇ
ਰਾਜਭਾਗ ਵਾਲਾ ਨਿਆਰਾ ਹਾਲ ਵੇਖਿਆ ਹੈ!
ਗੁਰੂ ਦਾ ਸਿੱਖ ਬਣ ਸਦਾ ਵਿਚਰਿਆ ਉਹ,
ਕਦੇ ਭੋਰਾ ਨਾ ਰਾਜ ਦਾ ਮਾਣ ਕੀਤਾ!
ਵੱਟੇ ਬੇਰੀ ਦੇ ਬੱਚੇ ਜਦ ਮਾਰਦੇ ਸੀ
ਉਹਨਾਂ ਬਾਲਾਂ ਦਾ ਮੋਹਰਾਂ ਨਾਲ ਸਨਮਾਨ ਕੀਤਾ!
ਰਾਜਾ ਅੱਜ ਕਿਸੇ ਤੋਂ ਓਏ ਅਖਵਾਂਵਦਾ ਨਾ,
ਕਿੰਨਾ ਅੱਜ ਦੇ ਹੁਕਮਰਾਨਾਂ ਹੈ ਅਪਮਾਨ ਕੀਤਾ!
ਯੋਧਾ ਜਦ ਮੈਦਾਨ ਵਿਚ ਜੂਝਦਾ ਸੀ,
ਅੰਗਰੇਜ਼ ਸਾਰੇ ਹੀ ਥਰ ਥਰ ਕੰਬਦੇ ਸੀ!
ਨੀਤੀ ਘਾੜਾ ਤੇਜ਼ ਤਰਾਰ ਸੀ ਉਹ,
ਸਾਰੇ ਰਾਜੇ ਉਹਦੇ ਅੱਗੇ ਕਿਦਾਂ ਰੰਭਦੇ ਸੀ!
ਰਾਜ ਰਾਜੇ ਦਾ ਪਰਜਾ ਸੀ ਸੁੱਖੀ ਵਸਦੀ
ਕੂਕਰ ਪਰਜਾ ਦਾ ਬਣ ਕੇ ਵਿਚਰਿਆ ਉਹ!
ਕਿਸੇ ਨਾਲ ਧੱਕਾ ਵੈਰ ਵਿਰੋਧ ਨਾ ਕੋਈ ਕੀਤਾ
ਹਲੀਮੀ ਰਾਜ ਦਾ ਮੋਢੀ ਬਣ ਵਿਚਰਿਆ ਉਹ!
ਕੀ ਕੀ ਸੁਣਾਵਾਂ ਕਾਰਨਾਮੇ ਸਰਦਾਰ ਦੇ ਮੈਂ
ਸਿੱਖ ਰਾਜ ਦਾ ਥੰਮ ਕਹਿ ਲਾ ਗਿਆ ਉਹ!
ਰਾਜੇ ਬੜੇ ਦੁਨੀਆ ਤੇ ਬਣ ਖਲੌਣਗੇ ਜੀ,
ਰਾਜ ਹਲੀਮੀ ਕਰ ਕੇ ਦਿਖਾ ਗਿਆ ਉਹ!
ਐਸੈ ਮਹਾਂਬਲੀ ਯੋਧੇ ਨੂੰ ਸੌ ਸੌ ਵਾਰ ਸਜਦਾ,
ਉਹਦੀ ਰੀਸ ਕੋਈ ਵੀ ਨਹੀਂ ਕਰ ਸਕਦਾ!
ਬੜੇ ਵਾਅਦੇ ਦਾਅਵੇ ਕਰਦੇ ਮੁੱਕਰ ਜਾਂਦੇ
ਉਹਦੇ ਜੇਹਾ ਕਦੇ ਨਾ ਕੋਈ ਵੀ ਬਣ ਸਕਦਾ!
ਬੜੇ ਇਤਿਹਾਸ ਦੇ ਪੰਨੇ ਮੈਂ ਪਲਟ ਵੇਖੇ,
ਕੋਈ ਮਿਲਿਆ ਨਾ ਰਾਜੇ ਰਣਜੀਤ ਜੈਸਾ!
ਅਪਣੇ ਨਾਅ 'ਤੇ ਬੜਾ ਜੋ ਰਾਜ ਕਰ ਗਏ
ਕਿਤੇ ਮੁੜ ਵੇਖਿਆ ਨਾ ਰਾਜ ਰਣਜੀਤ ਜੈਸਾ!
ਮੇਰੀ ਕਲਮ ਦੇ ਬਸ ਦੀ ਬਾਤ ਹੈ ਨਾ,
ਉਹਦੇ ਕਾਰਨਾਮਿਆਂ ਦਾ ਕਿੰਝ ਵਿਖਿਆਨ ਕਰਾਂ?
ਜਿਉਂ ਜਿਉਂ ਫੋਲਾਂ ਇਤਿਹਾਸ ਦੇ ਪੱਤਰੇ ਮੈਂ
ਕਿਹੜੇ ਸ਼ਬਦਾਂ 'ਚ ਉਹਦਾ ਸਨਮਾਨ ਕਰਾਂ?



**ਰਣਜੀਤ ਸਿੰਘ ਆਜ਼ਾਦ ਕਾਂਝਲਾ**
**09464697781**

## ਪੁਰਾਣਾ ਪੰਜਾਬ

ਕੈਂਠੇ ਵਾਲ਼ਾ ਪਾਵੇ ਕੜਾ ਕੰਨਾਂ ਵਿੱਚ ਨੱਤੀਆਂ
ਪੂਣੀਆਂ ਬੇਬੇ ਨੇ ਉਦੋਂ ਚਰਖੇ ਤੇ ਕੱਤੀਆਂ
ਖ਼ੁਸ਼ੀ-ਖ਼ੁਸ਼ੀ ਰਹਿੰਦੇ ਪਰਿਵਾਰ ਵੇ ਲਿਖਾਰੀਆ
ਏਹ ਏ ਪੰਜਾਬੀ ਸੱਭਿਆਚਾਰ ਵੇ ਲਿਖਾਰੀਆ
ਵਿਰਸੇ ਦਾ ਕਰ ਸਤਿਕਾਰ ਵੇ ਲਿਖਾਰੀਆ

ਛੱਜ ਤੋੜਦੀਆਂ ਵਿਆਹ ਚ ਗਿੱਧੇ ਦੀਆਂ ਰਾਣੀਆਂ
ਯਾਦ ਤੈਨੂੰ ਆਈਆਂ ਮੁੜ ਚਾਟੀਆਂ-ਮਧਾਣੀਆਂ
ਘੜਿਆਂ ਚ ਪਾਣੀ ਠੰਢਾ ਠਾਰ ਵੇ ਲਿਖਾਰੀਆ
ਏਹ ਏ ਪੰਜਾਬੀ ਸੱਭਿਆਚਾਰ ਵੇ ਲਿਖਾਰੀਆ
ਵਿਰਸੇ ਦਾ ਕਰ ਸਤਿਕਾਰ ਵੇ ਲਿਖਾਰੀਆ

ਟੱਪੇ ਮਾਹੀਏ ਸਿੱਠਣੀਆਂ ਲੋਕ ਗੀਤ ਘੋੜੀਆਂ
ਨਿੱਕੇ ਨਿੱਕੇ ਪੁੱਤਾਂ ਦੀਆਂ ਵੰਡਦੇ ਸੀ ਲੋਹੜੀਆਂ
ਕਾਰੀਗਰ ਗੱਡੀ ਸੀ ਲੁਹਾਰ ਵੇ ਲਿਖਾਰੀਆ
ਏਹ ਏ ਪੰਜਾਬੀ ਸੱਭਿਆਚਾਰ ਵੇ ਲਿਖਾਰੀਆ
ਵਿਰਸੇ ਦਾ ਕਰ ਸਤਿਕਾਰ ਵੇ ਲਿਖਾਰੀਆ

ਬੈਠ ਕੇ ਤ੍ਰਿੰਝਣਾਂ ਚ ਕੱਢ ਦੀਆਂ ਚਾਦਰਾਂ
ਚੁੱਕੀਆਂ ਸਵਾਣੀਆਂ ਨੇ ਢਾਕ ਉੱਤੇ ਗਾਗਰਾਂ
ਭੱਤਾ ਲੈ ਕੇ ਆਉਂਦੀ ਮੁਟਿਆਰ ਵੇ ਲਿਖਾਰੀਆ
ਏਹ ਏ ਪੰਜਾਬੀ ਸੱਭਿਆਚਾਰ ਵੇ ਲਿਖਾਰੀਆ
ਵਿਰਸੇ ਦਾ ਕਰ ਸਤਿਕਾਰ ਵੇ ਲਿਖਾਰੀਆ

ਪੇਟੀਆਂ ਤੇ ਛਾਪੇ ਗਜਰੇ ਗਲ਼ ਗਾਨੀਆਂ
ਤਿੱਲੀ ਟਿੱਕਾ ਲੌਂਗ ਕੋਕਾ ਸੁਰਮੇ-ਦਾਨੀਆਂ
ਕਾਂਟੇ ਬੂੰਦੇ ਕੋਕਰੂ ਸ਼ਿੰਗਾਰ ਵੇ ਲਿਖਾਰੀਆ
ਏਹ ਏ ਪੰਜਾਬੀ ਸੱਭਿਆਚਾਰ ਵੇ ਲਿਖਾਰੀਆ
ਵਿਰਸੇ ਦਾ ਕਰ ਸਤਿਕਾਰ ਵੇ ਲਿਖਾਰੀਆ



ਮਾਨ ਛਿੰਦਾ ਯਮਲਾ ਤੇ ਮਾਣਕ ਕਮਾਲ ਸੀ
ਵੱਜਦੇ ਰਕਾਟ ਓਦੋਂ ਧੰਨੇ ਧਾਲੀਵਾਲ ਸੀ
ਲਿਖ ਦੇਵੀਂ ਨੂਰੀ ਤੇ ਦੀਦਾਰ ਵੇ ਲਿਖਾਰੀਆ
ਏਹ ਏ ਪੰਜਾਬੀ ਸੱਭਿਆਚਾਰ ਵੇ ਲਿਖਾਰੀਆ
ਵਿਰਸੇ ਦਾ ਕਰ ਸਤਿਕਾਰ ਵੇ ਲਿਖਾਰੀਆ

**ਧੰਨਾ ਧਾਲੀਵਾਲ**
**9878235714**

## ਸੀਬੀਆਂ ਈਡੀਆਂ


ਸੀਬੀਆਂ ਈਡੀਆਂ ਦੇ ਕੰਮ!
'ਮਹਾਂ' ਹੋ ਗਿਆ ਹੋਰ ਵੀ ਮਹਾਂਰਾਸ਼ਟਰ
ਜਿੱਥੇ ਪਿਆ ਹੈ ਸਿਆਸੀ ਘਮਸਾਣ ਦੇਖੋ।
ਪੁੱਤਰ ਜਿਹੇ ਭਤੀਜ ਦੀ 'ਕਲਾਬਾਜੀ'
ਸ਼ਰਦ ਹੋ ਗਿਆ 'ਸਰਦ' ਹੈਰਾਣ ਦੇਖੋ।
ਸਾਰਾ ਕੁੱਝ ਹੀ ਕੁਰਸੀ ਹੈ ਲੀਡਰਾਂ ਲਈ
ਇਹਦੇ ਬਿਨਾਂ ਤਾਂ ਨਿਕਲਦੇ ਪ੍ਰਾਣ ਦੇਖੋ।
ਆਵੇ ਸੰਗ ਨਾ ਸੱਤਾ 'ਤੇ ਕਾਬਜਾਂ ਨੂੰ
ਲੋਕ-ਰਾਜ ਨੂੰ ਪਾਉਂਦਿਆਂ 'ਕਾਣ' ਦੇਖੋ।
ਕਿਸੇ ਹੀਰੋ ਨੂੰ 'ਜ਼ੀਰੋ' ਬਣਾਉਣ ਖਾਤਰ
ਕੱਢ ਲੈਂਦੇ ਨੇ 'ਆਡੀਉ ਸੀਡੀਆਂ' ਜੀ।
ਛੁੱਟ ਪਾਉਣ ਧਮਕਾਉਣ ਲਈ ਵਰਤਦੇ ਨੇ
ਇਨਕਮ ਟੈਕਸ ਤੇ ਸੀਬੀਆਂ ਈਡੀਆਂ ਜੀ!

ਤਰਲੋਚਨ ਸਿੰਘ 'ਦੁਪਾਲਪੁਰ'
001-408-915-1268



## ਨਣਦਾਂ....

ਨਣਦਾਂ ਵੀ ਹੁੰਦੀਆਂ ਪਿਆਰੀਆਂ,
ਕਹਿ ਭਾਬੀ ਭਾਬੀ ਹੱਸਦੀਆਂ।
ਪੇਕਿਆਂ ਵਾਲੇ ਘਰ ਦੀ ਉਹਨੂੰ,
ਇਕੋ ਇੱਕ ਚਾਬੀ ਦੱਸਦੀਆਂ।
ਨਣਦਾਂ ਵੀ ਹੁੰਦੀਆਂ....
ਜੇ ਸੱਸਾਂ ਚਾਅ ਕਰਦੀਆਂ ਤਾਂ,
ਨਣਦਾਂ ਪਰਛਾਵੇਂ ਵਰਗੀਆਂ।
ਵੀਰਾਂ ਦੇ ਦੁੱਖ ਸੁੱਖ ਵਿੱਚ ਇਹ,
ਝੱਟ ਆ ਕੇ ਸਾਹਵੇਂ ਖੜਦੀਆਂ।
ਪੈਸੇ ਦਾ ਲਾਲਚ ਕੋਈ ਨਾ,
ਬੱਚਿਆਂ ਨੂੰ ਨੋਟ ਗੁਲਾਬੀ ਦੱਸਦੀਆਂ।
ਨਣਦਾਂ ਵੀ ਹੁੰਦੀਆਂ.....
ਭੈਣਾਂ ਦੇ ਵਾਂਗਰਾਂ ਰਹਿੰਦੀਆਂ,
ਵੱਡੀਆਂ ਆ ਲਾਡ ਲਡਾਉਂਦੀਆਂ।
ਛੋਟੀਆਂ ਦੇ ਨਖ਼ਰੇ ਨੇ ਕੁਝ,
ਆ ਕੇ ਪਰ ਨਾਲ ਬਹਿੰਦੀਆਂ।
ਬਾਪੂ ਤੇ ਵੀਰੇ ਨੂੰ ਜੱਚਦੀ ਬੜੀ,
ਪੱਗ ਇਹ 'ਨਾਬੀ ਦੱਸਦੀਆਂ।
ਨਣਦਾਂ ਵੀ ਹੁੰਦੀਆਂ....
ਰੁੱਸ ਬੇਸ਼ੱਕ ਜਾਵਣ ਕਿੱਧਰੇ,
ਜੜ੍ਹ ਨਾਲੋਂ ਟੁੱਟਦੀਆਂ ਨਾਹੀਂ।
ਰਿਸ਼ਤੇ ਅਣਮੁੱਲੇ 'ਮਨਜੀਤ',
ਛੁੱਟਿਆਂ ਵੀ ਛੁੱਟਦੀਆਂ ਨਾਹੀਂ।
ਤੁਰ ਜਾਂਦੀਆਂ ਦੂਰ ਦੁਰੇਡੇ,
ਵਤਨ ਪੰਜ ਆਬੀ ਦੱਸਦੀਆਂ।
ਨਣਦਾਂ ਵੀ ਹੁੰਦੀਆਂ....



ਮਨਜੀਤ ਕੌਰ ਧੀਮਾਨ
9464633059

## ਪੈਰੀਂ ਆਪਣੇ ਕੁਹਾੜਾ ਰਿਹੈ...

ਪੈਰੀਂ ਆਪਣੇ...
ਓ ਪੈਰੀਂ ਆਪਣੇ....
ਪੈਰੀਂ ਆਪਣੇ ਕੁਹਾੜਾ ਰਿਹੈਂ ਮਾਰ ਬੰਦਿਆ।
ਛੱਡ ਰੁੱਖਾਂ ਤੇ ਚਲਾਉਣੀ ਤੂੰ ਕਟਾਰ ਬੰਦਿਆ।

ਰੁੱਖ ਗਏ ਨਾ ਸੰਭਾਲੇ, ਜਿੰਦ ਹੋ ਜਾਊ ਦੁਸ਼ਵਾਰ।
ਮਿਟ ਜਾਵੇ ਨਾ ਵਜੂਦ, ਤੇਰਾ ਸੋਚ ਤੂੰ ਵਿਚਾਰ।
ਮਿਲੇ, ਜਨਮ ਨਾ ਤੈਨੂੰ ਵਾਰ ਵਾਰ ਬੰਦਿਆ।
ਪੈਰੀਂ...

ਤੇਰੇ ਸਾਹਾਂ ਦੇ ਨੇ ਰਾਖੇ, ਇਹ ਤੂੰ ਬੈਠਾ ਕਾਹਤੋਂ ਭੁੱਲ।
ਪੌਣ ਪਾਣੀ ਤੈਨੂੰ ਸ਼ੁੱਧ, ਮਿਲੇ ਕਿਤੋਂ ਵੀ ਨਾ ਮੁੱਲ।
ਰਿਹਾ ਏਨ੍ਹਾਂ ਨਾਲ ਰੱਖਦਾ ਜੇ ਖਾਰ ਬੰਦਿਆ।
ਪੈਰੀਂ...

ਹੜ੍ਹਾਂ ਵੇਲੇ ਕਰਦੇ ਨੇ, ਤੇਰੀ ਮਿੱਟੀ ਦੀ ਸੰਭਾਲ।
ਕਿੰਨੀ ਵਫ਼ਾਦਾਰੀ ਵੇਖ, ਹੈ ਨਿਭਾਉਂਦੇ ਤੇਰੇ ਨਾਲ।
ਡਾਢਾ ਕਹਿਰ ਤੂੰ ਰਿਹਾ ਏਂ ਗੁਜ਼ਾਰ ਬੰਦਿਆ।
ਪੈਰੀਂ...

ਆਉਣ ਵਾਲੀ ਪੀੜ੍ਹੀ ਨੂੰ ਕੀ,ਦੱਸ ਦੇ ਕੇ ਜਾਵੇਂਗਾ।
ਬੁਰਾ ਭਲਾ ਬੁਜਰਕ, ਉਹਨਾਂ ਤੋਂ ਕਹਾਵੇਂਗਾ।
ਬੰਨੀਂ ਅੱਖਾਂ ਉੱਤੇ ਪੱਟੀ ਨੂੰ ਉਤਾਰ ਬੰਦਿਆ।
ਪੈਰੀਂ...

ਹਰਮੇਲ ਸਿੰਘ ਧੀਮਾਨ
94175-97204

## ਕਵਿਤਾ

ਜੜ੍ਹਾਂ ਸਨ ਬਹੁਤ ਮਜ਼ਬੂਤ ਦੇਸ਼,
ਆਪਣੇ ਮਹਾਂ ਪੰਜਾਬ ਦੀਆਂ,
ਦੇ ਦੇ ਜੜ੍ਹੀਂ ਤੇਲ ਆਪਨਿਆਂ,
ਦੇਸ਼ ਬਣਾ ਦਿੱਤਾ ਛੋਟਾ।
ਪਹਿਲਾਂ ਵੰਡ ਨੇ ਪਾਕਿ ਦੂਰ ਕੀਤਾ,
ਫਿਰ ਹਿਮਾਚਲ, ਹਰਿਆਣਾ ਖੋਹ,
ਖੋਹ ਦਿੱਲੀ ਵੀ, ਕਲੀ ਕਲੀ ਕੀਤਾ,
ਜੋ ਸੀ ਹੁੰਦਾ ਕਦੇ ਜੋਟਾ।
ਪਰੋ ਮੋਤੀ ਮਾਲਾ ਸੀ,
ਜੋ ਤਿਆਰ ਕੀਤੀ ਸੀ ਸ਼ੇਰੇ ਪੰਜਾਬ,
ਭੁੱਲ ਬੰਦਾ ਬਹਾਦਰ,
ਗੱਦਾਰਾਂ ਕਰਿਆ ਮਨ ਖੋਟਾ।
ਪਾ ਸ਼ਹੀਦੀਆਂ ਸਿੱਖੀ
ਸਿਦਕ ਨਿਭਾਇਆ ਕਈਆਂ,
ਕਈਆਂ ਕੁੱਲਾਂ ਪੁਸ਼ਤਾਂ ਲਈ,
ਕਰ ਗ਼ੱਦਾਰੀ ਬਚਾਇਆ ਪੋਟਾ ਪੋਟਾ।

ਕਾਰਨਾਮੇ ਕਈਆਂ ਦੇ,
ਜੀਵਨ ਜਾਚ ਸਿਖਾਉਂਦੇ ਨੇ।
ਰਹਿਣ ਸ਼ੇਰ ਦਲੇਰ ਬਣ ਕਈ,
ਨਾ ਕਦੇ ਘਬਰਾਉਂਦੇ ਨੇ।

ਕਈਆਂ ਕੁੱਲ ਚਮਕਾਈ,
ਆਪਣੀ ਸੰਸਾਰ ਅੰਦਰ ,
ਕਈਆਂ ਕੁੱਲ ਆਪਣੀ ਨੂੰ,
ਦਾਗ ਲੱਗਾ ਦਿੱਤਾ।
ਲਿਖਿਆ ਇਤਿਹਾਸ ਸੁਨਹਿਰੀ,
ਕਈਆਂ ਕਰ ਕਾਰਨਾਮੇ,
ਕਾਰੇ ਕਈਆਂ ਦੇ ਨੇ ,
ਨਾਮੋ ਨਿਸ਼ਾਨ ਮਿਟਾ ਦਿੱਤਾ।

ਲੁੱਟਿਆ ਖ਼ਜ਼ਾਨਾ ਜਿਹੜਾ ਸੀ,
ਪਹਿਲਾਂ ਹਮਲਾਵਰਾਂ ਨੇ,
ਸ਼ੇਰੇ ਪੰਜਾਬ ਦੇ ਨਾਇਕਾਂ,
ਵਾਪਸ ਲਿਆਉਂਦਾ ਸੀ।
ਹੀਰਾ ਕੋਹਿਨੂਰ ਸੀ ਜੋ,
ਕਹਿੰਦੇ ਉਹ ਤਾਂ ਮਹਾਰਾਜੇ ਦੇ,
ਤਖ਼ਤ ਦੀ ਸ਼ਾਨ ਵਧਾਉਂਦਾ ਸੀ।

ਲੁੱਟ ਫਰੰਗੀ ਜਿਹੜੇ ਸੀ,
ਨਾਲ ਲੈ ਗਏ ਵਤਨ ਆਪਣੇ,
ਉਹ ਸਾਰਾ ਵਾਪਸ ਲਿਆਉਣਾ,
ਹਾਲੇ ਬਾਕੀ ਐ।
ਹੱਕ ਕਦੋਂ ਦਾ ਸੀ,
ਸਾਨੂੰ ਮਿਲ ਜਾਣਾ,
ਪਰ ਕੀ ਕਰੀਏ ਬਣਾਇਆ,
ਬੇਈਮਾਨਾਂ ਆਕਾਂ ਆਕੀ ਐ।

ਬਜ਼ਾਰ ਅਫਵਾਹਾਂ ਦਾ,
ਗਰਮ ਰਹਿੰਦਾ ਅਕਸਰ ਹੀ ਇੱਥੇ,
ਪੜ੍ਹਨ ਸੁਣਨ ਨੂੰ ਖ਼ਬਰਾਂ ਅਕਸਰ,
ਮਾੜੀਆਂ ਹੀ ਮਿਲਦੀਆਂ ਨੇ।
ਹਰ ਕੋਈ ਉੱਲੂ ਸਿੱਧਾ ਕਰਦਾ,
ਬਣਾ ਉੱਲੂ ਜਨਤਾ ਨੂੰ,
ਕਰਨ ਮਾਹੌਲ ਖ਼ਰਾਬ ਸਦਾ,
ਨਾ ਸੁਣਨ ਦਿਲ ਦੀਆਂ ਨੇ।

ਆਏ ਸੀ ਜਿਹੜੇ ਵਿਚ ਸਿਆਸਤ,
ਸੇਵਾ ਕਰਨ ਲਈ ਬਣ ਸੇਵਾਦਾਰ,
ਉਨ੍ਹਾਂ ਲੋਟੂਆਂ ਰੂਪ ਕਸਾਈ ਦਾ,
ਅੱਜ ਕੱਲ੍ਹ ਤਾਂ ਧਾਰਿਆ ਏ।
ਜਨਤਾ ਰੋਂਦੀ ਰਹਿ ਜਾਵੇ,
ਫੜ੍ਹ ਹੱਥ ਖ਼ਾਲੀ ਭਾਂਡੇ,
ਮਿਲ ਨਾਲ ਸਰਮਾਏਦਾਰਾਂ,
ਨਾ ਕੁਝ ਸੰਵਾਰਿਆ ਏ।



ਸਰਬਜੀਤ ਸੰਗਰੂਰਵੀ
9463162463

## ਸਹੀ ਗਲਤ

ਕੁਝ ਚੀਜ਼ਾਂ ਗ਼ਲਤ ਦਿਖਦੀਆਂ, ਗ਼ਲਤ ਹੁੰਦੀਆਂ
ਕੁਝ ਚੀਜ਼ਾਂ ਚੰਗੀਆਂ ਲੱਗਦੀਆਂ, ਸਹੀ ਹੁੰਦੀਆਂ
ਸਹੀ ਗ਼ਲਤ ਵਿਚ ਜੋ ਜਬਰਨ ਪੈਦਾ ਹੁੰਦਾ
ਜੋ ਨਾ ਸਹੀ ਦਾ ਸਮਰਥਕ ਨੇ,
ਨਾ ਗਲਤ ਦਾ ਸਮਰਥਕ ਨੇ
ਬੱਸ ਉਹੀ ਗਲਤ ਹੁੰਦੇ
ਕੁਝ ਲੋਕ ਹਮੇਸ਼ਾ ਸਹੀ ਹੁੰਦੇ
ਕੁਝ ਲੋਕ ਹਮੇਸ਼ਾ ਗਲਤ ਹੁੰਦੇ
ਸਹੀ ਗਲਤ ਹੋ ਸਕਦਾ
ਗਲਤ ਸਹੀ ਹੋ ਸਕਦਾ
ਦੋਨੋਂ ਸਹੀ, ਦੋਨੋਂ ਗਲਤ ਵੀ ਹੋ ਸਕਦੇ
ਪਰ ਪਤਾ ਨਹੀਂ ਕਿਉਂ!
ਇਹਨਾਂ ਦੋਨਾਂ ਸ਼ਬਦਾਂ ਨੂੰ
ਸਾਬਿਤ ਕਰਨ ਸਭ ਲੱਗੇ ਹੋਏ
ਆਖਿਰ ਇਹ ਦੋ ਸ਼ਬਦ ਬਣੇ ਹੀ ਕਿਉਂ ਸਨ?
ਕਿਉਂਕਿ ਹਮੇਸ਼ਾ ਸਭ ਕੁਝ ਸਹੀ ਨਹੀਂ ਹੁੰਦਾ
ਹਮੇਸ਼ਾ ਸਭ ਕੁਝ ਗਲਤ ਵੀ ਨਹੀਂ ਹੁੰਦਾ
ਹੁੰਦਾ ਪਤਾ ਕੀ ਹੈ!
ਸਭ ਦੇ ਆਪਣੇ ਆਪਣੇ ਸਹੀ ਹੁੰਦੇ
ਤੇ ਸਭ ਦੇ ਆਪਣੇ ਆਪਣੇ ਗ਼ਲਤ ਹੁੰਦੇ
ਹਾਂ ਪਰ !
ਜੀਵਨ ਦੇ ਰੰਗਮੰਚ ਤੇ
ਸਹੀ ਗ਼ਲਤ ਦਾ ਕਿਰਦਾਰ ਨਿਭਾਉਂਦੇ
ਲੋਕਾਂ ਨੂੰ ਦੇਖ
ਜੋ ਪਾਪਕਾਨ ਦਾ ਸੁਆਦ
ਲੈ ਤਾੜੀ ਵਜਾਉਂਦੇ
ਉਹ ਲੋਕ ਗਲਤ ਹੁੰਦੇ।
ਹਮੇਸ਼ਾ ਹਮੇਸ਼ਾ ਗਲਤ ਹੁੰਦੇ।



ਨਵਜੋਤ ਕੌਰ ਨਿਮਾਣੀ

## ਗੀਤ

ਸਹੁੰ ਤੇਰੀ, ਛੱਡ ਜਾਵਣ ਦੇ।
ਪੈਣ ਛਰਾਟੇ ਸਾਵਣ ਦੇ।
ਠੰਡੀਆਂ ਠਾਰ ਹਵਾਵਾਂ ਨੇ।
ਚੜ੍ਹੀਆਂ ਘੋਰ ਘਟਾਵਾਂ ਨੇ।

ਗੀਤ ਖ਼ੁਸ਼ੀ ਦੇ ਗਾਵਣ ਦੇ।
ਪੈਣ ਛਰਾਟੇ ਸਾਵਣ ਦੇ।
ਆ ਗਈ ਰਾਤ ਮਿਲਾਪਾਂ ਦੀ।
ਇਹ ਸੌਗਾਤ ਮਿਲਾਪਾਂ ਦੀ।
ਮਾਹੀ ਨੂੰ ਸਮਝਾਵਣ ਦੇ।

ਪੈਣ ਛਰਾਟੇ ਸਾਵਣ ਦੇ।
ਹੁੰਮਸ ਤਪਸ਼ ਚੁਮਾਸੇ ਨੇ।
ਗਰਮੀ ਦੇ ਧਰਵਾਸੇ ਨੇ।
ਸ਼ਾਹ ਕੁਝ ਸੌਖਾ ਆਵਣ ਦੇ।

ਪੈਣ ਛਰਾਟੇ ਸਾਵਣ ਦੇ।
ਬੱਚਿਆਂ ਤੇ ਮੁਟਿਆਰਾਂ ਨੂੰ।
ਖਿੜ੍ਹ ਰਹੇ ਗੁਲਜ਼ਾਰਾਂ ਨੂੰ।
ਮਸਤੀ ਵਿਚ ਨਹਾਵਣ ਦੇ।

ਪੈਣ ਛਰਾਟੇ ਸਾਵਣ ਦੇ।
ਸ਼ੁੱਭ ਅਸੀਸਾਂ ਮਾਲੀ ਨੂੰ।
ਫਸਲਾਂ ਤੇ ਹਰਿਆਲੀ ਨੂੰ।
ਸੋਨਾ ਹੋਰ ਉਗਾਵਣ ਦੇ।

ਪੈਣ ਛਰਾਟੇ ਸਾਵਣ ਦੇ।
ਕਾਗਜ਼ ਵਾਲੀ ਬੇੜੀ ਹੈ।
ਬੱਚਿਆਂ ਨੀਰ 'ਚ ਰੇੜੀ ਹੈ।
ਸ਼ੋਰ ਸ਼ਰਾਬਾ ਪਾਵਣ ਦੇ।

ਪੈਣ ਛਰਾਟੇ ਸਾਵਣ ਦੇ।
ਗਿੱਧੇ ਪੀਂਘਾਂ ਤੀਜ ਦੀਆਂ।
ਪੁੰਨਿਆਂ ਤੀਕਰ ਰੀਝ ਦੀਆਂ।
ਖੀਰਾਂ ਪੂੜੇ ਖਾਵਣ ਦੇ।

ਪੈਣ ਛਰਾਟੇ ਸਾਵਣ ਦੇ।
ਜ਼ਿੰਦਾ ਰਹਿਣਾ ਸਭਿਆਚਾਰ।
ਦੇਸ਼ ਵਿਦੇਸ਼ਾਂ ਵਿਚ ਪ੍ਰਚਾਰ।
ਇਹ ਤਿਉਹਾਰ ਮਨਾਵਣ ਦੇ।
ਪੈਣ ਛਰਾਟੇ ਸਾਵਣ ਦੇ।

ਧੁੱਪਾਂ ਛਾਂਵਾਂ ਰਹਿਣਗੀਆਂ।
ਕੌਮਾਂ ਜ਼ਿੰਦਾ ਰਹਿਣਗੀਆਂ।
ਬਾਲਮ ਨੂੰ ਸਮਝਾਵਣ ਦੇ।
ਪੈਣ ਛਰਾਟੇ ਸਾਵਣ ਦੇ।



ਬਲਵਿੰਦਰ ਬਾਲਮ
919815625409

## ਇਹ ਭੀ ਵਿਰਸਾ

ਪਿੰਡਾਂ ਵਿਚ ਆਮ ਸੀ ਲਸੂੜੇ ਤੇ ਲਸੂੜੀਆਂ,
ਕੱਚੇ ਦਾ ਅਚਾਰ ਪੱਕੇ ਨਾਲ ਜੀਭਾਂ ਜੁੜੀਆਂ।
ਕਿਤਾਬਾਂ ਜਦੋਂ ਫਟੀਆਂ ਚੀਪ ਨਾਲ ਜੋੜੀਆਂ,
ਚਿੱਬੜੀਆਂ ਲੀੜਿਆਂ ਨੂੰ ਜੋਰ ਨਾਲ ਤੋੜੀਆਂ।

ਖਾਣੀਆਂ ਅੰਜੀਰਾਂ ਤੇ ਬੇਰਾਂ ਦੀਆਂ ਗੁੰਮੀਆਂ,
ਮਲ੍ਹਿਆਂ ਦੇ ਬੇਰ ਤੱਕ ਨੀਤਾਂ ਜਾਣ ਘੁੰਮੀਆਂ।
ਗਰੂਨੇ, ਕਾਠਾ ਬੇਰ, ਖਾਣੀਆਂ ਛੁੱਟਾਂ ਫਿੱਕੀਆਂ,
ਤੂਤੀਆਂ ਸ਼ਹਤੂਤੀਆਂ ਸ਼ਹਿਦ ਨਾਲੋਂ ਮਿੱਠੀਆਂ।

ਮੁੱਕ ਗਏ ਅੱਕ ਨਾ ਰਹੀਆਂ ਹੁਣ ਢੱਕੀਆਂ,
ਲੱਭਦੇ ਨਹੀਂ ਪਲਾਹ ਨਾ ਹੀ ਪੀਲੂ ਪੱਕੀਆਂ।
ਗੁਆਚ ਗਏ ਬੋਹੀਏ, ਬਿੰਨੇ ਛਿੱਕੂ, ਚੱਕੀਆਂ,
ਅਲੋਪੀਆਂ ਖਜੂਰਾਂ ਨਾਲੇ ਗੁੰਮ ਨੇ ਪੱਖੀਆਂ।

ਇਹ ਵੀ ਸਾਡਾ ਵਿਰਸਾ ਜਾਂਦਾ ਹੈ ਗੁਆਚਦਾ,
ਕਦੇ ਨਹੀਂ 'ਬਿਆਨਾ ਨਾਂਹੀ ਹੈ ਕੋਈ ਵੇਚਦਾ।
ਬਚਾ ਲਉ ਰਲ ਮਿਲਕੇ ਹੈ ਮਰਨੇ ਨੂੰ ਲੋਚਦਾ।
ਅਮਰੀਕਾ ਬੈਠਾ 'ਨੂਰਪੁਰੀ' ਹੈ ਇੰਝ ਸੋਚਦਾ।



ਸੇਵਾ ਸਿੰਘ ਨੂਰਪੁਰੀ

## ਇੱਕ ਸੁਪਨਾ...

ਇਕ ਸੁੱਪਨਾ ਮੁਸਕਰਾਉਂਦਾ
ਹੋਇਆ।
ਉਹ ਮੈਂ ਇਕ ਔਰਤ
ਇਕ ਪੇੜ ਹਵਾ ਹੈ।
ਧਰਤੀ ਵੀ, ਨਦੀ ਹੈ।
ਏਕਮ ਦੇ ਚੰਨ ਵਾਂਗ
ਇਕ ਸੁੱਪਨਾ ਮੁਸਕਰਾਉਂਦਾ
ਹੋਇਆ

ਉਹ ਕਦੇ ਬੇਟੀ, ਬਣ ਜਾਂਦੀ ਹੈ।
ਕਦੇ ਮਾਂ ਕਦੇ ਪਿਤਾ
ਕਦੀ ਸਹੇਲੀ ਕਦੀ ਤੇਰੀ
ਮਹਿਬੂਬ
ਕਦੀ ਆਖਰੀ ਉਸ ਦੇ ਅੰਦਰ
ਵਸ ਉਸ ਦਾ ਹੀ ਰੂਪ ਧਾਰਣ ਕਰ ਲੈਂਦੀ ਹੈ।
ਦਿਲ ਉਸ ਨੂੰ ਭੁਲਾਣਾ ਨਹੀਂ
ਚਾਹੁੰਦਾ।
ਫਿਰ ਵੀ ਇਕ ਜਿਦ ਹੈ।
ਉਸ ਨੂੰ ਭੁੱਲ ਜਾਣ ਦੀ।
ਇਕ ਸੁਪਨਾ ਮੁਸਕਰਾਉਂਦਾ ਹੋਇਆ।



ਸੁਰਜੀਤ ਸਾਂਗਰਾ

## ਗ਼ਜ਼ਲ

ਭਾਰਤ ਦੀ ਪਹਿਚਾਣ ਬਣਾਉਂਦੀ ਹੈ ਸਾੜ੍ਹੀ।
ਨਾਰੀ ਨੂੰ ਧਨਵਾਨ ਬਣਾਉਂਦੀ ਹੈ ਸਾੜ੍ਹੀ।
ਰਾਧਾ ਕ੍ਰਿਸ਼ਨ ਸਰੂਪ ਸੁਸ਼ੋਭਿਤ ਮੰਦਿਰ ਵਿਚ,
ਦਰਸ਼ਨ ਨੂੰ ਭਗਵਾਨ ਬਣਾਉਂਦੀ ਹੈ ਸਾੜ੍ਹੀ।
ਕ੍ਰਿਸ਼ਨ ਕਰੇ ਰੱਖਿਆ ਲਾਚਾਰ ਦਰੋਪਦੀ ਦੀ,
ਜੀਵਨ ਨੂੰ ਕੁਰਬਾਨ ਬਣਾਉਂਦੀ ਹੈ ਸਾੜ੍ਹੀ।
ਅਹੱਲਿਆ ਦੇ ਜੀਵਨ ਦੀ ਅਜ਼ਬ ਕਹਾਣੀ ਹੈ,
ਚਰਿਤਰ ਦਾ ਨਿਰਮਾਣ ਬਣਾਉਂਦੀ ਹੈ ਸਾੜ੍ਹੀ।
ਦੈਹਿਕਤਾ ਦਾ ਰੂਪ ਵਿਕੇ ਜਦ ਭੂਮੀਗਤ,
ਕਦਰਾਂ ਨੂੰ ਸ਼ੈਤਾਨ ਬਣਾਉਂਦੀ ਹੈ ਸਾੜ੍ਹੀ।
ਸੁੰਦਰਤਾ ਜਦ ਚੰਚਲਤਾ ਵਿਚ ਢਲ ਜਾਵੇ,
ਮੁਰਦੇ ਵਿਚ ਵੀ ਜਾਨ ਬਣਾਉਂਦੀ ਹੈ ਸਾੜ੍ਹੀ।
ਅਭਿਵਾਦਨ ਦੀ ਮੁਦਰਾ ਵਿਚ ਅਭਿਨੰਦਨ ਹੈ,
ਮਹਿਫ਼ਲ ਨੂੰ ਮੇਹਮਾਨ ਬਣਾਉਂਦੀ ਹੈ ਸਾੜ੍ਹੀ।
ਜੰਨਤ ਦੀ ਪਰਿਭਾਸ਼ਾ ਇਸ ਨੂੰ ਕਹਿੰਦੇ ਹਨ,
ਕਿਰਪਾ ਨੂੰ ਪਰਵਾਨ ਬਣਾਉਂਦੀ ਹੈ ਸਾੜ੍ਹੀ।
ਭਸਮਾਸੁਰ ਜਦ ਕਾਮ ਕਰੋਧ ਹੰਕਾਰ ਕਰੇ,
ਸ਼ਿਵ ਸੁੰਦਰ ਵਰਦਾਨ ਬਣਾਉਂਦੀ ਹੈ ਸਾੜ੍ਹੀ।
ਦਕਸ਼ ਪ੍ਰਜਾਪਤੀ ਯਗ ਚੋਂ ਸ਼ਿਵ ਨੂੰ ਦੂਰ ਕਰੇ।
ਅਗਨੀ ਨੂੰ ਅਹਿਸਾਨ ਬਣਾਉਂਦੀ ਹੈ ਸਾੜ੍ਹੀ।
ਅੰਗਾਂ ਦੀ ਸੁੰਦਰ ਪਰਿਭਾਸ਼ਾ ਵਿਚ ਜੋਤ ਜਗੇ,
ਕੁਦਰਤ ਦੇ ਵਿਚ ਦਾਨ ਬਣਾਉਂਦੀ ਹੈ ਸਾੜ੍ਹੀ।
'ਬਾਲਮ' ਸ਼ਿਸ਼ਟਾਚਾਰ 'ਚ ਚੰਨ ਸਿਤਾਰੇ ਨੇ,
ਨਾਰੀਸ਼ਵਰ 'ਚ ਸ਼ਾਨ ਬਣਾਉਂਦੀ ਹੈ ਸਾੜ੍ਹੀ।

ਬਲਵਿੰਦਰ ਬਾਲਮ ਗੁਰਦਾਸਪੁਰ
98156-25409

## ਆਮ ਇਜਲਾਸ

ਸੱਚ ਨੂੰ ਝੂਠ ਦਬਾਉਣ ਪੈਂਦਾਂ
ਸੱਚ ਸੁਣਨਾ ਬਹੁਤ ਔਖਾ ਏ
ਮਾਇਕ ਦੀ ਆਵਾਜ ਬੰਦ ਕਰਨੀ ਸੌਖੀ
ਇਹਨਾਂ ਲੱਭ ਲਿਆ ਢੰਗ ਸੌਖਾ ਏ

ਜਿਹੜੇ ਕੰਮ ਲਈ ਤੁਸੀ ਹੋਏ ਇਕੱਠੇ
ਉਹ ਕੰਮ ਨਾਂ ਤੁਸਾਂ ਨੇ ਕਰਿਆ ਏ
ਸਾਰਾ ਸਿੱਖ ਜਗਤ ਤੁਹਾਨੂੰ ਦੇਖਦਾ ਸੀ
ਤੁਸੀਂ ਵਿੱਚੋਂ ਲਾਈਵ ਬੰਦ ਧਰਿਆ ਏ

ਉਚੇ ਤੇ ਸੁਚੇ ਕਿਰਦਾਰ ਵਾਲੀ ਸੰਸਥਾਂ
ਤੁਸੀਂ ਆਪਣਾ ਫਰਜ ਨਾਂ ਪਛਾਣਿਆ ਏ
ਧਰਮ ਹੁੰਦਾਂ ਸਿਆਸਤ ਤੋਂ ਉਪਰ
ਧਾਰਮਿਕ ਰੰਗ ਨਾਂ ਕਦੇ ਤੁਸੀ ਮਾਣਿਆ ਏ

ਸਿੱਖ ਜਗਤ ਵਿੱਚ ਤੁਹਾਡੇ ਪ੍ਰਤੀ ਹੈ ਰੋਸ ਭਾਰੀ
ਤੁਸੀ ਆਪਣਾ ਦਿਮਾਗ ਨਾਂ ਚਲਾਇਆ ਏ
ਸਾਰੇ ਸ਼ੋਸ਼ਲ ਮੀਡੀਆ ਤੇ ਨੁਮੈਂਦੇ ਬੋਲ ਰਹੇ ਨਾਂ
ਸਿੱਖ ਜਗਤ ਦੇ ਹਿਰਦਿਆ ਨੂੰ ਹਿਲਾਇਆ ਏ

ਗੁਰਚਰਨ ਸਿੰਘ ਧੰਜੂ

## ਗ਼ਜ਼ਲ

ਨਿੱਤ ਕੰਮ ਜੋ ਇੱਥੇ ਕਰਦੇ ਮੰਦੇ,
ਉਹ ਖੂਹ ਆਪਣੇ ਲਈ ਪੁੱਟਦੇ ਬੰਦੇ।
ਸ਼ੁੱਧ ਪਾਣੀ ਨਾ ਉਹਨਾਂ ਨੂੰ ਮਿਲਣਾ,
ਨਦੀਆਂ, ਨਾਲੇ ਜਿਨ੍ਹਾਂ ਕੀਤੇ ਗੰਦੇ।
ਨੇਤਾ ਲਾਰੇ ਲਾ ਮੁੜੀ ਜਾਂਦੇ,
ਮਜ਼ਦੂਰਾਂ ਦੀ ਆਰੀ ਦੇ ਦੰਦੇ।
ਮੂਰਖ ਦਿਸਦੇ ਉਹਨਾਂ ਨੂੰ ਬਾਕੀ,
ਖੁਦ ਨੂੰ ਸਿਆਣੇ ਸਮਝਣ 'ਦੇ ਬੰਦੇ'।
ਕੱਲਾ ਨਾਮ ਧਿਆ ਕੇ ਨਹੀਂ ਸਰਨਾ,
ਢਿੱਡ ਲਈ ਕਰਨੇ ਪੈਣੇ ਧੰਦੇ।
ਦਿਲ ਦਾ ਕੁਝ ਬੋਝ ਘਟਾ ਲਉ ਯਾਰੋ,
ਬੁੱਲ੍ਹਾਂ ਤੋਂ ਖੋਲ੍ਹ ਕੇ ਚੁੱਪ ਦੇ ਜੰਦੇ।
ਥੋੜ੍ਹੀ ਜਹੀ ਹਿੰਮਤ ਰੱਖਣੀ ਪੈਣੀ,
ਮੁੱਕ ਜਾਣੇ ਨੇ ਦਿਨ ਆਏ ਮੰਦੇ।

ਮਹਿੰਦਰ ਸਿੰਘ ਮਾਨ
ਸਲੋਹ ਰੋਡ
ਨੇੜੇ ਐਮ ਐਲ ਏ ਰਿਹਾਇਸ਼
ਨਵਾਂ ਸ਼ਹਿਰ-9915803554



## ਵਣ ਮਹੋਤਸਵ

ਕਦੇ ਰੁੱਖਾਂ ਕੋਲੋ ਪੁੱਛ ਤੇ ਸਹੀ,
ਉਹ ਕਿੰਦਾਂ ਜੂਨ ਹੰਢਾਉਂਦੇ ਨੇ।
ਕੁਝ ਬਿਨ ਪਾਣੀ ਤੋਂ ਸੁੱਕ ਚੱਲੇ,
ਕੁਝ ਆਰੀਆਂ ਹੇਠ ਜਿਉਂਦੇ ਨੇ।
ਕਈ ਅੱਗਾਂ ਲਾ ਕੇ ਸਾੜ ਦਿੱਤੇ,
ਕਈ ਜੜੀਂ ਤੇਲ ਵੀ ਪਾਉਂਦੇ ਨੇ।
ਕੁਝ ਨੂੰ ਜ਼ਹਿਰਾਂ ਨੇ ਮਾਰ ਦਿੱਤਾ,
ਕੁਝ ਲੋਆਂ ਵਿੱਚ ਕੁਮਲਾਉਂਦੇ ਨੇ।
ਸਾਰਾ ਸਾਲ ਨਾ ਲੈਂਦਾ ਸਾਰ ਕੋਈ,
ਉਂ ਵਣ ਮਹੋਤਸਵ ਮਨਾਉਂਦੇ ਨੇ।
ਉਹ ਸੁਰਖ਼ੀ ਬਣ ਅਖ਼ਬਾਰਾਂ ਦੀ,
ਤੇ ਫੋਟੋਆਂ ਰੋਜ਼ ਖਿਚਵਾਉਂਦੇ ਨੇ।
ਨਿਤ ਨਵੇਂ ਬੂਟੇ ਲਾ ਛੱਡ ਜਾਂਦੇ,
ਮੁੜ ਪਾਣੀ ਵੀ ਨਾ ਪਾਉਂਦੇ ਨੇ।
ਪੱਤੋ, ਰੁੱਖ ਵਿਚਾਰੇ ਕੀ ਕਰਨ,
ਉਹ ਆਪਣਾ ਆਪ ਗਵਾਉਂਦੇ ਨੇ।

ਹਰਪ੍ਰੀਤ ਪੱਤੋ
94658-21417

## ਗ਼ਜ਼ਲ

ਹੁਣ ਦੇਖੂਗੀ ਇਹ ਦੁਨੀਆ, ਸ਼ੌਕ ਜੰਨੂਨ ਮਿਰਾ।
ਲੜਨਾ ਅੱਗ ਹੱਥਾਂ ਵਿੱਚ ਲੈਕੇ ਹੈ ਫ਼ੰਨੂਨ ਮਿਰਾ।

ਖ਼ੁਦਾ ਤੋਂ ਮੰਗਿਆ ਤੈਨੂੰ ਕਰ ਕਰ ਕੇ ਦੁਆਵਾਂ ਮੈਂ,
ਤੂੰ ਬਣਿਆ ਦਿਲ ਦਾ ਮਹਿਰਮ ਚੈਨ ਸਕੂਨ ਮਿਰਾ।

ਨੱਤ-ਮਸਤਕ ਮੈਂ ਹੋਵਾਂ ਗੁਰੂਆਂ ਦੀ ਧਰਤੀ ਨੂੰ,
ਉਹਦੀ ਰਹਿਮਤ ਦਾ ਦਿਲ ਵੀ ਹੈ ਮਮਨੂਨ ਮਿਰਾ।

ਲੁੱਟਣ ਚੋਰ ਤੇ ਕੁੱਤੀ ਰਲ ਭੋਲੀ ਜਨਤਾ ਨੂੰ,
ਲੁੱਟਣ ਆਖਣ ਕੀ ਕਰਲੂਗਾ ਕਾਨੂੰਨ ਮਿਰਾ।

ਦੇਖ ਕੇ ਅੰਨਿਆਂ ਹੁੰਦਾ ਜੇ ਅੱਖਾਂ ਮੀਚ ਲਵਾਂ,
ਤਾਂ ਮੈਂ ਸਮਝੂੰਗੀ ਪਾਣੀ ਹੋ ਗਿਆ ਖ਼ੂਨ ਮਿਰਾ।

ਲੋਕੀਂ ਆਖਣ 'ਪ੍ਰੀਤ' ਨਿਮਾਣੀ ਆਕੜ ਕਰਦੀ ਐ,
ਜਦ ਕਿ ਅੰਦਰੋਂ ਬਾਹਰੋਂ ਇੱਕੋ ਹੈ ਮਜ਼ਮੂਨ ਮਿਰਾ।

ਪਰਮ 'ਪ੍ਰੀਤ' ਬਠਿੰਡਾ

# Dosanjh Family AUTO GROUP

Cadillac CHEVROLET INFINITI KIA NISSAN BUICK GMC

CHRYSLER Jeep DODGE RAM TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD